ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 23 | Issue 220| 25 to 31 March, 2026 | Ph.: (510) 240-5949 | Email: asrtimes@gmail.com



# ਇਰਾਨ ਯੁੱਧ ਨੇ ਖੜ੍ਹੇ ਕੀਤੇ ਕਈ ਸਵਾਲ

## ਜੰਗ ਦੀ ਅੱਗ 'ਤੇ ਸੇਕੀਆਂ ਜਾ ਰਹੀਆਂ ਨੇ ਸਿਆਸੀ ਤੇ ਆਰਥਿਕ ਰੋਟੀਆਂ

## ਅਮਰੀਕਾ ਨੇ ਯੁੱਧ ਦਾ ਹਊਆ ਦਿਖਾ ਕੇ ਕਈ ਦੇਸ਼ਾਂ ਨੂੰ ਵੇਚੇ ਅਰਬਾਂ ਡਾਲਰ ਦੇ ਹਥਿਆਰ

## ਰੂਸ ਨੇ ਵੀ ਮਹਿੰਗਾ ਕੀਤਾ ਆਪਣਾ 'ਕੱਚਾ ਤੇਲ'

**ਜਗਮੋਹਨ ਸਿੰਘ 'ਲੱਕੀ'**

**ਅਮਰੀਕਾ ਇਸ ਸਮੇਂ ਆਪਣੇ ਆਪ ਨੂੰ ਦੁਨੀਆ ਦਾ 'ਥਾਣੇਦਾਰ' ਸਮਝਦਾ ਹੈ। ਉਸ ਵੱਲੋਂ ਆਪਣੀ ਮਰਜ਼ੀ ਨਾਲ ਕਦੇ ਹੋਰਨਾਂ ਦੇਸ਼ਾਂ 'ਤੇ ਟੈਰਿਫ਼ ਬੰਬ ਸੁੱਟ ਦਿੱਤਾ ਜਾਂਦਾ ਅਤੇ ਕਦੇ ਜੰਗੀ ਹਥਿਆਰਾਂ ਨਾਲ ਵੱਡਾ ਹਮਲਾ ਕਰ ਦਿੱਤਾ ਜਾਂਦਾ ਹੈ। ਟਰੰਪ ਦੀ ਇੱਛਾ ਹੈ ਕਿ ਪੂਰਾ ਵਿਸ਼ਵ ਅਮਰੀਕਾ ਦੇ ਅਧੀਨ ਹੋਵੇ ਪਰ ਇਰਾਨ ਵੱਲੋਂ ਅਮਰੀਕਾ ਅੱਗੇ ਝੁਕਣ ਦੀ ਥਾਂ ਸਖ਼ਤ ਮੁਕਾਬਲਾ ਕਰਨ ਨਾਲ ਅਮਰੀਕਾ ਦੀ ਇੱਛਾ ਪੂਰੀ ਨਹੀਂ ਹੋ ਰਹੀ, ਜਿਸ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਤਿਲ ਮਿਲਾ ਰਹੇ ਹਨ ਅਤੇ ਹਰ ਹੀਲੇ ਇਰਾਨ ਨੂੰ ਤਬਾਹ ਕਰਨ ਦਾ ਯਤਨ ਕਰ ਰਹੇ ਹਨ। ਟਰੰਪ ਦੀ ਸੋਚ ਇਹ ਹੈ ਕਿ ਦੁਨੀਆ ਦੇ ਹਰ ਕੁਦਰਤੀ ਵਸੀਲੇ 'ਤੇ ਅਮਰੀਕਾ ਦਾ ਕਬਜ਼ਾ ਹੋਣਾ ਚਾਹੀਦਾ ਹੈ ਜੇ ਕਿਸੇ ਕਾਰਨ ਕੁਦਰਤੀ ਖਣਿਜਾਂ, ਕੱਚਾ ਤੇਲ ਅਤੇ ਕੁਦਰਤੀ ਸਰੋਤਾਂ 'ਤੇ ਅਮਰੀਕਾ ਦਾ ਕਬਜ਼ਾ ਨਹੀਂ ਹੁੰਦਾ ਤਾਂ ਉਹਨਾਂ ਸਰੋਤਾਂ ਨੂੰ 'ਜੰਗ ਦੀ ਭੱਠੀ' ਵਿੱਚ ਸੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।**

ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਇਸ ਸਮੇਂ ਪੂਰੇ ਵਿਸ਼ਵ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਜੰਗ ਦੌਰਾਨ ਜਿੱਥੇ ਇਰਾਨ ਨੇ ਸਖ਼ਤ ਮੁਕਾਬਲਾ ਕਰਕੇ ਅਮਰੀਕਾ ਦੇ ਕਈ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ, ਉਥੇ ਇਸ ਜੰਗ ਦੀ ਅੱਗ 'ਤੇ ਅਮਰੀਕਾ, ਰੂਸ ਅਤੇ ਹੋਰ ਦੇਸ਼ਾਂ ਵੱਲੋਂ ਸਿਆਸੀ ਅਤੇ ਆਰਥਿਕ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਖ਼ਬਰਾਂ ਆ ਰਹੀਆਂ ਹਨ ਕਿ ਇਰਾਨ ਨਾਲ ਜੰਗ ਚਲਦੀ ਹੋਣ ਦੇ ਦੌਰਾਨ ਅਮਰੀਕਾ ਨੇ ਇਜ਼ਰਾਇਲ ਨੂੰ ਅਰਬਾਂ ਡਾਲਰ ਦੇ ਹਥਿਆਰ ਵੇਚੇ ਹਨ। ਇੱਥੇ ਹੀ ਬੱਸ ਨਹੀਂ, ਅਮਰੀਕਾ ਵੱਲੋਂ ਜੰਗ ਦਾ ਹਊਆ ਦਿਖਾ ਕੇ ਆਪਣੇ ਮਿੱਤਰ ਖਾੜੀ ਦੇਸ਼ਾਂ ਅਤੇ ਹੋਰ ਮੁਲਕਾਂ ਨੂੰ ਵੀ ਵੱਡੀ ਮਾਤਰਾ ਵਿੱਚ ਆਪਣੇ ਹਥਿਆਰ ਵੇਚੇ ਗਏ ਹਨ, ਜਿਸ ਕਾਰਨ ਅਮਰੀਕਾ ਨੂੰ ਭਾਰੀ ਆਰਥਿਕ ਲਾਭ ਹੋਇਆ ਹੈ। ਅਮਰੀਕਾ ਵਿੱਚ ਹਥਿਆਰ ਬਣਾਉਣ ਦੇ ਵੱਡੀ ਗਿਣਤੀ ਕਾਰਖ਼ਾਨੇ ਹਨ ਅਤੇ ਅਮਰੀਕਾ ਦਾ ਹਥਿਆਰ ਉਦਯੋਗ ਉਥੋਂ ਦੀ ਸਰਕਾਰ ਦੀਆਂ ਨੀਤੀਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਕਾਰਨ ਅਮਰੀਕਾ ਸਰਕਾਰ ਅਕਸਰ ਇਸ ਹਥਿਆਰ ਉਦਯੋਗ ਦੇ ਪੱਖ ਵਿੱਚ ਵੱਡੇ ਫੈਸਲੇ ਕਰਦੀ ਹੈ ਤੇ ਨੀਤੀਆਂ ਬਣਾਉਂਦੀ ਹੈ। ਜਦੋਂ ਤੋਂ ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਹਮਲੇ ਕਰਕੇ ਜੰਗ ਸ਼ੁਰੂ ਕੀਤੀ ਗਈ ਹੈ, ਉਦੋਂ ਤੋਂ ਅਮਰੀਕਾ ਦੇ ਹਥਿਆਰ ਬਣਾਉਣ ਵਾਲੇ ਕਾਰਖ਼ਾਨਿਆਂ ਨੇ ਆਪਣਾ ਉਤਪਾਦਨ ਵਧਾ ਦਿੱਤਾ ਹੈ ਅਤੇ ਇਸ ਸਮੇਂ ਅਮਰੀਕਾ ਵੱਲੋਂ ਪੂਰੀ ਦੁਨੀਆ ਦੇ ਦੇਸ਼ਾਂ ਨੂੰ ਆਪਣੇ ਹਥਿਆਰ ਵੇਚੇ ਜਾ ਰਹੇ ਹਨ। ਜੰਗ ਦੌਰਾਨ ਰੂਸ ਵੀ ਪਿੱਛੇ ਨਹੀਂ ਰਿਹਾ। ਖਾੜੀ ਦੇਸ਼ਾਂ ਤੋਂ ਗੈਸ ਅਤੇ ਕੱਚੇ ਤੇਲ ਦੀ ਸਪਲਾਈ ਵਿੱਚ ਰੁਕਾਵਟ ਆਉਣ ਕਾਰਨ ਰੂਸ ਨੇ ਆਪਣੇ ਕੱਚੇ ਤੇਲ ਦੇ ਭਾਅ ਵਧਾ ਦਿੱਤੇ ਹਨ ਅਤੇ ਉਸ ਵੱਲੋਂ ਹੁਣ ਮਹਿੰਗੇ ਭਾਅ ਹੋਰਨਾਂ ਮੁਲਕਾਂ ਨੂੰ ਕੱਚਾ ਤੇਲ ਵੇਚ ਕੇ ਆਰਥਿਕ ਲਾਭ ਕਮਾਇਆ ਜਾ ਰਿਹਾ ਹੈ। ਇਰਾਨ ਜੰਗ ਨੇ ਕਈ ਵੱਡੇ ਸਵਾਲ ਖੜੇ ਕੀਤੇ ਹਨ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਕਿ ਕੀ ਆਪਣੇ ਆਰਥਿਕ ਲਾਭ ਲਈ ਦੂਜੇ ਦੇਸ਼ਾਂ ਦੇ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਜੰਗ ਬਹਾਨੇ ਮਾਰਿਆ ਜਾ ਸਕਦਾ ਹੈ? ਕੀ ਹਥਿਆਰ ਵੇਚ ਕੇ ਡਾਲਰ ਕਮਾਉਣ ਲਈ ਦੂਜੇ ਦੇਸ਼ਾਂ ਦੇ ਹਜ਼ਾਰਾਂ ਲੋਕਾਂ ਦੇ ਆਸ਼ਿਆਨੇ ਤਬਾਹ ਕੀਤੇ ਜਾ ਸਕਦੇ ਹਨ? ਕੀ ਦੂਜੇ ਦੇਸ਼ਾਂ ਦੇ ਕੁਦਰਤੀ ਸਰੋਤਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ ਜਾਇਜ਼ ਹੈ? ਕੀ ਅਸੀਂ ਮੁੜ ਧਾੜਵੀ ਯੁੱਗ ਵਿੱਚ ਵਾਪਸ ਤਾਂ ਨਹੀਂ ਜਾ ਰਹੇ? ਕੀ ਜੰਗ ਦੇ ਅੰਤਰਰਾਸ਼ਟਰੀ ਨਿਯਮ ਅਮਰੀਕਾ 'ਤੇ ਲਾਗੂ ਨਹੀਂ ਹੁੰਦੇ? ਯੂ.ਐਨ.ਓ. ਅਕਸਰ ਅਮਰੀਕਾ ਦੀਆਂ ਕਾਰਵਾਈਆਂ 'ਤੇ ਚੁੱਪ ਕਿਉਂ ਰਹਿੰਦਾ ਹੈ?



ਇਰਾਨ 'ਤੇ ਹਮਲੇ ਤੋਂ ਬਾਅਦ ਅਮਰੀਕਾ ਨੇ ਪਿਛਲੇ ਦਿਨੀਂ ਇਜ਼ਰਾਇਲ ਨੂੰ 151.8 ਮਿਲੀਅਨ ਡਾਲਰ (ਲਗਭਗ 1250 ਕਰੋੜ ਰੁਪਏ) ਦੇ ਹਥਿਆਰਾਂ ਨੂੰ ਵੇਚਿਆ ਹੈ। ਇਸ ਸੌਦੇ ਵਿੱਚ 12,000 ਬੀ.ਐਲ.ਯੂ.-110 (1,000 ਪੌਂਡ ਦੇ ਜਨਰਲ ਪਰਪਜ਼ ਬੰਬ) ਸ਼ਾਮਲ ਹਨ। ਇਸ ਤੋਂ ਬਾਅਦ ਅਮਰੀਕਾ ਨੇ ਯੂ.ਏ.ਈ., ਕੁਵੈਤ ਅਤੇ ਜਾਰਡਨ ਨੂੰ ਅਰਬਾਂ ਡਾਲਰ ਦੇ ਘਾਤਕ ਹਥਿਆਰ ਵੇਚੇ ਹਨ। ਲਗਭਗ 16 ਬਿਲੀਅਨ ਡਾਲਰ ਦੇ ਰੱਖਿਆ ਪੈਕੇਜ ਵਿੱਚ ਮਿਜ਼ਾਈਲ ਰੱਖਿਆ ਪ੍ਰਣਾਲੀਆਂ, ਖਤਰਨਾਕ ਰਾਡਾਰ ਅਤੇ ਹਵਾ ਵਿੱਚ ਡਰੋਨਾਂ ਨੂੰ ਤਬਾਹ ਕਰਨ ਦੀ ਤਕਨਾਲੋਜੀ ਸ਼ਾਮਲ ਹੈ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੂੰ ਇਸ ਪੂਰੇ ਰੱਖਿਆ ਸੌਦੇ ਦਾ ਸਭ ਤੋਂ ਵੱਡਾ ਹਿੱਸਾ ਮਿਲਿਆ ਹੈ। ਅਮਰੀਕਾ ਨੇ ਯੂ.ਏ.ਈ. ਨੂੰ ਲਗਭਗ 1.22 ਬਿਲੀਅਨ ਡਾਲਰ ਦੀ ਕੀਮਤ ਵਾਲੀ ਉੱਨਤ ਹਵਾ ਤੋਂ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੇਣ ਦਾ ਐਲਾਨ ਕੀਤਾ ਹੈ।

ਸਟਾਕਹੋਮ ਇੰਟਰਨੈਸ਼ਨਲ ਦੇ ਅਨੁਸਾਰ, ਹਥਿਆਰਾਂ ਦੀ ਵਿਕਰੀ ਕਰਨ ਵਿੱਚ ਅਮਰੀਕਾ ਦੁਨੀਆ ਵਿੱਚ ਸਭ ਤੋਂ ਅੱਗੇ ਹੈ। ਵਿਸ਼ਵ ਦੇ 99 ਦੇਸ਼ਾਂ ਨੂੰ ਅਮਰੀਕਾ ਆਪਣੇ ਹਥਿਆਰ ਵੇਚਦਾ ਹੈ। ਆਪਣੇ ਆਪ ਨੂੰ ਵਿਸ਼ਵ ਸ਼ਾਂਤੀ ਦਾ ਰਖਵਾਲਾ ਹੋਣ ਦਾ ਦਾਅਵਾ ਕਰਨ ਵਾਲਾ ਸੰਯੁਕਤ ਰਾਜ ਅਮਰੀਕਾ ਦੁਨੀਆ ਨੂੰ ਹਥਿਆਰਾਂ ਦਾ ਨਿਰਵਿਵਾਦ ਨੰਬਰ ਇੱਕ ਸਪਲਾਇਰ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਇੱਕ ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2024 (1 ਅਕਤੂਬਰ, 2023 ਤੋਂ 30 ਸਤੰਬਰ, 2024) ਵਿੱਚ, ਅਮਰੀਕਾ ਨੇ ਹਥਿਆਰਾਂ ਅਤੇ ਰੱਖਿਆ ਸੌਦਿਆਂ ਵਿੱਚ ਲਗਭਗ 318.7 ਡਾਲਰ ਬਿਲੀਅਨ (ਲਗਭਗ 27.57 ਲੱਖ ਕਰੋੜ ਰੁਪਏ) ਕਮਾਏ। ਇਸ ਵਿੱਚੋਂ, ਅਮਰੀਕੀ ਕੰਪਨੀਆਂ ਨੇ ਹਥਿਆਰਾਂ ਦੀ ਵਿਕਰੀ ਵਿੱਚ 200.8 ਬਿਲੀਅਨ ਡਾਲਰ (ਲਗਭਗ 17.37 ਲੱਖ ਕਰੋੜ ਰੁਪਏ) ਕਮਾਏ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਵਿਸ਼ਵ ਹਥਿਆਰਾਂ ਦੇ ਵਪਾਰ ਵਿੱਚ ਅਮਰੀਕਾ ਦਾ ਦਬਦਬਾ ਵਧਿਆ ਹੈ, ਜੋ ਰੂਸ ਨੂੰ ਪਛਾੜ ਗਿਆ ਹੈ।




ਵਿਸ਼ਵ ਦੇ ਵੱਡੀ ਗਿਣਤੀ ਦੇਸ਼ ਇਸ ਗੱਲ ਤੋਂ ਹੈਰਾਨ ਹਨ ਕਿ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ 'ਤੇ ਕੀਤੇ ਗਏ ਹਮਲੇ ਦਾ ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ. ਵੱਲੋਂ ਉਸ ਪੱਧਰ 'ਤੇ ਵਿਰੋਧ ਨਹੀਂ ਕੀਤਾ ਗਿਆ, ਜਿਸ ਦੀ ਉਸ ਤੋਂ ਆਸ ਕੀਤੀ ਜਾ ਰਹੀ ਸੀ। ਦਿਨੋਂ ਦਿਨ ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ ਦੀ ਘੱਟ ਰਹੀ ਸ਼ਕਤੀ ਅਤੇ ਉਸ ਦਾ ਅਸਰਹੀਣ ਹੋਣਾ ਚਿੰਤਾ ਵਿੱਚ ਪਾ ਰਿਹਾ ਹੈ। ਅਮਰੀਕਾ ਤਾਂ ਇਹ ਸਮਝਦਾ ਹੈ ਕਿ ਉਸ ਉੱਪਰ ਯੂ.ਐਨ.ਓ. ਦੇ ਕੋਈ ਵੀ ਕਾਨੂੰਨ ਤੇ ਨਿਯਮ ਲਾਗੂ ਨਹੀਂ ਹੁੰਦੇ, ਇਸ ਕਰਕੇ ਉਹ ਜਦੋਂ ਚਾਹੇ ਕਿਸੇ ਵੀ ਦੇਸ਼ 'ਤੇ ਹਮਲਾ ਕਰ ਸਕਦਾ ਹੈ ਤੇ ਉਸ ਦੇਸ਼ ਨੂੰ ਆਪਣੇ ਕਬਜ਼ੇ ਵਿੱਚ ਕਰ ਸਕਦਾ ਹੈ।

ਸੰਯੁਕਤ ਰਾਸ਼ਟਰ ਦੀ ਸਥਾਪਨਾ ਦਾ ਮੁੱਖ ਉਦੇਸ਼ ਜੰਗਾਂ ਨੂੰ ਰੋਕਣਾ ਸੀ। ਹਾਲਾਂ ਕਿ, ਇਸ ਨੇ ਨਾ ਤਾਂ 'ਸ਼ੀਤ ਯੁੱਧ' ਨੂੰ ਰੋਕਿਆ ਅਤੇ ਨਾ ਹੀ ਇਹ ਮੌਜੂਦਾ ਟਕਰਾਵਾਂ ਨੂੰ ਰੋਕਣ ਦੇ ਯੋਗ ਹੈ। ਤਤਕਾਲੀ ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ 1991 ਦੀ ਖਾੜੀ ਜੰਗ ਲਈ ਸੰਯੁਕਤ ਰਾਸ਼ਟਰ ਦੇ ਮਤਿਆਂ ਨੂੰ ਬਹਾਨੇ ਵਜੋਂ ਵਰਤਿਆ। 2001 ਵਿੱਚ, ਜਾਰਜ ਬੁਸ਼ ਦੇ ਪੁੱਤਰ, ਜਾਰਜ ਬੁਸ਼ ਜੂਨੀਅਰ ਅਤੇ ਤਤਕਾਲੀ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਵੀ ਇਰਾਕ ਅਤੇ ਅਫ਼ਗਾਨਿਸਤਾਨ 'ਤੇ ਹਮਲਾ ਕਰਨ ਲਈ ਸੰਯੁਕਤ ਰਾਸ਼ਟਰ ਦੇ ਮਤਿਆਂ ਅਤੇ ਇਸ ਦੇ ਫ਼ੌਜੀ ਸਮਰਥਨ ਦੀ ਵਰਤੋਂ ਕੀਤੀ। ਭਾਵੇਂ ਇਹ 1994 ਦੀ ਰਵਾਂਡਾ ਨਸਲਕੁਸ਼ੀ ਸੀ, ਦੱਖਣੀ ਸੁਡਾਨ ਵਿੱਚ 2011 ਦੀ ਘਰੇਲੂ ਜੰਗ ਸੀ, ਸਰਬ ਫੌਜ ਦੁਆਰਾ 1995 ਵਿੱਚ ਬੋਸਨੀਆ ਦੀ ਨਸਲਕੁਸ਼ੀ ਸੀ, ਜਾਂ 2010 ਵਿੱਚ ਮੱਧ ਏਸ਼ੀਆ ਵਿੱਚ ਅਖੌਤੀ ਅਰਬ ਬਸੰਤ ਦੀ ਆੜ ਵਿੱਚ ਹਿੰਸਾ ਸੀ, ਸੰਯੁਕਤ ਰਾਸ਼ਟਰ ਦੀਆਂ ਕਾਰਵਾਈਆਂ ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਰੋਕਣ ਵਿੱਚ ਅਸਫਲ ਰਹੀਆਂ। ਹੁਣ ਸੰਯੁਕਤ ਰਾਸ਼ਟਰ ਸੰਘ ਅਮਰੀਕਾ-ਇਜ਼ਰਾਇਲ ਅਤੇ ਇਰਾਨ ਜੰਗ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਿਹਾ ਹੈ, ਜਿਸ ਕਾਰਨ ਇਸ ਦੀ ਭੂਮਿਕਾ 'ਤੇ ਪੂਰੇ ਵਿਸ਼ਵ ਵਿੱਚ ਸਵਾਲ ਉੱਠ ਰਹੇ ਹਨ।

ਵੱਡੇ ਦੁੱਖ ਦੀ ਗੱਲ ਹੈ ਕਿ ਅਮਰੀਕਾ ਵੱਲੋਂ ਆਪਣੇ ਹਥਿਆਰ ਵੇਚਣ ਅਤੇ ਹੋਰਨਾਂ ਮੁਲਕਾਂ ਦੇ ਕੁਦਰਤੀ ਸੋਮਿਆਂ 'ਤੇ ਕਬਜ਼ਾ ਕਰਨ ਲਈ 'ਜੰਗ' ਦਾ ਸਹਾਰਾ ਲਿਆ ਜਾ ਰਿਹਾ ਹੈ। ਪਰ ਸਵਾਲ ਇਹ ਵੀ ਉੱਠਦਾ ਹੈ ਕਿ ਆਪਣੀ ਹਊਮੈਂ ਨੂੰ ਪੱਠੇ ਪਾਉਣ ਲਈ ਅਮਰੀਕਾ ਵੱਲੋਂ ਇਰਾਨ 'ਤੇ ਹਮਲਾ ਕਰਨਾ ਕਿੰਨਾ ਕੁ ਜਾਇਜ਼ ਹੈ? ਇੱਥੇ ਵੱਡਾ ਸਵਾਲ ਇਹ ਵੀ ਖੜ੍ਹਾ ਹੁੰਦਾ ਹੈ ਕਿ ਇਰਾਨ ਜੰਗ ਨੇ ਜੋ ਸਵਾਲ ਖੜੇ ਕੀਤੇ ਹਨ, ਕੀ ਕੋਈ ਇਹਨਾਂ ਸਵਾਲਾਂ ਦਾ ਜਵਾਬ ਦੇਵੇਗਾ ਜਾਂ ਇਹ ਸਵਾਲ ਵੀ 'ਸਮੇਂ ਦੀ ਧੂੜ' ਵਿੱਚ ਉੱਡ- ਪੁੱਡ ਜਾਣਗੇ?

**ਡੀ.ਐਮ. ਗਗਨਦੀਪ ਸਿੰਘ ਰੰਧਾਵਾ ਖ਼ੁਦਕੁਸ਼ੀ ਮਾਮਲਾ**

# ਅਦਾਲਤ ਨੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਪੰਜ ਦਿਨਾਂ ਪੁਲਿਸ ਰਿਮਾਂਡ 'ਤੇ ਭੇਜਿਆ

ਅੰਮ੍ਰਿਤਸਰ/ ਏ.ਟੀ.ਨਿਊਜ਼: ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਇੱਥੇ ਪੁਲਿਸ ਵੱਲੋਂ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਮਾਣਯੋਗ ਅਦਾਲਤ ਨੇ ਉਸ ਨੂੰ ਪੰਜ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਉਸ ਨੂੰ ਕੱਲ੍ਹ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੌਰਾਨ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਜਿਨ੍ਹਾਂ ਕੋਈ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਸੀ, ਦਾ ਪਿਛਲੇ ਦਿਨੀਂ ਸ਼ਾਮ ਨੂੰ ਸਸਕਾਰ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕਾਰਜਕਾਰੀ ਮੈਜਿਸਟ੍ਰੇਟ ਦੀ ਨਿਗਰਾਨੀ ਹੇਠ ਮ੍ਰਿਤਕ ਦਾ ਪੋਸਟਮਾਰਟਮ ਕੀਤਾ ਗਿਆ।

ਵੇਰਵਿਆਂ ਮੁਤਾਬਕ ਪੁਲਿਸ ਵੱਲੋਂ ਸ਼ਾਮ ਨੂੰ ਲਾਲਜੀਤ ਸਿੰਘ ਭੁੱਲਰ ਨੂੰ ਇੱਥੇ ਅਦਾਲਤ ਵਿੱਚ ਪੇਸ਼ ਕਰਨ ਲਈ ਲਿਆਂਦਾ ਗਿਆ ਜਿੱਥੇ ਮਾਮਲੇ ਸਬੰਧੀ ਪੁੱਛ-ਪੜਤਾਲ ਲਈ ਉਸ ਦਾ ਸੱਤ ਦਿਨਾਂ ਦਾ ਪੁਲਿਸ ਰਿਮਾਂਡ ਮੰਗਿਆ ਗਿਆ। ਅਦਾਲਤ ਵੱਲੋਂ ਦੋਵਾਂ ਧਿਰਾਂ ਦੇ ਵਕੀਲਾਂ ਦਾ ਪੱਖ ਸੁਣਨ ਤੋਂ ਬਾਅਦ ਪੰਜ ਦਿਨ ਦਾ ਰਿਮਾਂਡ ਦਿੱਤਾ ਗਿਆ। ਇਸ ਮੌਕੇ ਪੁਲਿਸ ਵੱਲੋਂ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਮੀਡੀਆ ਨੂੰ ਵੀ ਦੂਰ ਰੱਖਣ ਦਾ ਯਤਨ ਕੀਤਾ ਗਿਆ। ਭੁੱਲਰ ਦੇ ਹਮਾਇਤੀ ਵੀ ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੇ ਹੋਏ ਸਨ ਜਿਨ੍ਹਾਂ ਉਸ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ।

ਮਿਲੀ ਜਾਣਕਾਰੀ ਮੁਤਾਬਕ ਪੁਲਿਸ ਵੱਲੋਂ ਰਿਮਾਂਡ ਮੰਗਣ ਸਮੇਂ ਵੱਖ-ਵੱਖ ਸਬੂਤਾਂ ਦੀ ਬਰਾਮਦਗੀ ਦੀ ਦਲੀਲ ਦਿੱਤੀ ਗਈ।

**ਪਰਿਵਾਰ ਵੱਲੋਂ ਸੀ.ਬੀ.ਆਈ. ਜਾਂਚ ਦੀ ਮੰਗ**



ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ, ਜਿਨ੍ਹਾਂ ਨੇ ਪਿਛਲੇ ਦਿਨੀਂ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ ਸੀ, ਦੇ ਪਰਿਵਾਰ ਵੱਲੋਂ ਮਾਮਲੇ ਦੀ ਸੀ.ਬੀ.ਆਈ. ਜਾਂਚ ਅਤੇ ਸੁਰੱਖਿਆ ਮੁਹੱਈਆ ਕਰਾਉਣ ਦੀ ਮੰਗ ਕੀਤੀ ਗਈ ਹੈ। ਮ੍ਰਿਤਕ ਦੇਹ ਦਾ ਸਸਕਾਰ ਹੋਣ ਮਗਰੋਂ ਗਗਨਦੀਪ ਸਿੰਘ ਰੰਧਾਵਾ ਦੇ ਭਰਾ ਵਰਿੰਦਰਪਾਲ ਸਿੰਘ ਨੇ ਮੀਡੀਆ ਨੂੰ ਆਖਿਆ ਕਿ ਪਰਿਵਾਰ ਦੀ ਮੰਗ ਹੈ ਕਿ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਕੀਤੀ ਜਾਵੇ। ਉਨ੍ਹਾਂ ਪੰਜਾਬ ਦੇ ਸਮੂਹ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਲਿਖਤੀ ਰੂਪ ਵਿੱਚ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਸੌਂਪਣ। ਉਨ੍ਹਾਂ ਆਖਿਆ ਕਿ ਪਰਿਵਾਰ ਨੂੰ ਇਸ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਤੇ ਭਰੋਸਾ ਨਹੀਂ ਹੈ ਕਿਉਂਕਿ ਹੁਣ ਤੱਕ ਇਸ ਮਾਮਲੇ ਵਿੱਚ ਐੱਫ.ਆਈ.ਆਰ. ਦਰਜ ਕਰਵਾਉਣ ਤੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਵੀ ਵੱਡੇ ਪੱਧਰ 'ਤੇ ਜੱਦੋਜਹਿਦ ਕਰਨੀ ਪਈ ਹੈ। ਇਸ ਦੌਰਾਨ ਸਸਕਾਰ ਸਮੇਂ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਵੀ ਕਾਂਗਰਸ ਆਗੂ ਪੁੱਜੇ ਹੋਏ ਸਨ।

## ਖ਼ੁਦਕੁਸ਼ੀ ਮਾਮਲੇ ਦੀ ਜਾਂਚ ਸਹੀ ਢੰਗ ਨਾਲ ਹੋਵੇਗੀ : ਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੇ ਖ਼ੁਦਕੁਸ਼ੀ ਮਾਮਲੇ ਦੀ ਜਾਂਚ 'ਚ ਕੇਂਦਰ ਦੇ ਦਖ਼ਲ ਦੀ ਮੰਗ ਖ਼ਾਰਜ ਕਰ ਦਿੱਤੀ। ਵਿਰੋਧੀ ਧਿਰਾਂ ਤਰਫ਼ੋਂ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਜੁੜੇ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੀ ਮੰਗ ਕੀਤੀ ਗਈ ਸੀ। ਪੀੜਤ ਪਰਿਵਾਰ ਵੀ ਸੀ.ਬੀ.ਆਈ. ਦੀ ਜਾਂਚ 'ਤੇ ਅੜਿਆ ਹੋਇਆ ਹੈ। ਉਨ੍ਹਾਂ ਗਗਨਦੀਪ ਸਿੰਘ ਰੰਧਾਵਾ ਦੇ ਪਰਿਵਾਰ ਨਾਲ ਖੜ੍ਹਨ ਦੀ ਗੱਲ



ਕਰਦਿਆਂ ਕਿਹਾ ਕਿ ਸਰਕਾਰ ਨੂੰ ਹਰ ਜਾਨ ਦੀ ਕਦਰ ਹੈ ਅਤੇ ਕਾਰਵਾਈ ਕਰਨਾ ਸਰਕਾਰ ਦਾ ਫ਼ਰਜ਼ ਹੈ।

ਬੀਤੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਸੰਸਦ ਮੈਂਬਰਾਂ ਵੱਲੋਂ ਲਿਖਤੀ ਦਰਖ਼ਾਸਤ ਦਿੱਤੇ ਜਾਣ ਦੀ ਸੂਰਤ 'ਚ ਖ਼ੁਦਕੁਸ਼ੀ ਕੇਸ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਦਾ ਭਰੋਸਾ ਦਿੱਤਾ ਸੀ। ਮੁੱਖ ਮੰਤਰੀ ਨੇ ਅੱਜ ਕਿਹਾ ਕਿ ਪੰਜਾਬ ਪੁਲਿਸ ਖ਼ੁਦਕੁਸ਼ੀ ਕੇਸ ਦੀ ਜਾਂਚ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਉਨ੍ਹਾਂ ਪੰਜਾਬ ਪੁਲਿਸ 'ਤੇ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਮਾਮਲੇ ਦੀ ਜਾਂਚ ਸਹੀ ਢੰਗ ਨਾਲ ਹੋਵੇਗੀ। ਸਾਬਕਾ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਬਾਕੀਆਂ ਨੂੰ ਵੀ ਜਲਦੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਸਕੱਤਰ ਦੀ ਅਗਵਾਈ ਵਾਲੀ ਉੱਚ ਤਾਕਤੀ ਕਮੇਟੀ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾਵੇਗੀ ਅਤੇ ਜੇ ਇਸ ਕੇਸ 'ਚ (ਬਾਕੀ ਸਫ਼ਾ 26 'ਤੇ)

## ਪਟਿਆਲਾ ਪੁਲਿਸ ਵੱਲੋਂ ਵਿਧਾਇਕ ਪਠਾਣਮਾਜਰਾ ਗ੍ਰਿਫ਼ਤਾਰ



ਚੰਡੀਗੜ੍ਹ/ ਏ.ਟੀ.ਨਿਊਜ਼: ਪੰਜਾਬ ਦੀ ਸਿਆਸਤ ਵਿੱਚ ਉਸ ਵੇਲੇ ਭੂਚਾਲ ਆ ਗਿਆ ਜਦੋਂ ਪਿਛਲੇ ਛੇ ਮਹੀਨਿਆਂ ਤੋਂ ਪੁਲਿਸ ਨੂੰ ਚਕਮਾ ਦੇ ਰਹੇ ਜ਼ਬਰ-ਜਨਾਹ ਦੇ ਮੁਲਜ਼ਮ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਆਖਰਕਾਰ ਪਟਿਆਲਾ ਪੁਲਿਸ ਨੇ ਦਬੋਚ ਲਿਆ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਪਠਾਣਮਾਜਰਾ 'ਤੇ ਜ਼ਬਰ-ਜਨਾਹ, ਧੋਖਾਧੜੀ ਅਤੇ ਡਰਾਉਣ-ਧਮਕਾਉਣ ਵਰਗੇ ਗੰਭੀਰ ਇਲਜ਼ਾਮ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ 2 ਸਤੰਬਰ ਤੋਂ ਫਰਾਰ ਚੱਲ ਰਹੇ ਇਸ ਵਿਧਾਇਕ ਖਿਲਾਫ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਬੁਲਾਰੇ ਅਨੁਸਾਰ, ਕਾਨੂੰਨ ਤੋਂ ਬਚਣ ਦੀ ਹਰ ਕੋਸ਼ਿਸ਼ ਹੁਣ ਨਾਕਾਮ ਸਾਬਤ ਹੋਈ ਹੈ ਅਤੇ ਮੁਲਜ਼ਮ ਨੂੰ ਜਲਦ ਹੀ ਅਦਾਲਤ ਵਿੱਚ ਪੇਸ਼ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ, ਕਿਉਂਕਿ ਪਿਛਲੇ 48 ਘੰਟਿਆਂ ਅੰਦਰ ਜੇਲ੍ਹ ਜਾਣ ਵਾਲੇ ਇਹ ਦੂਜੇ ਵਿਧਾਇਕ ਹਨ। ਇਸ ਤੋਂ ਪਹਿਲਾਂ ਪਿਛਲੇ ਦਿਨੀਂ ਸਾਬਕਾ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਲਗਾਤਾਰ ਹੋ ਰਹੀਆਂ ਇਹਨਾਂ ਗ੍ਰਿਫ਼ਤਾਰੀਆਂ ਨੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਤੇਜ਼ ਕਰ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਕਾਰਵਾਈ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਕਦਮ ਹੈ ਅਤੇ ਇਹ ਸਪੱਸ਼ਟ ਸੁਨੇਹਾ ਹੈ ਕਿ ਕਾਨੂੰਨ ਦੇ ਲੰਬੇ ਹੱਥਾਂ ਤੋਂ ਕੋਈ ਵੀ ਬਚ ਨਹੀਂ ਸਕਦਾ, ਚਾਹੇ ਉਹ ਕਿੰਨੇ ਵੀ ਉੱਚੇ ਅਹੁਦੇ 'ਤੇ ਕਿਉਂ ਨਾ ਹੋਵੇ।

ਸੂਤਰਾਂ ਮੁਤਾਬਕ ਪਟਿਆਲਾ ਪੁਲੀਸ ਨੇ ਇੱਕ ਬੇਹੱਦ ਰੋਮਾਂਚਕ ਅਤੇ ਗੁਪਤ ਅਪਰੇਸ਼ਨ ਰਾਹੀਂ ਹਰਮੀਤ ਪਠਾਣਮਾਜਰਾ ਨੂੰ ਪਟਿਆਲਾ ਨੇੜਿਓਂ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਅਤੇ ਲੁਕਆਊਟ ਨੋਟਿਸ ਜਾਰੀ ਹੋਣ ਕਰਕੇ ਉਹ ਵਾਇਆ ਨੇਪਾਲ ਤੋਂ ਭਾਰਤ ਦਾਖ਼ਲ ਹੋਇਆ। ਸੂਤਰਾਂ ਵੱਲੋਂ ਇਹ ਵੀ ਦੱਸਿਆ ਗਿਆ ਹੈ ਕਿ ਉਸਨੇ ਖ਼ੁਦ ਆਪਣੀ ਗ੍ਰਿਫ਼ਤਾਰੀ ਦੀ ਪੇਸ਼ਕਸ਼ ਕੀਤੀ।

ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਐਸ.ਪੀ. ਵੈਭਵ ਚੌਧਰੀ ਦੀ ਅਗਵਾਈ ਹੇਠ ਪਿਛਲੇ 48 ਘੰਟਿਆਂ ਤੋਂ ਚੱਲੀ ਇੱਕ ਸਟੀਕ ਯੋਜਨਾਬੰਦੀ ਨੇ ਇਸ ਗ੍ਰਿਫਤਾਰੀ ਨੂੰ ਸੰਭਵ ਬਣਾਇਆ। ਹਾਲਾਂਕਿ ਪਠਾਣਮਾਜਰਾ ਦੀ ਭਾਲ ਵਿੱਚ ਪੁਲਿਸ ਦੀਆਂ 6 ਟੀਮਾਂ ਦੇਸ਼ ਦੇ 7 ਸੂਬਿਆਂ ਵਿੱਚ ਛਾਪੇਮਾਰੀ ਕਰ ਰਹੀਆਂ ਸਨ, ਪਰ ਉਹ ਲਗਾਤਾਰ ਪੁਲਿਸ ਨੂੰ ਚਕਮਾ ਦੇ ਰਿਹਾ ਸੀ। ਆਮ ਆਦਮੀ ਪਾਰਟੀ ਦੇ ਸੀਨੀਅਰ ਦਿੱਲੀ ਆਗੂਆਂ ਖ਼ਿਲਾਫ਼ ਦਿੱਤੇ ਬਿਆਨਾਂ ਤੋਂ ਬਾਅਦ ਉਸ ਦੀ ਗ੍ਰਿਫ਼ਤਾਰੀ ਪੰਜਾਬ ਪੁਲਿਸ ਲਈ ਇੱਕ ਵੱਡੀ ਚੁਣੌਤੀ ਬਣੀ ਹੋਈ ਸੀ।

## ਭਾਈ ਦਵਿੰਦਰਪਾਲ ਸਿੰਘ ਭੁੱਲਰ ਨੂੰ ਸਦਮਾ, ਭਰਾ ਦਾ ਦੇਹਾਂਤ



ਕੈਲੀਫ਼ੋਰਨੀਆ/ਏ.ਟੀ.ਨਿਊਜ਼: ਤਿੰਨ ਦਹਾਕਿਆਂ ਤੋਂ ਜੇਲ੍ਹ ਅੰਦਰ ਨਜ਼ਰਬੰਦ ਭਾਈ ਦਵਿੰਦਰਪਾਲ ਸਿੰਘ ਭੁੱਲਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਭਰਾ ਸ. ਤੇਜਿੰਦਰ ਸਿੰਘ ਭੁੱਲਰ ਦਾ ਦੇਹਾਂਤ ਹੋ ਗਿਆ। ਸ. ਤੇਜਿੰਦਰ ਸਿੰਘ ਭੁੱਲਰ ਅਮਰੀਕਾ ਦੇ ਕੈਲੀਫ਼ੋਰਨੀਆ ਵਿਖੇ ਰਹਿੰਦੇ ਸਨ, ਜਿੱਥੇ ਕਿ ਉਹਨਾਂ ਦਾ ਦੇਹਾਂਤ ਹੋ ਗਿਆ।

ਸ. ਤੇਜਿੰਦਰ ਸਿੰਘ ਭੁੱਲਰ ਦਾ ਅੰਤਮ ਸਸਕਾਰ 29 ਮਾਰਚ ਨੂੰ ਯੁਬਾ ਸਿਟੀ ਵਿਖੇ ਕੀਤਾ ਜਾਵੇਗਾ। ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਨਾਨਕ ਸਿੱਖ ਟੈਂਪਲ ਯੁਬਾ ਸਿਟੀ ਕੈਲੀਫੋਰਨੀਆ ਵਿਖੇ ਹੋਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾ ਸ. ਤੇਜਿੰਦਰ ਸਿੰਘ ਭੁੱਲਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮੀ ਯੋਧੇ ਭਾਈ ਦਵਿੰਦਰਪਾਲ ਸਿੰਘ ਦਾ ਸਿੱਖ ਪੰਥ ਅੰਦਰ ਵੱਡਾ ਸਤਿਕਾਰ ਹੈ ਅਤੇ ਉਨ੍ਹਾਂ ਦੇ ਭਰਾ ਸ. ਤੇਜਿੰਦਰ ਸਿੰਘ ਭੁੱਲਰ ਦੇ ਅਮਰੀਕਾ ਅੰਦਰ ਅਕਾਲ ਚਲਾਣਾ ਕਰ ਜਾਣ ਨਾਲ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਕੌਮੀ ਸੰਘਰਸ਼ ਨੂੰ ਸਮਰਪਿਤ ਇਸ ਪਰਿਵਾਰ ਦੇ ਜੀਅ ਦਾ ਤੁਰ ਜਾਣਾ ਪੰਥ ਲਈ ਵੀ ਉਨ੍ਹਾਂ ਹੀ ਦੁਖਦਾਈ ਹੈ ਜਿਨ੍ਹਾਂ ਕਿ ਉਨ੍ਹਾਂ ਦੇ ਪਰਿਵਾਰ ਲਈ। ਉਨ੍ਹਾਂ ਭਾਈ ਦਵਿੰਦਰਪਾਲ ਸਿੰਘ ਭੁੱਲਰ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰਨ।

# ਇਰਾਨ-ਇਜ਼ਰਾਇਲ ਜੰਗ ਕਾਰਨ ਕੈਨੇਡਾ ਜਾਣ ਵਾਲੇ ਪੰਜਾਬੀਆਂ ਲਈ ਕਿਉਂ ਖੜ੍ਹੀ ਹੋਈ ਵੱਡੀ ਮੁਸੀਬਤ ?

### ਕੈਨੇਡਾ ਦੀਆਂ ਟਿਕਟਾਂ ਦੀ ਕੀਮਤ 3 ਲੱਖ ਤੋਂ ਪਾਰ, ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ!

### ਯੂਰੋਪ ਰਾਹੀਂ ਕੈਨੇਡਾ ਜਾਣ ਲਈ ਮਜਬੂਰ ਪੰਜਾਬੀ, ਲੇਅਓਵਰ ਤੇ ਖ਼ਰਚਾ ਦੋਵੇਂ ਵਧੇ



ਮਿਡਲ ਈਸਟ ਵਿੱਚ ਚੱਲ ਰਹੀ ਇਰਾਨ-ਇਜ਼ਰਾਇਲ ਜੰਗ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ 'ਤੇ ਪੈ ਰਿਹਾ ਹੈ। ਹੁਣ ਪੰਜਾਬ ਵਿੱਚ ਵੀ ਇਸ ਦਾ ਅਸਰ ਮਹਿਸੂਸ ਕੀਤਾ ਜਾ ਰਿਹਾ ਹੈ। ਖ਼ਾਸ ਕਰ ਕੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ, ਵਰਕ ਪਰਮਿਟ ਧਾਰਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰ ਸਾਲ ਪੰਜਾਬ ਦੇ ਦੋਆਬਾ ਖੇਤਰ ਦੇ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ ਪੜ੍ਹਾਈ ਅਤੇ ਨੌਕਰੀਆਂ ਲਈ ਕੈਨੇਡਾ ਜਾਂਦੇ ਹਨ, ਪਰ ਮੌਜੂਦਾ ਹਾਲਾਤ ਵਿੱਚ ਉਨ੍ਹਾਂ ਦਾ ਸਫ਼ਰ ਪਹਿਲਾਂ ਨਾਲੋਂ ਮਹਿੰਗਾ ਅਤੇ ਲੰਬਾ ਹੋ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦਾ ਅਸਰ ਪੰਜਾਬ ਭਰ ਦੇ ਉਨ੍ਹਾਂ ਪਰਿਵਾਰਾਂ 'ਤੇ ਪੈ ਰਿਹਾ ਹੈ ਜਿਨ੍ਹਾਂ ਦੇ ਬੱਚੇ ਪੜ੍ਹਾਈ ਜਾਂ ਕੰਮ ਲਈ ਕੈਨੇਡਾ ਜਾਂਦੇ ਹਨ। 28 ਫ਼ਰਵਰੀ, 2026 ਤੋਂ ਮਿਡਲ ਈਸਟ ਵਿੱਚ ਵਧੇ ਤਣਾਅ ਨੇ ਵਿਸ਼ਵ ਹਵਾਬਾਜ਼ੀ ਖੇਤਰ ਨੂੰ ਵੀ ਪ੍ਰਭਾਵਿਤ ਕੀਤਾ ਸੀ। ਹੁਣ ਤੱਕ ਲਗਭਗ 46,000 ਉਡਾਣਾਂ ਪ੍ਰਭਾਵਿਤ ਹੋਈਆਂ ਹਨ। ਸੁਰੱਖਿਆ ਚਿੰਤਾਵਾਂ ਦੇ ਕਾਰਨ, ਇਰਾਨ, ਇਰਾਕ, ਕੁਵੈਤ, ਕਤਰ, ਬਹਿਰੀਨ ਅਤੇ ਸੰਯੁਕਤ ਅਰਬ ਅਮੀਰਾਤ ਨੇ ਆਪਣੇ ਹਵਾਈ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਹਨ ਜਾਂ ਨਿਗਰਾਨੀ ਵਧਾ ਦਿੱਤੀ ਹੈ। ਇਸ ਨਾਲ ਅੰਤਰਰਾਸ਼ਟਰੀ ਉਡਾਣ ਰੂਟ ਪ੍ਰਭਾਵਿਤ ਹੋਏ ਸਨ ਅਤੇ ਬਹੁਤ ਸਾਰੀਆਂ ਏਅਰਲਾਈਨਾਂ ਨੂੰ ਆਪਣੇ ਰੂਟ ਬਦਲਣੇ ਪਏ ਸਨ। ਪੰਜਾਬ ਤੋਂ ਕੈਨੇਡਾ ਜਾਣ ਵਾਲੇ ਜ਼ਿਆਦਾਤਰ ਯਾਤਰੀ ਪਹਿਲਾਂ ਖਾੜੀ ਦੇਸ਼ਾਂ ਦੇ ਪ੍ਰਮੁੱਖ ਆਵਾਜਾਈ ਕੇਂਦਰ ਦੁਬਈ, ਦੋਹਾ ਅਤੇ ਅਬੂ ਧਾਬੀ ਰਾਹੀਂ ਯਾਤਰਾ ਕਰਦੇ ਸਨ। ਮੌਜੂਦਾ ਸਥਿਤੀ ਨੇ ਇਨ੍ਹਾਂ ਰੂਟਾਂ ਬਾਰੇ ਅਨਿਸ਼ਚਿਤਤਾ ਵਧਾ ਦਿੱਤੀ ਹੈ। ਕਈ ਏਅਰਲਾਈਨਾਂ ਨੇ ਆਪਣੇ ਰੂਟ ਬਦਲ ਦਿੱਤੇ ਹਨ, ਜਿਸ ਕਾਰਨ ਯਾਤਰੀਆਂ ਨੂੰ ਲੰਡਨ, ਫ੍ਰੈਂਕਫ਼ਰਟ ਅਤੇ ਪੈਰਿਸ ਵਰਗੇ ਯੂਰਪੀਅਨ ਸ਼ਹਿਰਾਂ ਰਾਹੀਂ ਕੈਨੇਡਾ ਜਾਣਾ ਪੈ ਰਿਹਾ ਹੈ, ਜਿਸ ਨਾਲ ਯਾਤਰਾ ਦਾ ਸਮਾਂ ਵੀ ਵਧ ਗਿਆ ਹੈ। ਇਸ ਸੰਕਟ ਦਾ ਪ੍ਰਭਾਵ ਟਿਕਟਾਂ ਦੀਆਂ ਕੀਮਤਾਂ ਤੱਕ ਸੀਮਿਤ ਨਹੀਂ ਹੈ। (ਬਾਕੀ ਸਫ਼ਾ 26 'ਤੇ)

## ਗਲੋਬਲ ਟਾਈਮਜ਼ ਦਾ ਅਮਰੀਕਾ ਨੂੰ ਸਖ਼ਤ ਸੁਨੇਹਾ

# ‘ਹੋਰਮੁਜ਼ ਦੀ ਸੁਰੱਖਿਆ ਜੰਗੀ ਜਹਾਜ਼ਾਂ ਨਾਲ ਨਹੀਂ, ਸ਼ਾਂਤੀ ਨਾਲ ਸੰਭਵ’

ਬੀਤੇ ਦਿਨੀਂ ‘ਗਲੋਬਲ’ ਟਾਈਮਜ਼ ਵਿੱਚ ਪ੍ਰਕਾਸ਼ਿਤ ਇਹ ਲੇਖ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਮੱਧ ਪੂਰਬ ਵਿੱਚ ਵਧ ਰਹੇ ਤਣਾਅ ’ਤੇ ਸਿੱਧਾ ਹਮਲਾ ਹੈ। ਯਾਦ ਰਖਣਾ ਵਾਲੀ ਗੱਲ ਇਹ ਹੈ ਕਿ ਗਲੋਬਲ ਟਾਈਮਜ਼ ਚੀਨ ਦੀ ਸਰਕਾਰੀ ਵੈਬਸਾਈਟ ਹੈ।ਇਸ ਦਾ ਸੰਪਾਦਕੀ ਚੀਨ ਸਰਕਾਰ ਦੀ ਨੀਤੀ ਉੱਪਰ ਆਧਾਰਿਤ ਹੁੰਦਾ ਹੈ।

ਗਲੋਬਲ ਟਾਈਮਜ਼ ਦੀ ਸੰਪਾਦਕੀ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸਹਿਯੋਗੀ ਦੇਸ਼ਾਂ (ਚੀਨ, ਫ਼ਰਾਂਸ, ਬ੍ਰਿਟੇਨ ਆਦਿ) ਨੂੰ ਹੋਰਮੁਜ਼ ਵਿੱਚ ਜੰਗੀ ਜਹਾਜ਼ ਭੇਜਣ ਦੀ ਅਪੀਲ ਨੂੰ ਚੀਨ ਨੇ ਇੱਕ ‘ਖ਼ਤਰਨਾਕ ਖੇਡ’ ਕਰਾਰ ਦਿੱਤਾ ਸੀ।

?ਇਸ ਸੰਪਾਦਕੀ ਦਾ ਸਭ ਤੋਂ ਅਹਿਮ ਨੁਕਤਾ ਇਹ ਸੀ ਕਿ ਅਮਰੀਕਾ ਇਸ ਨੂੰ ਸਾਂਝੀ ਜ਼ਿੰਮੇਵਾਰੀ ਕਹਿ ਰਿਹਾ ਹੈ, ਪਰ ਚੀਨ ਦੇ ਨਜ਼ਰੀਏ ਤੋਂ ਇਹ ਖਤਰਨਾਕ ਨੀਤੀ ਹੈ ਜੋ ਤਬਾਹੀ ਮਚਾਏਗੀ। ਕੋਈ ਹਲ ਨਹੀਂ ਕਰੇਗੀ।

ਅਮਰੀਕਾ ਨੇ ਇਰਾਨ ਨਾਲ ਚੱਲ ਰਹੀ ਗੱਲਬਾਤ ਦੇ ਵਿਚਕਾਰ ਹੀ ਹਮਲੇ ਕੀਤੇ ਹਨ।ਹੁਣ ਜਦੋਂ ਹਾਲਾਤ ਵਿਗੜ ਗਏ ਗਏ ਹਨ ਅਤੇ ਇਰਾਨ ਨੇ ਤੇਲ ਦੀ ਸਪਲਾਈ ਰੋਕਣ (ਹੋਰਮੁਜ਼ ਬੰਦ ਕਰਨ) ਦੀ ਧਮਕੀ ਦਿੱਤੀ ਹੈ। ਇਸ ਕਾਰਨ ਅਮਰੀਕਾ ਚਾਹੁੰਦਾ ਹੈ ਕਿ ਦੂਜੇ ਦੇਸ਼ ਵੀ ਆਪਣੀ ਫ਼ੌਜ ਭੇਜਣ ਤਾਂ ਜੋ ਇਰਾਨ ਨੂੰ ਜਬਰੀ ਰੋਕਿਆ ਜਾਵੇ।

ਹੋਰਮੁਜ਼ ਦੀ ਚੌੜਾਈ ਸਿਰਫ਼ 50 ਕਿਲੋਮੀਟਰ ਹੈ। ਇਹ ਦੁਨੀਆ ਦੀ ਸਭ ਤੋਂ ਮਹੱਤਵਪੂਰਨ ਤੇਲ ਸਪਲਾਈ ਲਾਈਨ ਹੈ।

ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਜਿੰਨੀ ਘੱਟ ਜਗ੍ਹਾ ਵਿੱਚ ਤੁਸੀਂ ਜ਼ਿਆਦਾ ਜੰਗੀ ਜਹਾਜ਼ ਇਕੱਠੇ ਕਰੋਗੇ, ਉੱਥੇ ਗਲਤੀ ਨਾਲ ਵੀ ਜੰਗ ਭੜਕਣ ਦਾ ਖ਼ਤਰਾ ਉੱਨਾ ਹੀ ਵੱਧ ਜਾਵੇਗਾ। ਚੀਨ ਦਾ ਮੰਨਣਾ ਹੈ ਕਿ ਸੁਰੱਖਿਆ ਜਹਾਜ਼ਾਂ ਦੀ ਗਿਣਤੀ ਨਾਲ ਨਹੀਂ, ਸਗੋਂ ਸਿਆਸੀ ਸਥਿਰਤਾ ਨਾਲ ਆਉਂਦੀ ਹੈ।

ਇਹ ਗਲ ਸੱਚ ਹੈ ਕਿ ਅਮਰੀਕਾ ਇਸ ਮਸਲੇ ਨੂੰ ਆਪਣੀ ਫ਼ੌਜੀ ਤਾਕਤ, ਹਮਲਿਆਂ ਅਤੇ ਨਾਕਾਬੰਦੀ ਨਾਲ ਹਲ ਕਰਨਾ ਚਾਹੁੰਦਾ ਹੈ ਤੇ ਇਰਾਨ ਨੂੰ ਦਬਾਉਣਾ ਚਾਹੁੰਦਾ ਹੈ। ਇਸ ਕਾਰਣ ਇਰਾਕ, ਲੀਬੀਆ ਅਤੇ ਅਫ਼ਗਾਨਿਸਤਾਨ ਵਰਗੀ ਅਰਾਜਕਤਾ ਪੈਦਾ ਹੋ ਰਹੀ ਹੈ।

## ਮੱਧ ਪੂਰਬ ਵਿੱਚ ਅਮਰੀਕੀ ਫ਼ੌਜੀ ਨੀਤੀ ਦੀ ਅਸਫ਼ਲਤਾ ਬਾਰੇ ਕੀ ਹੈ ਚੀਨ ਦਾ ‘ਕੂਟਨੀਤਕ ਮਾਡਲ’ ?



ਚੀਨ ਦਾ ਕਹਿਣਾ ਹੈ ਕਿ ਅਮਰੀਕਾ ਬਰਾਬਰੀ ਅਤੇ ਕੂਟਨੀਤੀ ਨਾਲ ਇਹ ਮਸਲਾ ਹੱਲ ਕਰੇ। ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਜੰਗ ਗੈਰ-ਕਾਨੂੰਨੀ ਹੈ ,ਕਿਉਂਕਿ ਇਸ ਨੂੰ ਯੂ.ਐਨ.ਓ. ਵੱਲੋਂ ਮਾਨਤਾ ਪ੍ਰਾਪਤ ਨਹੀਂ ਹੈ।ਗਲੋਬਲ ਟਾਈਮਜ਼ ਦੀ ਸੰਪਾਦਕੀ ਵਿਚ ਇੱਕ ਬਹੁਤ ਹੀ ਤਰਕਪੂਰਨ ਗੱਲ ਕੀਤੀ ਹੈ—ਇਰਾਨ ਖੁਦ ਆਪਣਾ ਤੇਲ ਇਸੇ ਰਸਤੇ ਰਾਹੀਂ ਵੇਚਦਾ ਹੈ। ਇਸ ਲਈ ਹੋਰਮੁਜ਼ ਨੂੰ ਬੰਦ ਕਰਨਾ ਇਰਾਨ ਦੀ ਪਹਿਲੀ ਪਸੰਦ ਨਹੀਂ, ਸਗੋਂ ਉਸਦਾ ਆਖਰੀ ਹਥਿਆਰ ਹੈ। ਚੀਨ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਅਤੇ ਇਜ਼ਰਾਇਲ ਦੇ ਹਮਲੇ ਬੰਦ ਹੋ ਜਾਣ, ਤਾਂ ਹੋਰਮੁਜ਼ ਦਾ ਖ਼ਤਰਾ ਆਪਣੇ ਆਪ ਖ਼ਤਮ ਹੋ ਜਾਵੇਗਾ।

ਇਸ ਸੰਪਾਦਕੀ ਦਾ ਡੂੰਘਾ ਅਰਥ ਇਹ ਹੈ ਕਿ ਇਸ ਮਸਲੇ ਦਾ ਫ਼ੌਜੀ ਹੱਲ ਨਹੀਂ। ਸਮੁੰਦਰ ਵਿੱਚ ਅਮਰੀਕਾ ਵਲੋਂ ਹਥਿਆਰਾਂ ਦੀ ਨੁਮਾਇਸ਼ ਕਰਨ ਨਾਲ ਤੇਲ ਦੇ ਟੈਂਕਰ ਸੁਰੱਖਿਅਤ ਨਹੀਂ ਹੋਣਗੇ, ਸਗੋਂ ਤੇਲ ਦੀਆਂ ਕੀਮਤਾਂ ਵਧਣਗੀਆਂ ਅਤੇ ਜੰਗ ਦਾ ਖ਼ਤਰਾ ਹੋਰ ਵਧੇਗਾ। ਚੀਨ ਨੇ ਸੰਕੇਤ ਦਿੱਤਾ ਹੈ ਕਿ ਉਹ ਅਮਰੀਕਾ ਦੇ ਇਸ ਜੰਗੀ ਗੱਠਜੋੜ ਦਾ ਹਿੱਸਾ ਨਹੀਂ ਬਣੇਗਾ।ਸੰਪਾਦਕੀ ਦੇ ਅਨੁਸਾਰ, ਅਮਰੀਕਾ ਅਤੇ ਇਜ਼ਰਾਇਲ ਨੇ ਉਸ ਸਮੇਂ ਇਰਾਨ ’ਤੇ ਹਮਲੇ ਕੀਤੇ ਜਦੋਂ ਸ਼ਾਂਤੀ ਵਾਰਤਾ ਚੱਲ ਰਹੀ ਸੀ। ਜੇਕਰ ਅਮਰੀਕਾ ਨੇ ਬਿਨਾਂ ਕਿਸੇ ਉਕਸਾਵੇ ਜਾਂ ਯੂ ਐਨ ਦੀ ਇਜਾਜ਼ਤ ਦੇ ਹਮਲਾ ਕੀਤਾ ਹੈ, ਤਾਂ ਉਹ ਇਸ ਸੰਕਟ ਦਾ ਜਨਮਦਾਤਾ ਹੈ। ਚੀਨ ਦਾ ਤਰਕ ਹੈ ਕਿ ਜੇਕਰ ਤੁਸੀਂ ਖੁਦ ਕਿਸੇ ਦੀਵਾਰ ਵਿੱਚ ਤਰੇੜ ਪਾਈ ਹੈ, ਤਾਂ ਉਸ ਦੇ ਡਿੱਗਣ ਦਾ ਦੋਸ਼ ਦੂਜਿਆਂ ਸਿਰ ਨਹੀਂ ਮੜ੍ਹਿਆ ਜਾ ਸਕਦਾ। ਚੀਨ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਟਰੰਪ ਵੱਲੋਂ ਦੂਜੇ ਦੇਸ਼ਾਂ ਨੂੰ ਜੰਗੀ ਜਹਾਜ਼ ਭੇਜਣ ਲਈ ਕਹਿਣਾ ਬਿੱਲ ਵਸੂਲਣ ਵਰਗਾ ਹੈ। ਜੰਗੀ ਜਹਾਜ਼ ਭੇਜਣ ਦਾ ਮਤਲਬ ਹੈ ਅਰਬਾਂ ਡਾਲਰ ਦਾ ਖਰਚਾ ਅਤੇ ਆਪਣੇ ਸੈਨਿਕਾਂ ਦੀ ਜਾਨ ਨੂੰ ਖ਼ਤਰੇ ਵਿੱਚ ਪਾਉਣਾ। ਚੀਨ ਸਵਾਲ ਕਰ ਰਿਹਾ ਹੈ ਕਿ ਜਿਸ ਜੰਗ ਨੂੰ ਅਮਰੀਕਾ ਨੇ ਆਪਣੀ ਮਰਜ਼ੀ ਨਾਲ ਸ਼ੁਰੂ ਕੀਤਾ, ਉਸ ਦਾ ਖਰਚਾ ਅਤੇ ਨੁਕਸਾਨ ਬਾਕੀ ਦੁਨੀਆ ਕਿਉਂ ਭਰੇ? (ਬਾਕੀ ਸਫ਼ਾ 26 ’ਤੇ)

## ਅਮਰੀਕਾ-ਇਰਾਨ ਤਣਾਅ ਘਟਾਉਣ ਲਈ ਇੱਕ ਵਿਚੋਲੇ ਦੀ ਭੂਮਿਕਾ ਨਿਭਾ ਸਕਦੈ ਭਾਰਤ

### ਮੌਜੂਦਾ ਸਥਿਤੀ ’ਤੇ ਟਰੰਪ ਅਤੇ ਮੋਦੀ ਨੇ ਫ਼ੋਨ ’ਤੇ ਕੀਤੀ ਗੱਲਬਾਤ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਫੋਨ ’ਤੇ ਗੱਲਬਾਤ ਕਰਦਿਆਂ ਮੱਧ ਪੂਰਬ (ਮਿਡਲ ਈਸਟ) ਦੀ ਮੌਜੂਦਾ ਸਥਿਤੀ ’ਤੇ ਚਰਚਾ ਕੀਤੀ। ਭਾਰਤ ਵਿੱਚ ਅਮਰੀਕੀ ਦੂਤ ਸਰਜੀਓ ਗੋਰ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਦੱਸਿਆ ਕਿ ਦੋਵਾਂ ਆਗੂਆਂ ਨੇ ਸਟਰੇਟ ਆਫ ਹੋਰਮੁਜ਼ ਨੂੰ ਖੁੱਲ੍ਹਾ ਰੱਖਣ ਦੀ ਮਹੱਤਤਾ ’ਤੇ ਜ਼ੋਰ ਦਿੱਤਾ। ਇਹ ਸਮੁੰਦਰੀ ਰਸਤਾ ਦੁਨੀਆ ਭਰ ਵਿੱਚ ਤੇਲ ਦੀ ਸਪਲਾਈ ਲਈ ਬਹੁਤ ਅਹਿਮ ਹੈ ਅਤੇ ਇਰਾਨ ਨਾਲ ਚੱਲ ਰਹੇ ਤਣਾਅ ਕਾਰਨ ਇਸ ਦੇ ਬੰਦ ਹੋਣ ਦਾ ਖਤਰਾ ਬਣਿਆ ਹੋਇਆ ਹੈ।

ਇਸ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਨੇ ਮੰਨਿਆ ਕਿ ਜੇਕਰ ਇਹ ਰਸਤਾ ਪ੍ਰਭਾਵਿਤ ਹੁੰਦਾ ਹੈ ਤਾਂ ਇਸ ਦਾ ਅਸਰ ਸਿਰਫ਼ ਖੇਤਰੀ ਸੁਰੱਖਿਆ ’ਤੇ ਹੀ ਨਹੀਂ ਬਲਕਿ ਪੂਰੀ ਦੁਨੀਆ ਦੀ ਆਰਥਿਕਤਾ ’ਤੇ ਪਵੇਗਾ। ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਵਧਦੇ ਟਕਰਾਅ ਨੂੰ ਦੇਖਦੇ ਹੋਏ ਭਾਰਤ ਅਤੇ ਅਮਰੀਕਾ ਆਪਣੀ ਰਣਨੀਤਕ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਖੇਤਰ ਵਿੱਚ ਸ਼ਾਂਤੀ ਬਣਾਈ ਰੱਖਣ ਅਤੇ ਵਪਾਰਕ ਰਸਤਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਭਾਰਤ ਦੇ ਸਹਿਯੋਗ ਦਾ ਭਰੋਸਾ ਦਿੱਤਾ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਟਰੰਪ ਵਿਚਾਲੇ ਹੋਈ ਇਸ ਗੱਲਬਾਤ ਦਾ ਮੁੱਖ ਕੇਂਦਰ ਸਟਰੇਟ ਆਫ ਹੋਰਮੁਜ਼ ਰਿਹਾ ਜੋ ਓਮਾਨ ਅਤੇ ਇਰਾਨ ਵਿਚਕਾਰ ਇੱਕ ਬਹੁਤ ਹੀ ਤੰਗ ਸਮੁੰਦਰੀ ਰਸਤਾ ਹੈ। ਦੁਨੀਆ ਦਾ ਲਗਪਗ 20 ਤੋਂ 30 ਫੀਸਦੀ ਕੱਚਾ ਤੇਲ ਇਸੇ ਰਸਤੇ ਰਾਹੀਂ ਗੁਜ਼ਰਦਾ ਹੈ। (ਬਾਕੀ ਸਫ਼ਾ 26 ’ਤੇ)

# ਹੋਰਮੁਜ਼ ਦੀ ਘੇਰਾਬੰਦੀ ਕਰਕੇ ਇਰਾਨ ਨੇ ਅਮਰੀਕਾ ਨੂੰ ਕਿਵੇਂ ਕੀਤਾ ਗੋਡਿਆਂ ਭਾਰ ?

## ਟਰੰਪ ਦਾ ਫੈਸਲਾ ਕਿ ਅਮਰੀਕੀ ਫ਼ੌਜ ਅਗਲੇ ਪੰਜ ਦਿਨਾਂ ਤੱਕ ਇਰਾਨ ਦੇ ਪਾਵਰ ਪਲਾਂਟਾਂ ’ਤੇ ਕੋਈ ਹਮਲਾ ਨਹੀਂ ਕਰੇਗੀ

ਪੱਛਮੀ ਏਸ਼ੀਆ ਦੇ ਰਣਨੀਤਕ ਮੈਦਾਨ ਵਿੱਚ ਬੀਤੇ ਦਿਨੀਂ ਸੁਪਰ ਪਾਵਰ ਅਮਰੀਕਾ ਨੂੰ ਇਤਿਹਾਸਕ ਤੌਰ ਉਪਰ ਝਟਕਾ ਦੇਣ ਵਾਲੇ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਰਾਨ ਦੇ ਪਾਵਰ ਪਲਾਂਟਾਂ ’ਤੇ ਹਮਲੇ ਟਾਲਣ ਦਾ ਐਲਾਨ ਕੋਈ ਰਹਿਮਦਿਲੀ ਨਹੀਂ ਸੀ, ਸਗੋਂ ਇਰਾਨੀ ਦ੍ਰਿੜਤਾ ਅੱਗੇ ਅਮਰੀਕੀ ਹੰਕਾਰ ਦੇ ਗੋਡੇ ਟੇਕਣ ਦੀ ਦਾਸਤਾਨ ਹੈ। ਜਦੋਂ ਤਹਿਰਾਨ ਨੇ ਵਿਸ਼ਵ ਦੀ ਆਰਥਿਕ ਨਬਜ਼—ਹੋਰਮੁਜ਼ ਜਲਡਮਰੂਮੱਧ ਨੂੰ ਬੰਦ ਕਰਨ ਦੀ ਸਿੱਧੀ ਚਿਤਾਵਨੀ ਦਿੱਤੀ, ਤਾਂ ਅਮਰੀਕਾ ਲਈ ਅੱਗੇ ਜੰਗ ਲੜਨੀ ਔਖੀ ਹੋ ਗਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਇੱਕ ਹੈਰਾਨੀਜਨਕ ਐਲਾਨ ਕਰਦਿਆਂ ਕਿਹਾ ਸੀ ਕਿ ਅਮਰੀਕੀ ਫ਼ੌਜ ਅਗਲੇ ਪੰਜ ਦਿਨਾਂ ਤੱਕ ਇਰਾਨ ਦੇ ਪਾਵਰ ਪਲਾਂਟਾਂ ਅਤੇ ਊਰਜਾ ਬੁਨਿਆਦੀ ਢਾਂਚੇ ’ਤੇ ਕੋਈ ਹਮਲਾ ਨਹੀਂ ਕਰੇਗੀ। ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਦੱਸਿਆ ਕਿ ਅਮਰੀਕਾ ਅਤੇ ਇਰਾਨ ਵਿਚਕਾਰ ਪਿਛਲੇ ਦੋ ਦਿਨਾਂ ਤੋਂ ਸਾਰਥਕ ਅਤੇ ਰਚਨਾਤਮਕ ਗੱਲਬਾਤ ਹੋਈ ਹੈ। ਉਨ੍ਹਾਂ ਲਿਖਿਆ ਕਿ ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਮਰੀਕਾ ਅਤੇ ਇਰਾਨ ਨੇ ਮੱਧ ਪੂਰਬ ਵਿੱਚ ਆਪਸੀ ਦੁਸ਼ਮਣੀ ਨੂੰ ਖਤਮ ਕਰਨ ਲਈ ਬਹੁਤ ਵਧੀਆ ਚਰਚਾ ਕੀਤੀ ਹੈ। ਗੱਲਬਾਤ ਦੇ ਸਕਾਰਾਤਮਕ ਮੂਡ ਨੂੰ ਦੇਖਦੇ ਹੋਏ, ਮੈਂ ਯੁੱਧ ਵਿਭਾਗ ਨੂੰ 5 ਦਿਨਾਂ ਲਈ ਹਮਲੇ ਮੁਲਤਵੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਟਰੰਪ ਨੇ ਸਾਫ਼ ਕੀਤਾ ਹੈ ਕਿ ਇਹ ਫੈਸਲਾ ਚੱਲ ਰਹੀਆਂ ਮੀਟਿੰਗਾਂ ਦੀ ਸਫਲਤਾ ’ਤੇ ਨਿਰਭਰ ਕਰੇਗਾ।

ਟਰੰਪ ਦਾ ਟਰੂਥ ਸੋਸ਼ਲ ’ਤੇ ਸਕਾਰਾਤਮਕ ਗੱਲਬਾਤ ਦਾ ਦਾਅਵਾ ਕਰਨਾ ਅਤੇ ਫਿਰ ਉਸ ਨੂੰ ਨਕਾਰਿਆ ਜਾਣਾ ਇਹ ਦਰਸਾਉਂਦਾ ਹੈ ਕਿ ਅਮਰੀਕਾ ਇਸ ਵੇਲੇ ਸਿਰਫ਼ ਮਨੋਵਿਗਿਆਨਕ ਜੰਗ ਦੀ ਨੀਤੀ ਅਪਨਾ ਰਿਹਾ ਹੈ ਤਾਂ ਜੋ ਆਪਣੀ ਹਾਰ ਨੂੰ ਛੁਪਾ ਸਕੇ।

ਇਰਾਨੀ ਵਿਦੇਸ਼ ਮੰਤਰਾਲੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਮਰੀਕਾ ਨਾਲ ਕੋਈ ਸੰਪਰਕ ਨਹੀਂ ਹੋਇਆ। ਇਰਾਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨਾਲ ਕੋਈ ਸਿੱਧੀ ਗੱਲਬਾਤ ਨਹੀਂ ਹੋ ਰਹੀ ਅਤੇ ਹੋਰਮੁਜ਼ ਜਲਡਮਰੂ ਬੰਦ ਹੀ



ਰਹੇਗਾ। ਇਰਾਨ ਨੇ ਸਮਝ ਲਿਆ ਹੈ ਕਿ ਟਰੰਪ ਇਹ ਨਾਟਕ ਸਿਰਫ ਤੇਲ ਦੀਆਂ ਵਧਦੀਆਂ ਕੀਮਤਾਂ ਨੂੰ ਕਾਬੂ ਕਰਨ ਅਤੇ 2026 ਦੀਆਂ ਮਿਡ-ਟਰਮ ਚੋਣਾਂ ਵਿੱਚ ਆਪਣੀ ਪਤਲੀ ਹਾਲਤ ਬਚਾਉਣ ਲਈ ਕਰ ਰਹੇ ਹਨ।

### ਅਮਰੀਕਾ ਅਤੇ ਇਜ਼ਰਾਇਲ ਨੂੰ ਲੱਗੇ ਵੱਡੇ ਝਟਕੇ

ਤਿੰਨ ਹਫ਼ਤਿਆਂ ਦੀ ਲੜਾਈ ਵਿੱਚ ਇਰਾਨ ਨੇ ਅਮਰੀਕੀ ਜੰਗੀ ਤਾਕਤ ਦਾ ਗਰੂਰ ਤੋੜ ਦਿੱਤਾ ਹੈ:

* ਅਮਰੀਕਾ ਨੂੰ ਆਪਣਾ ਮਸ਼ਹੂਰ ਜੰਗੀ ਬੇੜਾ ਜੰਗੀ ਬੇੜਾ ਅਬਰਾਹੀਮ ਲਿੰਕਨ ਮੈਦਾਨ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ।

* ਇਰਾਨ ਵੱਲੋਂ ਅਮਰੀਕੀ ਐੱਫ-35 ਜਹਾਜ਼ਾਂ ਨੂੰ ਫੁੰਡਣ ਤੋਂ ਬਾਅਦ ਕਈ ਦੇਸ਼ਾਂ ਨੇ ਇਸ ਦੀ ਖਰੀਦ ਦੇ ਸਮਝੌਤੇ ਰੱਦ ਕਰਨੇ ਸ਼ੁਰੂ ਕਰ ਦਿੱਤੇ ਹਨ।

* ਇਜ਼ਰਾਇਲ ਦੀ ਮਸ਼ਹੂਰ ਸੁਰੱਖਿਆ ਪ੍ਰਣਾਲੀ ਆਇਰਨ ਡੋਮ ਇਰਾਨੀ ਮਿਜ਼ਾਈਲਾਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਤੇਲ ਅਵੀਵ ਅਤੇ ਡਿਮੋਨਾ ਵਰਗੇ ਸ਼ਹਿਰਾਂ ਵਿੱਚ ਭਾਰੀ ਤਬਾਹੀ ਹੋਈ ਹੈ।

* ਇਰਾਨ ਦੀਆਂ ਲੰਮੀ ਰੇਂਜ ਵਾਲੀਆਂ ਮਿਸਾਈਲਾਂ ਅਤੇ ਡੀਗੋ ਗਾਰਸੀਆ ਵਰਗੇ ਅੱਡਿਆਂ ਤੱਕ ਪਹੁੰਚ ਨੇ ਅਮਰੀਕੀ ਫ਼ੌਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਜੰਗ ਲੰਮੀ ਚਲੀ ਤਾਂ ਅਮਰੀਕਾ ਦੀ ਆਰਥਿਕਤਾ ਨੂੰ ਨੁਕਸਾਨ ਹੋਵੇਗਾ।

### ਇਰਾਨ ਦੀਆਂ ਪ੍ਰਮੁੱਖ ਸ਼ਰਤਾਂ ਇਹ ਹਨ

ਇਰਾਨ, ਲਿਬਨਾਨ ਅਤੇ ਇਰਾਕ ਵਿੱਚ ਇੱਕੋ ਸਮੇਂ ਜੰਗਬੰਦੀ ਹੋਵੇ ਅਤੇ ਖੇਤਰ ਵਿੱਚੋਂ ਅਮਰੀਕੀ ਫ਼ੌਜੀ ਅੱਡੇ ਬੰਦ ਕੀਤੇ ਜਾਣ।

*ਇਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਪਣੇ ਮਿਜ਼ਾਈਲ ਪ੍ਰੋਗਰਾਮ ਵਿੱਚ ਕੋਈ ਬਦਲਾਅ ਨਹੀਂ ਕਰੇਗਾ ਅਤੇ ਇਹ ਪਹਿਲਾਂ ਵਾਂਗ ਜਾਰੀ ਰਹੇਗਾ। ਪਰਮਾਣੂ ਕੇਂਦਰਾਂ ’ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਇਰਾਨ ਨਵੀਂ ਪਰਮਾਣੂ ਨੀਤੀ ਬਣਾਏਗਾ ਅਤੇ ਯੂਰੇਨੀਅਮ ਵਿੱਚ ਵਾਧਾ ਕਰਨਾ ਜਾਰੀ ਰੱਖੇਗਾ।

*ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਲਈ ਇਰਾਨ ਨੇ ਭਾਰੀ ਮੁਆਵਜ਼ੇ ਦੀ ਮੰਗ ਕੀਤੀ ਹੈ। ਹੋਰਮੁਜ਼ ਜਲਡਮਰੂ ਲਈ ਇੱਕ ਨਵਾਂ ਕਾਨੂੰਨੀ ਢਾਂਚਾ ਬਣਾਉਣ ਦੀ ਮੰਗ ਰੱਖੀ ਗਈ ਹੈ।

ਰੂਸ, ਚੀਨ ਅਤੇ ਉੱਤਰੀ ਕੋਰੀਆ ਖੁੱਲ੍ਹ ਕੇ ਇਰਾਨ ਦੀ ਮਦਦ ਕਰ ਰਹੇ ਹਨ। ਇਸ ਤੋਂ ਇਲਾਵਾ ਸਪੇਨ, ਸ੍ਰੀਲੰਕਾ ਅਤੇ ਬ੍ਰਾਜ਼ੀਲ ਵਰਗੇ ਖੱਬੇ ਪੱਖੀ ਸੋਚ ਵਾਲੇ ਦੇਸ਼ਾਂ ਨੇ ਅਮਰੀਕੀ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਹੈ। ਸ੍ਰੀਲੰਕਾ ਨੇ ਅਮਰੀਕਾ ਨੂੰ ਆਪਣੇ ਹਵਾਈ ਅੱਡੇ ਵਰਤਣ ਤੋਂ ਸਾਫ਼ ਰੋਕ ਦਿੱਤਾ ਸੀ।

ਇਰਾਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਮਜ਼ਬੂਤ ਹੋਵੇ, ਤਾਂ ਇੱਕ ਖੇਤਰੀ ਤਾਕਤ ਵੀ ਸੁਪਰ-ਪਾਵਰ ਨੂੰ ਰਣਨੀਤੀ ਵਿੱਚ ਮਾਤ ਦੇ ਸਕਦੀ ਹੈ।

### ਇਰਾਨ ਦੀ ਜੇਤੂ ਪਲੈਨਿੰਗ ਕੀ ਸੀ ?

ਇਰਾਨ ਦੀ ਅਸਲ ਜਿੱਤ ਉਸ ਦੀ ਪਲੈਨਿੰਗ ਵਿੱਚ ਛੁਪੀ ਹੈ। ਇਰਾਨ ਨੇ ਭਾਰੀ ਮਾਨਵੀ ਅਤੇ ਆਰਥਿਕ ਨੁਕਸਾਨ ਝੱਲਿਆ ਹੈ, ਉਸਦੇ ਚੋਟੀ ਦੇ ਆਗੂ ਮਾਰੇ ਗਏ ਸਨ, ਪਰ ਉੱਥੋਂ ਦੇ ਹਾਕਮ ਜਨਤਾ ਪ੍ਰਤੀ ਜਵਾਬਦੇਹ ਨਾ ਹੋਣ ਕਾਰਨ ਅਜੇ ਵੀ ਹਮਲਾਵਰ ਰੁਖ ਅਪਣਾ ਰਹੇ ਹਨ। ਦੂਜੇ ਪਾਸੇ, ਅਮਰੀਕਾ ਵਿੱਚ ਤੇਲ ਦੀਆਂ ਕੀਮਤਾਂ ਅਤੇ ਵਿਆਜ ਦਰਾਂ ਵਧਣ ਕਾਰਨ ਜਨਤਾ ਵਿੱਚ ਬੇਚੈਨੀ ਹੈ, ਜਿਸ ਦਾ ਫਾਇਦਾ ਇਰਾਨ ਉਠਾ ਰਿਹਾ ਹੈ। (ਬਾਕੀ ਸਫ਼ਾ 26 ’ਤੇ)

# ਅਮਰੀਕਾ 'ਤੇ ਚੜ੍ਹਿਆ 39 ਟ੍ਰਿਲੀਅਨ ਡਾਲਰ ਦਾ ਕਰਜ਼ਾ

## ਵਧਦੀ ਮਹਿੰਗਾਈ ਅਤੇ ਅੰਤਰਰਾਸ਼ਟਰੀ ਜੰਗ ਦੇ ਆਰਥਿਕ ਪ੍ਰਭਾਵਾਂ ਨਾਲ ਜੂਝ ਰਿਹੈ ਯੂ.ਐਸ.ਏ.

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੂੰ ਇਜ਼ਰਾਇਲ ਨਾਲ ਮਿਲ ਕੇ ਇਰਾਨ ਖ਼ਿਲਾਫ਼ ਛੇੜੀ ਹੋਈ ਜੰਗ ਮਹਿੰਗੀ ਪੈਂਦੀ ਦਿਖਾਈ ਦੇ ਰਹੀ ਹੈ। ਇਸੇ ਜੰਗ ਦਰਮਿਆਨ ਅਮਰੀਕਾ ਦੀ ਮੌਜੂਦਾ ਵਿੱਤੀ ਹਾਲਤ ਬਾਰੇ ਇੱਕ ਹੈਰਾਨੀਜਨਕ ਅੰਕੜਾ ਸਾਹਮਣੇ ਆਇਆ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਅਮਰੀਕਾ ਦਾ ਕੁੱਲ ਕਰਜ਼ਾ ਹੁਣ 39 ਟ੍ਰਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਇਹ ਵਾਧਾ ਅਜਿਹੇ ਸਮੇਂ ਹੋਇਆ ਹੈ ਜਦੋਂ ਦੇਸ਼ ਪਹਿਲਾਂ ਹੀ ਵਧਦੀ ਮਹਿੰਗਾਈ ਅਤੇ ਅੰਤਰਰਾਸ਼ਟਰੀ ਜੰਗ ਦੇ ਆਰਥਿਕ ਪ੍ਰਭਾਵਾਂ ਨਾਲ ਜੂਝ ਰਿਹਾ ਹੈ।

ਮੱਧ-ਪੂਰਬ ਵਿੱਚ ਚੱਲ ਰਹੀ ਜੰਗ ਅਤੇ ਇਰਾਨ ਵਿਰੁੱਧ ਫੌਜੀ ਕਾਰਵਾਈਆਂ ਕਾਰਨ ਅਮਰੀਕਾ ਦੇ ਰੱਖਿਆ ਬਜਟ 'ਤੇ ਭਾਰੀ ਦਬਾਅ ਪੈ ਰਿਹਾ ਹੈ। ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਨੂੰ ਉੱਚੇ ਪੱਧਰ 'ਤੇ ਰੱਖਣ ਕਾਰਨ, ਪੁਰਾਣੇ ਕਰਜ਼ੇ 'ਤੇ ਵਿਆਜ ਦਾ ਭੁਗਤਾਨ ਕਰਨਾ ਸਰਕਾਰ ਲਈ ਹੋਰ ਮਹਿੰਗਾ ਹੋ ਗਿਆ ਹੈ। ਰਾਸ਼ਟਰਪਤੀ ਟਰੰਪ ਦੀਆਂ ਨਵੀਆਂ ਟੈਰਿਫ਼ ਨੀਤੀਆਂ ਨੇ ਜਿੱਥੇ



ਕੁਝ ਖੇਤਰਾਂ ਨੂੰ ਲਾਭ ਪਹੁੰਚਾਇਆ ਹੈ, ਉੱਥੇ ਹੀ ਨਿਰਮਾਣ ਖੇਤਰ ਵਿੱਚ ਲਾਗਤ ਵਧਣ ਕਾਰਨ ਆਰਥਿਕ ਸੰਤੁਲਨ ਪ੍ਰਭਾਵਿਤ ਹੋਇਆ ਹੈ।

ਇਸ ਮਾਮਲੇ 'ਤੇ ਮਾਹਿਰਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਇਹ ਕਰਜ਼ਾ ਲੰਬੇ ਸਮੇਂ ਵਿੱਚ ਅਮਰੀਕੀ ਡਾਲਰ ਦੀ ਸਥਿਤੀ ਨੂੰ ਕਮਜ਼ੋਰ ਕਰ ਸਕਦਾ ਹੈ।

ਵਧਦੇ ਕਰਜ਼ੇ ਕਾਰਨ ਆਉਣ ਵਾਲੇ ਸਮੇਂ ਵਿੱਚ ਸਿਹਤ ਸੇਵਾਵਾਂ ਅਤੇ ਹੋਰ ਜਨਤਕ ਭਲਾਈ ਯੋਜਨਾਵਾਂ ਦੇ ਬਜਟ ਵਿੱਚ ਕਟੌਤੀ ਹੋਣ ਦਾ ਖ਼ਦਸ਼ਾ ਹੈ।

ਇਹ ਅੰਕੜਾ 2026 ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਇੱਕ ਵੱਡਾ ਮੁੱਦਾ ਬਣ ਸਕਦਾ ਹੈ। ਵਿਰੋਧੀ ਧਿਰਾਂ ਮੌਜੂਦਾ ਪ੍ਰਸ਼ਾਸਨ 'ਤੇ ਮਾੜੇ ਵਿੱਤੀ ਪ੍ਰਬੰਧਾਂ ਦੇ ਦੋਸ਼ ਲਗਾ ਰਹੀਆਂ ਹਨ, ਜਦਕਿ ਸਰਕਾਰ ਇਸ ਨੂੰ ਦੇਸ਼ ਦੀ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਲਈ ਜ਼ਰੂਰੀ ਨਿਵੇਸ਼ ਦੱਸ ਰਹੀ ਹੈ। 39 ਟ੍ਰਿਲੀਅਨ ਡਾਲਰ ਦਾ ਕਰਜ਼ਾ ਅਮਰੀਕੀ ਆਰਥਿਕਤਾ ਲਈ ਇੱਕ ਖ਼ਤਰੇ ਦੀ ਘੰਟੀ ਵਾਂਗ ਹੈ। ਜੇਕਰ ਖਰਚਿਆਂ ਨੂੰ ਕੰਟਰੋਲ ਨਾ ਕੀਤਾ ਗਿਆ ਤਾਂ ਇਸ ਦਾ ਅਸਰ ਨਾ ਸਿਰਫ਼ ਅਮਰੀਕਾ ਸਗੋਂ ਪੂਰੀ ਦੁਨੀਆ ਦੀ ਆਰਥਿਕਤਾ 'ਤੇ ਦੇਖਣ ਨੂੰ ਮਿਲ ਸਕਦਾ ਹੈ।

# ਅਮਰੀਕਾ ਵੱਲੋਂ 12 ਹੋਰ ਦੇਸ਼ਾਂ 'ਤੇ ਵੀਜ਼ਾ ਬਾਂਡ ਦੀ ਸ਼ਰਤ ਲਾਗੂ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਅਮਰੀਕੀ ਸਟੇਟ ਡਿਪਾਰਟਮੈਂਟ ਨੇ ਵੀਜ਼ਾ ਨਿਯਮਾਂ 'ਚ ਸਖ਼ਤੀ ਕਰਦਿਆਂ 12 ਹੋਰ ਦੇਸ਼ਾਂ ਨੂੰ ਉਸ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਹੈ, ਜਿਨ੍ਹਾਂ ਦੇ ਨਾਗਰਿਕਾਂ ਨੂੰ ਅਮਰੀਕੀ ਵੀਜ਼ਾ ਅਪਲਾਈ ਕਰਨ ਲਈ 15,000 ਅਮਰੀਕੀ ਡਾਲਰ (ਲਗਭਗ 13,93,000 ਰੁਪਏ) ਤੱਕ ਦੀ ਬਾਂਡ ਰਾਸ਼ੀ ਜਮ੍ਹਾਂ ਕਰਵਾਉਣੀ ਪਵੇਗੀ।




**ਕਿਹੜੇ ਦੇਸ਼ਾਂ 'ਤੇ ਪਵੇਗਾ ਅਸਰ?**

ਸਟੇਟ ਡਿਪਾਰਟਮੈਂਟ ਵੱਲੋਂ ਜਾਰੀ ਨੋਟਿਸ ਅਨੁਸਾਰ, 2 ਅਪ੍ਰੈਲ ਤੋਂ ਕੰਬੋਡੀਆ, ਇਥੋਪੀਆ, ਜਾਰਜੀਆ, ਗ੍ਰੇਨਾਡਾ, ਲੈਸੋਥੋ, ਮਾਰੀਸ਼ਸ, ਮੰਗੋਲੀਆ, ਮੋਜ਼ੰਬੀਕ, ਨਿਕਾਰਾਗੁਆ, ਪਾਪੂਆ ਨਿਊ ਗਿਨੀ, ਸੇਸ਼ੇਲਸ ਅਤੇ ਟਿਊਨੀਸ਼ੀਆ ਦੇ ਪਾਸਪੋਰਟ ਧਾਰਕਾਂ ਲਈ ਇਹ ਨਿਯਮ ਲਾਗੂ ਹੋ ਜਾਵੇਗਾ। ਇਸ ਨਵੇਂ ਵਾਧੇ ਤੋਂ ਬਾਅਦ, ਹੁਣ ਕੁੱਲ 50 ਦੇਸ਼ਾਂ ਦੇ ਨਾਗਰਿਕ ਇਸ ਸ਼ਰਤ ਦੇ ਘੇਰੇ 'ਚ ਆ ਜਾਣਗੇ।

**ਕਿਉਂ ਲਿਆ ਗਿਆ ਇਹ ਫੈਸਲਾ?**

ਇਹ ਪ੍ਰੋਗਰਾਮ ਪਿਛਲੇ ਸਾਲ ਟਰੰਪ ਪ੍ਰਸ਼ਾਸਨ ਦੁਆਰਾ ਵੀਜ਼ਾ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿਣ ਵਾਲਿਆਂ (ਵੀਜ਼ਾ ਓਵਰਸਟੇਅਰ) 'ਤੇ ਨਕੇਲ ਕੱਸਣ ਅਤੇ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਸ਼ੁਰੂ ਕੀਤਾ ਗਿਆ ਸੀ। ਜ਼ਿਆਦਾਤਰ ਪ੍ਰਭਾਵਿਤ ਦੇਸ਼ ਅਫ਼ਰੀਕੀ ਮਹਾਂਦੀਪ ਦੇ ਹਨ, ਜਿੱਥੋਂ ਵੀਜ਼ਾ ਨਿਯਮਾਂ ਦੀ ਉਲੰਘਣਾ ਦੀਆਂ ਦਰਾਂ ਵਧੇਰੇ ਹਨ।

**ਬਾਂਡ ਰਾਸ਼ੀ ਤੇ ਵਾਪਸੀ ਦੇ ਨਿਯਮ**

ਬਾਂਡ ਦੀ ਰਾਸ਼ੀ ਬਿਨੈਕਾਰ ਦੇ ਹਾਲਾਤਾਂ ਅਤੇ ਕੌਂਸਲਰ ਅਧਿਕਾਰੀ ਦੇ ਵਿਵੇਕ 'ਤੇ ਨਿਰਭਰ ਕਰਦਿਆਂ 5,000, 10,000 ਜਾਂ 15,000 ਡਾਲਰ ਹੋ ਸਕਦੀ ਹੈ। ਜੇਕਰ ਵੀਜ਼ਾ ਅਰਜ਼ੀ ਰੱਦ ਹੋ ਜਾਂਦੀ ਹੈ, ਤਾਂ ਇਹ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਜੇਕਰ ਵੀਜ਼ਾ ਮਿਲ ਜਾਂਦਾ ਹੈ ਤਾਂ ਇਹ ਪੈਸੇ ਉਦੋਂ ਹੀ

(ਬਾਕੀ ਸਫ਼ਾ 27 'ਤੇ)

## ਅਮਰੀਕਾ 'ਚ ਭਾਰਤੀਆਂ ਦੀ ਵਧੀ ਸ਼ਾਨ

# ਚੋਣਾਂ 'ਚ ਨਿਭਾਉਂਦੇ ਨੇ 'ਗੇਮ ਚੇਂਜਰ' ਦੀ ਭੂਮਿਕਾ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਵਿਕਾਸ ਵਿੱਚ ਭਾਰਤੀ ਭਾਈਚਾਰਾ ਅਹਿਮ ਭੂਮਿਕਾ ਨਿਭਾ ਰਿਹਾ ਹੈ, ਪਰ ਜਦੋਂ ਗੱਲ ਸਿਆਸੀ ਸੱਤਾ ਅਤੇ ਪ੍ਰਤੀਨਿਧਤਾ ਦੀ ਆਉਂਦੀ ਹੈ, ਤਾਂ ਭਾਰਤਵੰਸ਼ੀ ਅਜੇ ਵੀ ਆਪਣੀ ਆਬਾਦੀ ਦੇ ਅਨੁਪਾਤ ਮੁਤਾਬਕ ਪਿੱਛੇ ਹਨ। ਬੀ.ਸੀ.ਜੀ. ਅਤੇ ਇੰਡੀਆਸਪੋਰਾ ਦੁਆਰਾ ਤਿਆਰ ਕੀਤੀ ਗਈ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਭਾਰਤੀਆਂ ਦੀ ਆਬਾਦੀ ਭਾਵੇਂ ਸਿਰਫ਼ 1 ਫੀਸਦੀ ਹੈ, ਪਰ ਉਹ ਦੌਲਤ ਅਤੇ ਗਿਆਨ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਹਨ।

**ਸੰਸਦ ਵਿੱਚ ਸਥਿਤੀ:**

ਉੱਚ ਸਦਨ (ਸੀਨੇਟ) ਰਿਪੋਰਟ ਦੇ ਹੈਰਾਨੀਜਨਕ ਅੰਕੜਿਆਂ ਅਨੁਸਾਰ ਅਮਰੀਕੀ ਸੰਸਦ ਦੇ ਨਿਚਲੇ ਸਦਨ (ਹਾਊਸ ਆਫ ਰਿਪ੍ਰਜ਼ੈਂਟੇਟਿਵਸ) ਦੀਆਂ 435 ਸੀਟਾਂ ਵਿੱਚੋਂ ਸਿਰਫ਼ 6 ਸੀਟਾਂ (1.4%) 'ਤੇ ਹੀ ਭਾਰਤਵੰਸ਼ੀ ਕਾਬਜ਼ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਉੱਚ ਸਦਨ ਯਾਨੀ ਸੀਨੇਟ ਵਿੱਚ ਇਸ ਵਕਤ ਇੱਕ ਵੀ ਭਾਰਤੀ ਮੈਂਬਰ ਨਹੀਂ ਹੈ। ਸਾਲ 2016 ਵਿੱਚ ਕਮਲਾ ਹੈਰਿਸ ਸੀਨੇਟ ਦੀ ਮੈਂਬਰ ਬਣੀ ਸੀ, ਪਰ 2020 ਵਿੱਚ ਉਨ੍ਹਾਂ ਦੇ ਉਪ-ਰਾਸ਼ਟਰਪਤੀ ਬਣਨ ਤੋਂ ਬਾਅਦ ਸੀਨੇਟ ਵਿੱਚ ਭਾਰਤੀਆਂ ਦੀ ਨੁਮਾਇੰਦਗੀ ਸਿਫ਼ਰ ਹੋ ਗਈ ਹੈ।

**ਪ੍ਰਸ਼ਾਸਨਿਕ ਅਹੁਦਿਆਂ 'ਤੇ ਵਧ ਰਹੀ ਮੌਜੂਦਗੀ**

ਭਾਵੇਂ ਚੁਣੇ ਹੋਏ ਨੁਮਾਇੰਦਿਆਂ ਦੀ ਗਿਣਤੀ ਘੱਟ ਹੈ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਿੱਚ ਭਾਰਤੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਮਿਲ ਰਹੀਆਂ ਹਨ:

(ਬਾਕੀ ਸਫ਼ਾ 27 'ਤੇ)

# ਮੈਕਸੀਕੋ ਵਿੱਚ ਇੱਕ ਟਰੱਕ 'ਚੋਂ ਮਿਲੇ 229 ਪ੍ਰਵਾਸੀ

ਵੇਰਾਕਰੂਜ਼ (ਮੈਕਸੀਕੋ)/ ਏ.ਟੀ.ਨਿਊਜ਼: ਮੈਕਸੀਕੋ ਤੋਂ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ। ਮੈਕਸੀਕੋ ਦੇ ਪੂਰਬੀ ਰਾਜ ਵੇਰਾਕਰੂਜ਼ ਵਿੱਚ ਅਧਿਕਾਰੀਆਂ ਨੇ ਚੋਰੀ ਕੀਤੇ ਗਏ ਇੱਕ ਟਰੱਕ ਦੇ ਪਿਛਲੇ ਹਿੱਸੇ ਵਿੱਚ ਬੇਹੱਦ ਖ਼ਤਰਨਾਕ ਹਾਲਤ ਵਿੱਚ ਬੰਦ 229 ਪ੍ਰਵਾਸੀਆਂ ਨੂੰ ਬਰਾਮਦ ਕੀਤਾ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ ਜਦੋਂ ਪੁਲਿਸ ਦੇ ਟਰੱਕ ਨੂੰ ਵਾਹਨ ਜ਼ਬਤ ਕੇਂਦਰ ਵਿੱਚ ਰੱਖਿਆ ਤਾਂ ਉਸ ਵਿੱਚ ਬੰਦ ਪ੍ਰਵਾਸੀਆਂ ਨੇ ਅਚਾਨਕ ਮਦਦ ਲਈ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸੂਬੇ ਦੇ ਡਿਪਟੀ ਗਵਰਨਮੈਂਟ ਸੈਕਟਰੀ ਜੋਸ ਮੈਨੂਅਲ ਪੋਜ਼ੋਸ ਅਨੁਸਾਰ ਇਹ ਪ੍ਰਵਾਸੀ ਇੱਕ ਅਜਿਹੇ ਟਰੱਕ ਵਿੱਚ ਸਵਾਰ ਸਨ, ਜਿਸ ਦੇ ਚੋਰੀ ਹੋਣ ਦੀ ਰਿਪੋਰਟ ਦਰਜ ਸੀ। ਜਦੋਂ ਟਰੱਕ ਨੂੰ ਜ਼ਬਤ ਕਰਕੇ ਕੇਂਦਰ ਵਿੱਚ ਖੜ੍ਹਾ ਕੀਤਾ ਗਿਆ, ਤਾਂ ਕੁਝ ਘੰਟਿਆਂ ਬਾਅਦ ਉੱਥੇ ਮੌਜੂਦ ਮੁਲਾਜ਼ਮਾਂ ਨੂੰ ਅੰਦਰੋਂ ਖੜਕਾਉਣ ਅਤੇ ਚੀਕਾਂ ਮਾਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਜਦੋਂ ਐਮਰਜੈਂਸੀ ਸੇਵਾਵਾਂ ਨੇ ਟਰੱਕ ਖੋਲ੍ਹਿਆ, ਤਾਂ ਅੰਦਰੋਂ 17 ਨਾਬਾਲਗ ਬੱਚਿਆਂ ਸਮੇਤ 229 ਲੋਕ ਮਿਲੇ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੱਧ ਅਮਰੀਕਾ ਦੇ ਰਹਿਣ ਵਾਲੇ ਸਨ। ਪਾਣੀ ਦੀ ਕਮੀ ਕਾਰਨ ਕਈ ਪ੍ਰਵਾਸੀਆਂ ਦੀ ਹਾਲਤ ਖਰਾਬ ਪਾਈ ਗਈ ਹੈ।

(ਬਾਕੀ ਸਫ਼ਾ 26 'ਤੇ)

# ਅਮਰੀਕੀ ਸਾਸਦਾਂ ਵੱਲੋਂ ਵੀਜ਼ਾ ਨਿਯਮ ਆਸਾਨ ਕਰਨ ਦੀ ਮੰਗ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਕੰਮ ਕਰ ਰਹੇ ਵਿਦੇਸ਼ੀ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ, ਜਿਨ੍ਹਾਂ ਵਿੱਚ ਵੱਡੀ ਗਿਣਤੀ ਭਾਰਤੀਆਂ ਦੀ ਹੈ, ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ ਜਿਸ ਦਾ ਉਦੇਸ਼ ਡਾਕਟਰਾਂ ਅਤੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਪ੍ਰਸਤਾਵਿਤ 1,00,000 ਡਾਲਰ (ਕਰੀਬ 83 ਲੱਖ ਰੁਪਏ) ਦੀ ਐਚ-1ਬੀ ਵੀਜ਼ਾ ਫੀਸ ਤੋਂ ਛੋਟ ਦਿਵਾਉਣਾ ਹੈ।




**ਡਾਕਟਰਾਂ ਦੀ ਕਮੀ ਦੂਰ ਕਰਨ ਦੀ ਕੋਸ਼ਿਸ਼**

ਡਾਕਟਰਾਂ ਅਤੇ ਸਿਹਤ ਸੰਭਾਲ ਕਾਰਜਬਲ ਲਈ ਐਚ-1ਬੀ ਐਕਟ ਨਾਮਕ ਇਸ ਕਾਨੂੰਨ ਦਾ ਉਦੇਸ਼ ਉਨ੍ਹਾਂ ਹਸਪਤਾਲਾਂ ਅਤੇ ਸਿਹਤ ਪ੍ਰਣਾਲੀਆਂ ਲਈ ਵਿੱਤੀ ਰੁਕਾਵਟਾਂ ਨੂੰ ਦੂਰ ਕਰਨਾ ਹੈ ਜੋ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰਾਂ 'ਤੇ ਨਿਰਭਰ ਕਰਦੇ ਹਨ। ਸੰਸਦ ਮੈਂਬਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇੰਨੀ ਭਾਰੀ ਫੀਸ ਨਾਲ ਦੇਸ਼ ਵਿੱਚ ਡਾਕਟਰਾਂ ਦੀ ਘਾਟ ਹੋਰ ਡੂੰਘੀ ਹੋ ਸਕਦੀ ਹੈ ਅਤੇ ਆਮ ਲੋਕਾਂ ਲਈ ਇਲਾਜ ਕਰਵਾਉਣਾ ਮੁਸ਼ਕਿਲ ਹੋ ਜਾਵੇਗਾ।

**ਪੇਂਡੂ ਖੇਤਰਾਂ 'ਤੇ ਪਵੇਗਾ ਸਭ ਤੋਂ ਵੱਧ ਅਸਰ**

ਸੰਸਦ ਮੈਂਬਰ ਸੈਨਫੋਰਡ ਬਿਸ਼ਪ ਨੇ ਕਿਹਾ ਕਿ 1 ਲੱਖ ਡਾਲਰ ਦੀ ਫੀਸ ਪੇਂਡੂ ਖੇਤਰਾਂ ਦੇ ਹਸਪਤਾਲਾਂ ਲਈ ਵੱਡੀ ਮਾਰ ਹੋਵੇਗੀ, ਜਿਸ ਨਾਲ ਉਨ੍ਹਾਂ ਲਈ ਮਾਹਰ ਡਾਕਟਰਾਂ ਦੀ ਭਰਤੀ ਕਰਨਾ ਨਾਮੁਮਕਿਨ ਹੋ ਜਾਵੇਗਾ। ਅੰਕੜਿਆਂ ਅਨੁਸਾਰ, ਲਗਭਗ 8.7 ਕਰੋੜ ਅਮਰੀਕੀ ਅਜਿਹੇ ਖੇਤਰਾਂ ਵਿੱਚ ਰਹਿੰਦੇ ਹਨ ਜਿੱਥੇ ਪਹਿਲਾਂ ਹੀ ਸਿਹਤ ਸਹੂਲਤਾਂ ਦੀ ਭਾਰੀ ਕਮੀ ਹੈ।

**ਮੈਡੀਕਲ ਸੰਸਥਾਵਾਂ ਵੱਲੋਂ ਸਮਰਥਨ**

ਅਮਰੀਕਨ ਮੈਡੀਕਲ ਐਸੋਸੀਏਸ਼ਨ ਸਮੇਤ ਕਈ ਵੱਡੀਆਂ ਸੰਸਥਾਵਾਂ ਨੇ ਇਸ ਬਿੱਲ ਦਾ ਸਮਰਥਨ ਕੀਤਾ ਹੈ। 'ਫਿਜ਼ੀਸ਼ੀਅਨਜ਼ ਫਾਰ ਅਮਰੀਕਨ ਹੈਲਥਕੇਅਰ ਐਕਸੈਸ' ਦੇ ਡਾਕਟਰ ਰਾਮ ਆਲੂਰ ਨੇ ਕਿਹਾ ਕਿ ਇਹ ਫੀਸ ਉਨ੍ਹਾਂ ਥਾਵਾਂ 'ਤੇ ਡਾਕਟਰਾਂ ਦੀ ਸਪਲਾਈ ਨੂੰ ਕਮਜ਼ੋਰ ਕਰ ਸਕਦੀ ਹੈ ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## .ਗੈਰ-ਕਾਨੂੰਨੀ ਪਰਵਾਸੀਆਂ ਲਈ ਸੁਨਹਿਰੀ ਮੌਕਾ: ਅਮਰੀਕਾ ਹੁਣ ਖ਼ੁਦ ਪੈਸੇ ਦੇ ਕੇ ਭੇਜੇਗਾ ਵਾਪਸ ਵਤਨ

# ਅਮਰੀਕਾ ਦਾ ਵੱਡਾ ਐਲਾਨ: ਦੇਸ਼ ਛੱਡੋ, 2 .5 ਲੱਖ ਰੁਪਏ ਤੇ ਮੁ.ਫਤ ਟਿਕਟ ਪਾਓ !

ਅਮਰੀਕਾ ਦੇ ਇਮੀਗ੍ਰੇਸ਼ਨ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਨੇ 'ਸੀਬੀਪੀ ਹੋਮ' ਨਾਮਕ ਇੱਕ ਅਜਿਹਾ ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ ਹੈ, ਜੋ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਦੇਸ਼ ਛੱਡਣ ਲਈ ਸਿਰ.ਫ ਮਜਬੂਰ ਨਹੀਂ ਕਰ ਰਿਹਾ, ਸਗੋਂ ਉਨ੍ਹਾਂ ਨੂੰ 2,600 ਡਾਲਰ ਅਤੇ ਮੁ.ਫਤ ਹਵਾਈ ਟਿਕਟ ਦੀ ਪੇਸ਼ਕਸ਼ ਕਰਕੇ 'ਲਾਲਚ' ਅਤੇ 'ਸਹੂਲਤ' ਦੋਵੇਂ ਦੇ ਰਿਹਾ ਹੈ।

**ਡਿਜੀਟਲ ਦੌਰ ਦੀ ਨਵੀਂ ਡਿਪੋਰਟੇਸ਼ਨ: ਸੀਬੀਪੀ ਹੋਮ ਐਪ**

ਹੁਣ ਤੱਕ ਡਿਪੋਰਟੇਸ਼ਨ (ਦੇਸ਼ ਨਿਕਾਲਾ) ਦਾ ਮਤਲਬ ਹੁੰਦਾ ਸੀ— ਪੁਲਿਸ ਦੀ ਛਾਪੇਮਾਰੀ, ਹੱਥਕੜੀਆਂ ਅਤੇ ਜੇਲ੍ਹ। ਪਰ ਇਸ ਨਵੇਂ ਪ੍ਰੋਗਰਾਮ ਨੇ ਇਸ ਨੂੰ ਇੱਕ ਮੋਬਾਈਲ ਐਪ ਤੱਕ ਸੀਮਤ ਕਰ ਦਿੱਤਾ ਹੈ। ਕੋਈ ਵੀ ਵਿਅਕਤੀ ਜੋ ਅਮਰੀਕਾ ਵਿੱਚ .ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਹੈ, ਉਹ ਇਸ ਐਪ 'ਤੇ ਆਪਣਾ ਇਰਾਦਾ ਦਰਜ ਕਰ ਸਕਦਾ ਹੈ। ਐਪ ਰਾਹੀਂ ਮਨਜ਼ੂਰੀ ਮਿਲਣ ਤੋਂ ਬਾਅਦ, ਵਿਅਕਤੀ ਨੂੰ ਆਪਣਾ ਬੋਰਿਆ-ਬਿਸਤਰਾ ਸਮੇਟਣ, ਨਿੱਜੀ ਮਾਮਲੇ ਨਿਬੇੜਨ ਅਤੇ ਪਰਿਵਾਰ ਨੂੰ ਮਿਲਣ ਲਈ 21 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ। ਸਭ ਤੋਂ ਵੱਡੀ ਰਾਹਤ ਇਹ ਹੈ ਕਿ ਇਸ ਪ੍ਰਕਿਰਿਆ ਦੌਰਾਨ ਆਈ.ਸੀ.ਈ. ਉਸ ਵਿਅਕਤੀ ਨੂੰ ਗ੍ਰਿ.ਫਤਾਰ ਜਾਂ ਨਜ਼ਰਬੰਦ ਨਹੀਂ ਕਰੇਗੀ।

**ਵਿੱਤੀ ਪੈਕੇਜ ਅਤੇ ਲਾਭ: ਕੀ-ਕੀ ਮਿਲੇਗਾ ?**

ਅਮਰੀਕੀ ਸਰਕਾਰ ਨੇ ਇਸ ਪ੍ਰੋਗਰਾਮ ਨੂੰ ਇੰਨਾ ਆਕਰਸ਼ਕ ਬਣਾਇਆ ਹੈ ਕਿ ਕੋਈ ਵੀ ਇਸ ਬਾਰੇ ਸੋਚਣ ਲਈ ਮਜਬੂਰ ਹੋ ਜਾਵੇ। 2,600 ਡਾਲਰ ਦੀ ਰਾਸ਼ੀ ਸਿੱਧੀ ਤੁਹਾਡੇ ਹੱਥ ਜਾਂ ਖਾਤੇ ਵਿੱਚ ਉਦੋਂ ਮਿਲੇਗੀ ਜਦੋਂ ਤੁਸੀਂ ਆਪਣੇ ਵਤਨ



(ਜਿਵੇਂ ਭਾਰਤ) ਪਹੁੰਚ ਜਾਵੋਗੇ। ਇਸ ਲਈ ਬੈਂਕ ਖਾਤੇ ਦੀ ਵੀ ਸ਼ਰਤ ਨਹੀਂ ਹੈ। ਹਵਾਈ ਜਹਾਜ਼ ਦੀ ਟਿਕਟ ਦਾ ਪੂਰਾ ਖਰਚਾ ਅਮਰੀਕੀ ਸਰਕਾਰ ਚੁੱਕੇਗੀ। ਜੇਕਰ ਕਿਸੇ ਉੱਤੇ ਦੇਸ਼ ਨਾ ਛੱਡਣ ਕਾਰਨ ਪਹਿਲਾਂ ਹੀ ਭਾਰੀ ਸਿਵਲ ਜੁਰਮਾਨੇ ਲੱਗੇ ਹੋਏ ਹਨ, ਤਾਂ ਉਹ ਸਾਰੇ ਮੁਆਫ ਕਰ ਦਿੱਤੇ ਜਾਣਗੇ ਜੇਕਰ ਤੁਹਾਡੇ ਨਾਲ ਬੱਚੇ ਹਨ, ਤਾਂ ਉਨ੍ਹਾਂ ਦੀ ਯਾਤਰਾ ਅਤੇ ਕਾਨੂੰਨੀ ਦਸਤਾਵੇਜ਼ ਬਣਾਉਣ ਵਿੱਚ ਵੀ ਡੀ.ਐਚ.ਐਸ. ਮਦਦ ਕਰੇਗਾ।

ਬਹੁਤ ਸਾਰੇ ਲੋਕ ਹੈਰਾਨ ਹਨ ਕਿ ਜੋ ਅਮਰੀਕਾ ਕੰਧਾਂ ਬਣਾਉਣ ਦੀ ਗੱਲ ਕਰਦਾ ਸੀ, ਉਹ ਹੁਣ ਪੈਸੇ ਦੇ ਕੇ ਵਾਪਸ ਕਿਉਂ ਭੇਜ ਰਿਹਾ ਹੈ ? ਇਸ ਦੇ ਪਿੱਛੇ 'ਗਣਿਤ' ਬਹੁਤ ਸਪੱਸ਼ਟ ਹੈ। ਇੱਕ ਵਿਅਕਤੀ ਨੂੰ ਜ਼ਬਰਦਸਤੀ ਡਿਪੋਰਟ ਕਰਨ 'ਤੇ ਅਮਰੀਕਾ ਨੂੰ ਔਸਤਨ 10,000 ਤੋਂ 15,000 ਡਾਲਰ ਖਰਚਣੇ ਪੈਂਦੇ ਹਨ (ਜਿਸ ਵਿੱਚ ਪੁਲਿਸ, ਅਦਾਲਤ, ਅਤੇ ਜੇਲ੍ਹ ਦਾ ਖਰਚਾ ਸ਼ਾਮਲ ਹੈ)। 2,600 ਡਾਲਰ ਦੇਣਾ ਸਰਕਾਰ ਲਈ ਬਹੁਤ ਵੱਡੀ ਬਚਤ ਹੈ। ਅਮਰੀਕਾ ਦੀਆਂ ਜੇਲ੍ਹਾਂ ਭਰ ਚੁੱਕੀਆਂ ਹਨ। ਮਾਨਵਤਾਵਾਦੀ ਸੰਸਥਾਵਾਂ ਅਕਸਰ ਉੱਥੇ ਰੱਖੇ ਗਏ ਪਰਵਾਸੀਆਂ ਦੀ ਹਾਲਤ 'ਤੇ ਸਵਾਲ ਉਠਾਉਂਦੀਆਂ ਹਨ। ਇਹ ਪ੍ਰੋਗਰਾਮ ਉਨ੍ਹਾਂ ਸਵਾਲਾਂ ਦਾ ਜਵਾਬ ਹੈ। ਐਪ ਰਾਹੀਂ ਡਾਟਾ ਇਕੱਠਾ ਕਰਨਾ ਸਰਕਾਰ ਲਈ ਸੌਖਾ ਹੈ। ਇਸ ਨਾਲ ਉਹ ਜਾਣ ਸਕਦੇ ਹਨ ਕਿ ਕੌਣ-ਕੌਣ ਦੇਸ਼ ਵਿੱਚ ਸੀ ਅਤੇ ਕੌਣ ਵਾਪਸ ਚਲਾ ਗਿਆ ਹੈ।

**ਪਰਵਾਸੀਆਂ ਲਈ ਕਾਨੂੰਨੀ ਫਾਇਦਾ**

ਜੇਕਰ ਕੋਈ ਵਿਅਕਤੀ ਜ਼ਬਰਦਸਤੀ ਡਿਪੋਰਟ ਕੀਤਾ ਜਾਂਦਾ ਹੈ, ਤਾਂ ਉਸ 'ਤੇ 10 ਸਾਲ ਤੱਕ ਅਮਰੀਕਾ ਆਉਣ 'ਤੇ ਪਾਬੰਦੀ ਲੱਗ ਸਕਦੀ ਹੈ। ਪਰ 'ਸੀਬੀਪੀ ਹੋਮ' ਤਹਿਤ ਵਾਪਸ ਜਾਣ ਵਾਲਿਆਂ ਲਈ ਭਵਿੱਖ ਦੇ ਰਾਹ ਖੁੱਲ੍ਹੇ ਹੋ ਸਕਦੇ ਹਨ। ਅਮਰੀਕੀ ਅਧਿਕਾਰੀਆਂ ਮੁਤਾਬਕ, ਸਵੈ-ਇੱਛਾ ਨਾਲ ਵਾਪਸ ਜਾਣ ਵਾਲੇ ਵਿਅਕਤੀ ਨੂੰ ਭਵਿੱਖ ਵਿੱਚ ਕਿਸੇ ਕਾਨੂੰਨੀ ਵੀਜ਼ਾ (ਜਿਵੇਂ ਵਰਕ ਵੀਜ਼ਾ) ਲਈ ਅਪਲਾਈ ਕਰਨ ਵੇਲੇ 'ਭਗੌੜਾ' ਨਹੀਂ ਮੰਨਿਆ ਜਾਵੇਗਾ। ਇਹ ਇੱਕ ਵੱਡਾ 'ਪਲੱਸ ਪੁਆਇੰਟ' ਹੈ।

ਭਾਵੇਂ ਇਹ ਯੋਜਨਾ ਕਾਗਜ਼ਾਂ 'ਤੇ ਬਹੁਤ ਵਧੀਆ ਲੱਗਦੀ ਹੈ, ਪਰ ਇਸ ਵਿੱਚ ਕੁਝ ਅੜਿੱਕੇ ਵੀ ਹਨ: ਕੀ .ਗੈਰ-ਕਾਨੂੰਨੀ ਪ੍ਰਵਾਸੀ ਐਪ 'ਤੇ ਆਪਣਾ ਡਾਟਾ ਦੇ ਕੇ ਸਰਕਾਰ 'ਤੇ ਭਰੋਸਾ ਕਰਨਗੇ ? ਇਹ ਯੋਜਨਾ ਸਿਰ.ਫ .ਗੈਰ-ਅਪਰਾਧਿਕ ਲੋਕਾਂ ਲਈ ਹੈ। ਜਿਨ੍ਹਾਂ 'ਤੇ ਕੋਈ ਕੇਸ ਹੈ, ਉਨ੍ਹਾਂ ਨੂੰ ਇਸ ਦਾ ਫਾਇਦਾ ਨਹੀਂ ਮਿਲੇਗਾ। ਕੀ ਉਸ ਵੱਡੇ ਕਰਜ਼ੇ ਦੀ ਭਰਪਾਈ ਕਰ ਸਕਣਗੇ ਜੋ ਇੱਕ ਪਰਵਾਸੀ ਨੇ 'ਡੌਂਕੀ' ਰਾਹੀਂ ਅਮਰੀਕਾ ਪਹੁੰਚਣ ਲਈ ਲਿਆ ਹੁੰਦਾ ਹੈ?

ਇਹ ਪ੍ਰੋਗਰਾਮ ਉਨ੍ਹਾਂ ਲਈ 'ਸੁਨਹਿਰੀ ਮੌਕਾ' ਹੈ ਜੋ ਅਮਰੀਕਾ ਵਿੱਚ ਬਿਨਾਂ ਕੰਮ ਅਤੇ ਬਿਨਾਂ ਪਛਾਣ ਦੇ ਸੰਘਰਸ਼ ਕਰ ਰਹੇ ਹਨ। ਇਹ 'ਡਰ ਦੇ ਸਾਏ' ਤੋਂ ਨਿਕਲ ਕੇ ਆਪਣੇ ਵਤਨ ਸਿਰ ਉੱਚਾ ਕਰਕੇ ਜਾਣ ਦਾ ਇੱਕ ਰਸਤਾ ਹੈ।

# ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ 'ਚ 20 .ਫੀਸਦੀ ਕਮੀ ਆਈ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਜਾਣ ਦੇ ਚਾਹਵਾਨ ਭਾਰਤੀਆਂ, ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਸਾਲ 2025 ਦੌਰਾਨ ਕੈਨੇਡਾ ਦੀ ਇਮੀਗ੍ਰੇਸ਼ਨ ਦਰ ਵਿੱਚ ਕਰੀਬ 20 .ਫੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਹ 2020 ਦੇ ਕੋਰੋਨਾ ਕਾਲ ਤੋਂ ਬਾਅਦ ਇਮੀਗ੍ਰੇਸ਼ਨ ਦਾ ਸਭ ਤੋਂ ਨੀਵਾਂ ਪੱਧਰ ਹੈ।

**ਭਾਰਤੀਆਂ ਦੀ ਆਮਦ ਵਿੱਚ ਭਾਰੀ ਕਮੀ**

ਤਾਜ਼ਾ ਅੰਕੜਿਆਂ ਅਨੁਸਾਰ ਸਾਲ 2024 ਵਿੱਚ ਜਿੱਥੇ 4,83,655 ਲੋਕਾਂ ਨੂੰ ਪੀ.ਆਰ. ਮਿਲੀ ਸੀ, ਉੱਥੇ ਹੀ 2025 ਵਿੱਚ ਇਹ ਗਿਣਤੀ ਘਟ ਕੇ 3,93,530 ਰਹਿ ਗਈ ਹੈ। ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਭਾਰਤੀਆਂ ਦੀ ਆਮਦ ਵਿੱਚ ਆਈ ਕਮੀ ਹੈ। ਕੈਨੇਡਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ 1,27,375 ਤੋਂ ਘਟ



ਕੇ 98,770 ਰਹਿ ਗਈ ਹੈ।

**ਵਿਦਿਆਰਥੀ ਵੀਜ਼ਿਆਂ 'ਤੇ ਪਈ ਵੱਡੀ ਮਾਰ**

ਸਭ ਤੋਂ ਚਿੰਤਾਜਨਕ ਅੰਕੜਾ ਵਿਦਿਆਰਥੀਆਂ ਨਾਲ ਜੁੜਿਆ ਹੈ:

**ਸਟੱਡੀ ਪਰਮਿਟ:** ਕੈਨੇਡਾ ਵੱਲੋਂ ਜਾਰੀ ਕੀਤੇ ਜਾਣ ਵਾਲੇ ਸਟੱਡੀ ਪਰਮਿਟਾਂ ਵਿੱਚ 25 .ਫੀਸਦੀ ਦੀ ਕਮੀ ਆਈ ਹੈ।

**ਭਾਰਤੀ ਵਿਦਿਆਰਥੀ:** ਇਸ ਗਿਰਾਵਟ ਵਿੱਚ 72 .ਫੀਸਦੀ ਹਿੱਸੇਦਾਰੀ ਇਕੱਲੇ ਭਾਰਤੀਆਂ ਦੀ ਹੈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ 1,88,175 ਤੋਂ ਅੱਧੀ ਰਹਿ ਕੇ ਸਿਰ.ਫ 94,605 ਰਹਿ ਗਈ ਹੈ।

**ਬਦਲਦੀਆਂ ਨੀਤੀਆਂ ਅਤੇ ਸਿਆਸੀ ਉਥਲ-ਪੁਥਲ**

ਮਾਹਿਰਾਂ ਅਨੁਸਾਰ ਕੈਨੇਡਾ ਵਿੱਚ ਵਧ ਰਹੇ ਇਮੀਗ੍ਰੇਸ਼ਨ ਵਿਰੋਧੀ ਰੁਝਾਨ ਕਾਰਨ ਸਰਕਾਰ ਨੇ ਆਪਣੀਆਂ ਨੀਤੀਆਂ ਵਿੱਚ ਸਖ਼ਤੀ ਕੀਤੀ ਹੈ। ਸਿਆਸੀ ਮੋਰਚੇ 'ਤੇ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ; ਜਸਟਿਨ ਟਰੂਡੋ ਨੇ ਮਾਰਚ 2025 ਵਿੱਚ ਅਸਤੀਫਾ ਦੇ ਦਿੱਤਾ ਸੀ, ਜਿਨ੍ਹਾਂ ਦੀ ਜਗ੍ਹਾ ਹੁਣ ਮਾਰਕ ਕਾਰਨੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਹਨ।

**ਹੋਰ ਖੇਤਰਾਂ 'ਤੇ ਵੀ ਅਸਰ**

ਸਿਰ.ਫ ਵਿਦਿਆਰਥੀ ਹੀ ਨਹੀਂ, ਸਗੋਂ ਹੋਰ ਸ਼੍ਰੇਣੀਆਂ ਵਿੱਚ ਵੀ ਗਿਰਾਵਟ ਦੇਖੀ ਗਈ ਹੈ:

-ਅਸਥਾਈ ਵਿਦੇਸ਼ੀ ਕਾਮਿਆਂ ਵਿੱਚ 12 .ਫੀਸਦੀ ਦੀ ਕਮੀ ਆਈ ਹੈ>

-ਆਰਥਿਕ ਇਮੀਗ੍ਰੈਂਟਸ ਵਿੱਚ 19 .ਫੀਸਦੀ ਅਤੇ ਫੈਮਿਲੀ ਸਪਾਂਸਰਸ਼ਿਪ ਵਿੱਚ 10 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਇਸ ਸਥਿਤੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਹੁਣ ਪਹਿਲਾਂ ਵਾਂਗ ਖੁੱਲ੍ਹੇ ਦਿਲ ਨਾਲ ਪ੍ਰਵਾਸੀਆਂ ਦਾ ਸਵਾਗਤ ਨਹੀਂ ਕਰ ਰਿਹਾ, ਜਿਸ ਕਾਰਨ ਭਾਰਤੀਆਂ ਦਾ ਰੁਝਾਨ ਹੁਣ ਦੂਜੇ ਮੁਲਕਾਂ ਵੱਲ ਵਧ ਸਕਦਾ ਹੈ।

## ਕੈਨੇਡਾ ਦੀ ਆਬਾਦੀ 'ਚ ਆਈ ਵੱਡੀ ਗਿਰਾਵਟ



ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੀ ਆਬਾਦੀ ਵਿੱਚ ਗਿਰਾਵਟ ਆਉਣੀ ਦਰਜ ਕੀਤੀ ਗਈ ਹੈ, ਜੋ ਕਿ ਦੇਸ਼ ਦੇ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਮਾਮਲਾ ਹੈ। ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਇਹ ਪਹਿਲਾ ਮੌਕਾ ਹੈ ਜਦੋਂ ਇੱਕ ਸਾਲ ਦੇ ਅੰਦਰ ਆਬਾਦੀ ਵਿੱਚ ਨੈੱਟ ਘਟਾਓ ਦਰਜ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਕ ਕੈਨੇਡਾ ਵਿੱਚ ਆਬਾਦੀ ਦੀ ਇਹ ਕਮੀ ਕਨਫੈਡਰੇਸ਼ਨ ਤੋਂ ਬਾਅਦ ਪਹਿਲੀ ਵਾਰ ਸਾਹਮਣੇ ਆਈ ਹੈ, ਜਿਸ ਨਾਲ ਮਾਹਿਰਾਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਇਹ ਤਬਦੀਲੀ ਦੇਸ਼ ਦੀ ਆਰਥਿਕਤਾ, ਮਜ਼ਦੂਰੀ ਬਾਜ਼ਾਰ ਅਤੇ ਇਮੀਗ੍ਰੇਸ਼ਨ ਨੀਤੀਆਂ 'ਤੇ ਵੀ ਅਸਰ ਪਾ ਸਕਦੀ ਹੈ। ਸਟੈਟਿਸਟਿਕਸ ਕੈਨੇਡਾ ਦੇ ਤਿਮਾਹੀ ਅੰਦਾਜ਼ਿਆਂ ਮੁਤਾਬਕ ਆਬਾਦੀ ਵਿੱਚ ਆਈ ਇਹ ਕਮੀ ਕਈ ਕਾਰਨਾਂ ਨਾਲ ਜੁੜੀ ਹੋ ਸਕਦੀ ਹੈ, ਜਿਸ ਵਿੱਚ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀ, ਜਨਮ ਦਰਾਂ ਵਿੱਚ ਕਮੀ ਅਤੇ ਕੁਝ ਹੱਦ ਤੱਕ ਦੇਸ਼ ਛੱਡ ਕੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਹੋਣਾ ਵੀ ਸ਼ਾਮਲ ਹੈ।

# ਵਿਸ਼ਵ ਦੇ ਸਭ ਤੋਂ ਖੁਸ਼ਹਾਲ ਦੇਸ਼ਾਂ ਦੀ ਸੂਚੀ ਵਿੱਚ ਫਿਨਲੈਂਡ ਪਹਿਲੇ ਨੰਬਰ 'ਤੇ

ਹੈਲਸਿੰਕੀ/ਏ.ਟੀ.ਨਿਊਜ਼: ਪਿਛਲੇ ਦਿਨੀਂ ਜਾਰੀ ਕੀਤੀ ਗਈ ਵਿਸ਼ਵ ਖੁਸ਼ਹਾਲੀ ਰਿਪੋਰਟ 2026 ਵਿੱਚ ਫਿਨਲੈਂਡ ਨੇ ਇੱਕ ਵਾਰ ਫਿਰ ਬਾਜ਼ੀ ਮਾਰਦਿਆਂ ਲਗਾਤਾਰ ਨੌਵੇਂ ਸਾਲ ਦੁਨੀਆ ਦੇ ਸਭ ਤੋਂ ਖੁਸ਼ਹਾਲ ਦੇਸ਼ ਦਾ ਖਿਤਾਬ ਹਾਸਲ ਕੀਤਾ ਹੈ। ਆਕਸਫੋਰਡ ਯੂਨੀਵਰਸਿਟੀ ਦੇ 'ਵੈਲਬੀਇੰਗ ਰਿਸਰਚ ਸੈਂਟਰ' ਵੱਲੋਂ ਤਿਆਰ ਕੀਤੀ ਇਸ ਸਾਲਾਨਾ ਰਿਪੋਰਟ ਵਿੱਚ ਆਈਸਲੈਂਡ, ਡੈਨਮਾਰਕ, ਸਵੀਡਨ ਅਤੇ ਨਾਰਵੇ ਵਰਗੇ ਨੌਰਡਿਕ ਦੇਸ਼ ਵੀ ਚੋਟੀ ਦੇ 10 ਸਥਾਨਾਂ ਵਿੱਚ ਸ਼ਾਮਲ ਹਨ। ਰਿਪੋਰਟ ਮੁਤਾਬਕ ਇਨ੍ਹਾਂ ਦੇਸ਼ਾਂ ਵਿੱਚ




ਸਮਾਜਿਕ ਸੁਰੱਖਿਆ ਅਤੇ ਜੀਵਨ ਪੱਧਰ ਬਿਹਤਰ ਹੋਣ ਕਾਰਨ ਲੋਕ ਵਧੇਰੇ ਸੰਤੁਸ਼ਟ ਹਨ।

ਹਾਲਾਂਕਿ, ਇਸ ਰਿਪੋਰਟ ਵਿੱਚ ਨੌਜਵਾਨਾਂ ਦੀ ਮਾਨਸਿਕ ਸਥਿਤੀ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਪੱਛਮੀ ਯੂਰਪ ਦੇ ਦੇਸ਼ਾਂ ਵਿੱਚ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਖੁਸ਼ਹਾਲੀ ਵਿੱਚ ਭਾਰੀ ਗਿਰਾਵਟ ਆਈ ਹੈ। ਇਸ ਦਾ ਮੁੱਖ ਕਾਰਨ ਸੋਸ਼ਲ ਮੀਡੀਆ 'ਤੇ ਬਿਤਾਇਆ ਜਾਣ ਵਾਲਾ ਲੰਬਾ ਸਮਾਂ ਮੰਨਿਆ ਜਾ ਰਿਹਾ ਹੈ।

ਮਾਹਿਰਾਂ ਅਨੁਸਾਰ, ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਖਾਸ ਕਰਕੇ ਕਿਸ਼ੋਰ ਕੁੜੀਆਂ ਦੀ ਮਾਨਸਿਕ ਸਿਹਤ 'ਤੇ ਮਾਰੂ ਅਸਰ ਪਾ ਰਹੀ ਹੈ, ਜਿਸ ਕਾਰਨ ਪਿਛਲੇ ਇੱਕ ਦਹਾਕੇ ਵਿੱਚ ਉਨ੍ਹਾਂ ਦੇ ਜੀਵਨ ਦੇ ਮੁਲਾਂਕਣ ਵਿੱਚ ਨਿਰਾਸ਼ਾ ਦੇਖਣ ਨੂੰ ਮਿਲੀ ਹੈ।

# ਊਰਜਾ ਬਾਜ਼ਾਰਾਂ 'ਚੋਂ ਰੂਸ ਨੂੰ ਬਾਹਰ ਕੱਢਣ ਦਾ ਯਤਨ ਕਰ ਰਿਹੈ ਅਮਰੀਕਾ: ਸਰਗੇਈ ਲਾਵਰੋਵ

ਮਾਸਕੋ/ਏ.ਟੀ.ਨਿਊਜ਼ : ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਹੈ ਕਿ ਮਾਸਕੋ ਨੂੰ ਮੌਜੂਦਾ ਸਮੇਂ ਵਿੱਚ ਰੂਸ ਦੇ ਹਿੱਤਾਂ ਦਾ ਸਤਿਕਾਰ ਕਰਨ ਲਈ ਅਮਰੀਕਾ ਦੀ ਕੋਈ ਵਚਨਬੱਧਤਾ ਨਜ਼ਰ ਨਹੀਂ ਆ ਰਹੀ, ਕਿਉਂਕਿ ਵਾਸ਼ਿੰਗਟਨ ਮਾਸਕੋ ਨੂੰ ਸਾਰੇ ਊਰਜਾ ਬਾਜ਼ਾਰਾਂ 'ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹੈ।



ਲਾਵਰੋਵ ਨੇ ਇੱਕ ਰੂਸੀ ਟੀ. ਵੀ. ਪ੍ਰੋਗਰਾਮ ਵਿਚ ਕਿਹਾ ਕਿ ਸਾਨੂੰ ਸਾਰੇ ਵਿਸ਼ਵਵਿਆਪੀ ਊਰਜਾ ਬਾਜ਼ਾਰਾਂ 'ਚੋਂ ਬਾਹਰ ਧੱਕਿਆ ਜਾ ਰਿਹਾ ਹੈ। ਅੰਤ ਵਿੱਚ ਸਿਰ.ਫ ਸਾਡਾ ਆਪਣਾ ਖੇਤਰ ਹੀ ਬਾਕੀ ਰਹਿ ਜਾਵੇਗਾ। ਅਮਰੀਕੀ ਸਾਡੇ ਕੋਲ ਆਉਣਗੇ ਅਤੇ ਕਹਿਣਗੇ ਕਿ ਉਹ ਸਾਡੇ ਨਾਲ ਸਹਿਯੋਗ ਕਰਨ ਲਈ ਤਿਆਰ ਹਨ ਪਰ ਜੇਕਰ ਅਸੀਂ ਆਪਣੇ ਖੇਤਰ 'ਚ ਆਪਸੀ ਲਾਭਕਾਰੀ ਪ੍ਰਾਜੈਕਟ ਲਾਗੂ ਕਰਨ ਅਤੇ ਅਮਰੀਕੀਆਂ ਨੂੰ ਉਨ੍ਹਾਂ ਦੀ ਦਿਲਚਸਪੀ ਵਾਲੀਆਂ ਚੀਜ਼ਾਂ ਮੁਹੱਈਆ ਕਰਵਾਉਣ ਲਈ ਤਿਆਰ ਹਾਂ ਅਤੇ ਆਪਣੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹਾਂ ਤਾਂ ਉਨ੍ਹਾਂ ਨੂੰ ਵੀ ਸਾਡੇ ਹਿੱਤਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਅਜੇ ਤੱਕ ਸਾਨੂੰ ਅਜਿਹਾ ਹੁੰਦਾ ਨਜ਼ਰ ਨਹੀਂ ਆ ਰਿਹਾ।

ਉਨ੍ਹਾਂ ਕਿਹਾ ਕਿ ਅਮਰੀਕਾ ਨੇ ਯੂਰਪੀਅਨ ਊਰਜਾ ਬਾਜ਼ਾਰਾਂ 'ਚ ਰੂਸ ਦੇ ਹਾਸ਼ੀਏ 'ਤੇ ਚਲੇ ਜਾਣ ਦਾ ਸਵਾਗਤ ਕੀਤਾ ਹੈ ਅਤੇ ਕਰਦਾ ਰਹੇਗਾ, ਜੋ ਉਨ੍ਹਾਂ ਦੇ ਅਨੁਸਾਰ, ਵਿਸ਼ਵ ਪੱਧਰ 'ਤੇ ਊਰਜਾ ਪ੍ਰਭੂਸੱਤਾ ਦਾ ਇੱਕ ਖੁੱਲ੍ਹਾ ਦਾਅਵਾ ਹੈ। ਲਾਵਰੋਵ ਨੇ ਕਿਹਾ ਕਿ ਇਹ ਇੱਕ ਅਸਧਾਰਨ ਸਥਿਤੀ ਹੈ-ਇੱਕ ਅਜਿਹੇ ਦੌਰ ਵਿੱਚ ਵਾਪਸੀ ਜਦੋਂ ਅੰਤਰਰਾਸ਼ਟਰੀ ਸਬੰਧਾਂ ਲਈ ਕੋਈ ਢਾਂਚਾ ਨਹੀਂ ਸੀ। ਇਹ ਸਪੱਸ਼ਟ ਤੌਰ 'ਤੇ ਕਿਹਾ ਗਿਆ ਸੀ ਕਿ ਅਮਰੀਕਾ ਦੇ ਹਿੱਤ ਕਿਸੇ ਵੀ ਅੰਤਰਰਾਸ਼ਟਰੀ ਸਮਝੌਤੇ ਤੋਂ ਉੱਪਰ ਹਨ।

# ਸਿੱਖ ਪਛਾਣ ਦੀ ਜੰਗ: ਬ੍ਰਿਟਿਸ਼ ਪਾਰਲੀਮੈਂਟ 'ਚ ਉੱਠੀ 'ਵੱਖਰੇ ਟਿਕ-ਬਾਕਸ' ਦੀ ਗੂੰਜ

## ਲੇਬਰ ਸਰਕਾਰ ਵੱਲੋਂ ਸਿੱਖਾਂ ਨੂੰ ਇੱਕ ਵੱਖਰੇ 'ਨਸਲੀ ਸਮੂਹ' ਵਜੋਂ ਮਾਨਤਾ ਦੇਣ ਦੇ ਦਿੱਤੇ ਗਏ ਸੰਕੇਤ

ਬ੍ਰਿਟੇਨ ਦੀ ਪਾਰਲੀਮੈਂਟ ਵਿੱਚ ਉੱਠ ਰਹੀ ਵੱਖਰੇ ਟਿਕ-ਬਾਕਸ ਦੀ ਗੂੰਜ ਸਿੱਖ ਕੌਮ ਦੀ ਲੰਬੀ ਪਛਾਣ ਦੀ ਲੜਾਈ ਦਾ ਨਵਾਂ ਮੋੜ ਹੈ। ਵੈਸਟਮਿੰਸਟਰ ਹਾਲ ਵਿੱਚ ਹਾਲ ਹੀ ਵਿੱਚ ਹੋਈ ਬਹਿਸ ਦੌਰਾਨ ਲੇਬਰ ਸਰਕਾਰ ਵੱਲੋਂ ਸਿੱਖਾਂ ਨੂੰ ਸਿਰਫ਼ ਇੱਕ ਧਾਰਮਿਕ ਸਮੂਹ ਨਹੀਂ, ਸਗੋਂ ਇੱਕ ਵੱਖਰੇ 'ਨਸਲੀ ਸਮੂਹ' ਵਜੋਂ ਮਾਨਤਾ ਦੇਣ ਦੇ ਦਿੱਤੇ ਗਏ ਸੰਕੇਤ ਇੱਕ ਇਤਿਹਾਸਕ ਮੋੜ ਦੀ ਦਸਤਕ ਹਨ। ਇਹ ਮਾਮਲਾ ਸਿਰਫ਼ ਇੱਕ ਫਾਰਮ ਦੇ ਖਾਨੇ ਦਾ ਨਹੀਂ—ਇਹ ਉਸ ਅਸੂਲ ਦਾ ਸਵਾਲ ਹੈ ਕਿ ਕੀ ਸਿੱਖਾਂ ਨੂੰ ਆਪਣੀ ਵੱਖਰੀ ਹੋਂਦ ਨਾਲ ਮਾਨਤਾ ਮਿਲੇਗੀ ਜਾਂ ਉਹਨਾਂ ਨੂੰ ਹਮੇਸ਼ਾ ਏਸ਼ੀਆਈ ਦੇ ਵਿਸ਼ਾਲ ਖਾਨੇ ਵਿੱਚ ਹੀ ਗੁੰਮ ਰੱਖਿਆ ਜਾਵੇਗਾ। ਹਾਲੀਆ ਸੰਸਦੀ ਚਰਚਾਵਾਂ ਵਿੱਚ ਲੇਬਰ ਪਾਰਟੀ ਦੇ ਕਈ ਆਗੂ ਇਸ ਮਸਲੇ ਨੂੰ ਉਭਾਰ ਰਹੇ ਹਨ। ਸਤਵੀਰ ਕੌਰ ਵਰਗੇ ਸਾਂਸਦਾਂ ਦੀ ਮੌਜੂਦਗੀ ਇਸ ਗੱਲ ਦਾ ਸੰਕੇਤ ਹੈ ਕਿ ਇਹ ਮੁੱਦਾ ਹੁਣ ਰਾਸ਼ਟਰੀ ਪੱਧਰ 'ਤੇ ਗੰਭੀਰਤਾ ਨਾਲ ਚਰਚਾ ਵਿੱਚ ਆ ਚੁੱਕਾ ਹੈ। ਪਰ ਇਸ ਸੰਘਰਸ਼ ਦਾ ਅਸਲ ਆਧਾਰ ਉਹ ਆਵਾਜ਼ਾਂ ਹਨ ਜੋ ਸਾਲਾਂ ਤੋਂ ਲਗਾਤਾਰ ਇਸ ਮੰਗ ਨੂੰ ਜਿੰਦਾ ਰੱਖ ਰਹੀਆਂ ਹਨ।





ਇੱਥੇ ਖਾਸ ਜ਼ਿਕਰ ਕਰਨਾ ਲਾਜ਼ਮੀ ਹੈ ਪ੍ਰੀਤ ਕੌਰ ਗਿਲ ਦਾ, ਜਿਨ੍ਹਾਂ ਨੇ ਬ੍ਰਿਟਿਸ਼ ਪਾਰਲੀਮੈਂਟ ਵਿੱਚ ਸਿੱਖ ਪਛਾਣ ਦੇ ਮਸਲੇ ਨੂੰ ਵਾਰ-ਵਾਰ ਉੱਠਾਇਆ ਹੈ। ਉਹ ਸਿਰਫ਼ ਇੱਕ ਸਾਂਸਦ ਨਹੀਂ, ਸਗੋਂ ਇਸ ਮੁਹਿੰਮ ਦੀ ਅੱਗੇ ਤੋਰਨ ਵਾਲੀ ਬੁਲੰਦ ਆਵਾਜ਼ ਹਨ, ਜਿਨ੍ਹਾਂ ਨੇ ਸਰਕਾਰ 'ਤੇ ਦਬਾਅ ਬਣਾਇਆ ਕਿ ਸਿੱਖਾਂ ਨੂੰ ਸਿਰਫ਼ ਧਾਰਮਿਕ ਨਹੀਂ, ਸਗੋਂ ਨਸਲੀ ਘੱਟਗਿਣਤੀ ਵਜੋਂ ਵੀ ਮੰਨਿਆ ਜਾਵੇ। ਇਹ ਲੜਾਈ ਕਿਸੇ ਇੱਕ ਦਿਨ ਦੀ ਨਹੀਂ—ਇਹ ਲਗਾਤਾਰ ਸਿਆਸੀ ਅਤੇ ਕਮਿਊਨਿਟੀ ਦਬਾਅ ਦਾ ਨਤੀਜਾ ਹੈ।

ਇਸ ਮਸਲੇ ਦੀ ਕਾਨੂੰਨੀ ਬੁਨਿਆਦ ਵੀ ਮਜ਼ਬੂਤ ਹੈ। 1983 ਦੇ ਪ੍ਰਸਿੱਧ ਕੇਸ ਵਿੱਚ ਸਿੱਖਾਂ ਨੂੰ ਨਸਲੀ ਸਮੂਹ ਵਜੋਂ ਮਾਨਤਾ ਦਿੱਤੀ ਜਾ ਚੁੱਕੀ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਦਹਾਕਿਆਂ ਬਾਅਦ ਵੀ ਇਹ ਮਾਨਤਾ ਜਨਗਣਨਾ ਅਤੇ ਸਰਕਾਰੀ ਡੇਟਾ ਵਿੱਚ ਪੂਰੀ ਤਰ੍ਹਾਂ ਨਹੀਂ ਦਿਖਾਈ ਦਿੰਦੀ। ਇਸਦਾ ਸਿੱਧਾ ਨੁਕਸਾਨ ਸਿੱਖ ਕੌਮ ਨੂੰ ਝੱਲਣਾ ਪੈਂਦਾ ਹੈ। ਇਸ ਮਾਨਤਾ ਦਾ ਸਭ ਤੋਂ ਵੱਡਾ ਲਾਭ 'ਹੇਟ ਕ੍ਰਾਈਮ' (ਨਸਲੀ ਨਫ਼ਰਤ ਦੇ ਅਪਰਾਧਾਂ) ਦੇ ਖੇਤਰ ਵਿੱਚ ਹੋਵੇਗਾ। ਵਰਤਮਾਨ ਵਿੱਚ, ਜਦੋਂ ਕਿਸੇ ਸਿੱਖ ਦੀ ਦਸਤਾਰ ਜਾਂ ਕਿਰਪਾਨ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਤਾਂ ਉਸ ਨੂੰ ਅਕਸਰ 'ਏਸ਼ੀਅਨ ਵਿਰੁੱਧ ਅਪਰਾਧ' ਵਜੋਂ ਦਰਜ ਕੀਤਾ ਜਾਂਦਾ ਹੈ। ਇਸ ਨਾਲ ਸਿੱਖਾਂ ਵਿਰੁੱਧ ਹੋਣ ਵਾਲੀ ਖਾਸ ਕਿਸਮ ਦੀ ਨਫ਼ਰਤ ਦਾ ਅਸਲ ਡੇਟਾ ਸਾਹਮਣੇ ਨਹੀਂ ਆਉਂਦਾ। ਜੇਕਰ 2031 ਦੀ ਜਨਗਣਨਾ ਵਿੱਚ ਵੱਖਰਾ 'ਟਿਕ-ਬਾਕਸ' ਮਿਲਦਾ ਹੈ, ਤਾਂ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਕੋਲ ਸਿੱਖਾਂ ਵਿਰੁੱਧ ਹਿੰਸਾ ਦੇ ਸਹੀ ਅੰਕੜੇ ਹੋਣਗੇ, ਜਿਸ ਨਾਲ ਗੁਰਦੁਆਰਿਆਂ ਦੀ ਸੁਰੱਖਿਆ ਅਤੇ ਕਮਿਊਨਿਟੀ ਫੰਡਿੰਗ ਲਈ ਠੋਸ ਨੀਤੀਆਂ ਬਣਾਈਆਂ ਜਾ ਸਕਣਗੀਆਂ।

ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰਾਂ ਵਿੱਚ ਵੀ ਇਹ ਗੈਰ-ਸਪੱਸ਼ਟਤਾ ਵੱਡੀ ਰੁਕਾਵਟ ਹੈ। ਸਿਹਤ ਸੇਵਾਵਾਂ ਦੇ ਪੱਖ ਤੋਂ ਵੀ ਇਹ ਕਦਮ ਸਹੀ ਸਾਬਤ ਹੋ ਸਕਦਾ ਹੈ। ਭਾਵੇਂ ਦੱਖਣੀ ਏਸ਼ੀਆਈ ਲੋਕਾਂ ਵਿੱਚ ਦਿਲ ਦੇ ਰੋਗ ਅਤੇ ਸ਼ੂਗਰ ਆਮ ਹਨ, ਪਰ ਸਿੱਖਾਂ ਦੀ ਖਾਸ ਜੀਵਨ-ਸ਼ੈਲੀ, ਖੁਰਾਕ ਅਤੇ ਸੱਭਿਆਚਾਰਕ ਪਿਛੋਕੜ ਕਾਰਨ ਉਹਨਾਂ ਦੀਆਂ ਸਿਹਤ ਲੋੜਾਂ ਵੱਖਰੀਆਂ ਹੋ ਸਕਦੀਆਂ ਹਨ। ਵੱਖਰੇ ਡੇਟਾ ਰਾਹੀਂ ਪੰਜਾਬੀ ਭਾਸ਼ਾ ਵਿੱਚ ਜਾਗਰੂਕਤਾ ਮੁਹਿੰਮਾਂ ਅਤੇ ਵਿਸ਼ੇਸ਼ ਮੈਡੀਕਲ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ, ਜੋ ਸਿੱਖ ਭਾਈਚਾਰੇ ਦੀ ਸਿਹਤ ਸਥਿਤੀ ਨੂੰ ਬਿਹਤਰ ਬਣਾਉਣ ਵਿੱਚ ਸਹਾਈ ਹੋਣਗੇ।

?ਰੁਜ਼ਗਾਰ ਅਤੇ ਸਿੱਖਿਆ ਦੇ ਖੇਤਰ ਵਿੱਚ 'ਡਾਇਵਰਸਿਟੀ' (ਵਿਭਿੰਨਤਾ) ਦੀਆਂ ਰਿਪੋਰਟਾਂ ਹੁਣ ਸਿੱਖਾਂ ਦੀ ਅਸਲ ਪ੍ਰਤੀਨਿਧਤਾ ਨੂੰ ਸਪੱਸ਼ਟ ਕਰਨਗੀਆਂ। ਜੇਕਰ ਵੱਡੀਆਂ ਕੰਪਨੀਆਂ ਜਾਂ ਸਰਕਾਰੀ ਅਹੁਦਿਆਂ 'ਤੇ ਸਿੱਖਾਂ ਦੀ ਗਿਣਤੀ ਘੱਟ ਹੋਵੇਗੀ, ਤਾਂ ਭਾਈਚਾਰਾ ਅੰਕੜਿਆਂ ਦੇ ਅਧਾਰ 'ਤੇ ਆਪਣੇ ਹੱਕਾਂ ਦੀ ਮੰਗ ਕਰ ਸਕੇਗਾ। ਇਹ ਫੰਡਿੰਗ ਦੀ ਵੰਡ ਵਿੱਚ ਵੀ ਪਾਰਦਰਸ਼ਤਾ ਲਿਆਏਗਾ, ਕਿਉਂਕਿ ਸਿੱਖ ਬਹੁਲਤਾ ਵਾਲੇ ਇਲਾਕਿਆਂ ਨੂੰ ਉਹਨਾਂ ਦੀ ਅਬਾਦੀ ਦੇ ਸਹੀ ਅਨੁਪਾਤ ਵਿੱਚ ਵਸੀਲੇ ਮੁਹੱਈਆ ਕਰਵਾਏ ਜਾਣਗੇ।

(ਬਾਕੀ ਸਫ਼ਾ 27 'ਤੇ)

# ਕੈਨੇਡਾ-ਭਾਰਤ ਸਬੰਧ ਸੁਧਰੇ, ਕੀ ਵਪਾਰਕ ਹਿਤਾਂ ਕਾਰਨ ਸਿੱਖ ਸੁਰੱਖਿਆ ਨੂੰ ਕੀਤਾ ਅੱਖੋਂ ਪਰੋਖੇ ?

## ਆਰ.ਸੀ.ਐਮ.ਪੀ. ਪੁਲਿਸ ਦਾ ਯੂ-ਟਰਨ: ਕੈਨੇਡਾ ਵਿੱਚ ਹੁਣ ਭਾਰਤ ਨਾਲ ਜੁੜੀ ਕਿਸੇ ਗੁਪਤ ਗਤੀਵਿਧੀ ਦੇ ਸਬੂਤ ਨਹੀਂ

## ਮਾਰਕ ਕਾਰਨੀ ਦੀ 'ਵਿਵਹਾਰਕ ਰਾਜਨੀਤੀ': ਸਿੱਖ ਮੁੱਦਿਆਂ 'ਤੇ ਆਰਥਿਕ ਹਿੱਤ ਭਾਰੂ ?

ਕੈਨੇਡਾ ਦੀ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਕਮਿਸ਼ਨਰ ਮਾਈਕ ਡੁਹੇਮ ਦੇ ਤਾਜ਼ਾ ਬਿਆਨ ਨੇ ਕੈਨੇਡਾ ਵਿੱਚ ਵਸਦੇ ਸਿੱਖ ਭਾਈਚਾਰੇ ਅੰਦਰ ਭਾਰੀ ਰੋਸ ਅਤੇ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਬੀਤੇ ਦਿਨੀਂ ਕਮਿਸ਼ਨਰ ਨੇ ਦਾਅਵਾ ਕੀਤਾ ਸੀ ਕਿ ਮੌਜੂਦਾ ਜਾਂਚ ਵਿੱਚ ਕੈਨੇਡਾ ਅੰਦਰ ਹੋ ਰਹੀਆਂ ਹਿੰਸਕ ਘਟਨਾਵਾਂ ਜਾਂ ਧਮਕੀਆਂ ਦਾ ਸਿੱਧਾ ਸਬੰਧ ਭਾਰਤ ਸਰਕਾਰ ਨਾਲ ਹੋਣ ਦੇ ਸਬੂਤ ਨਹੀਂ ਮਿਲੇ ਹਨ। ਇਹ ਬਿਆਨ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਉਨ੍ਹਾਂ ਦਾਅਵਿਆਂ ਦੇ ਬਿਲਕੁਲ ਉਲਟ ਹੈ, ਜਿਸ ਵਿੱਚ ਉਨ੍ਹਾਂ ਨੇ ਸ਼ਹੀਦ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦੇ ਸ਼ਾਮਲ ਹੋਣ ਦੇ 'ਭਰੋਸੇਯੋਗ ਸਬੂਤ' ਹੋਣ ਦੀ ਗੱਲ ਕਹੀ ਸੀ।

ਪੰਥਕ ਹਲਕਿਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਵੱਲੋਂ ਇਸ ਬਿਆਨ ਨੂੰ ਕੈਨੇਡਾ ਦੀ ਨਵੀਂ ਮਾਰਕ ਕਾਰਨੀ ਸਰਕਾਰ ਦੀ ਬਦਲੀ ਹੋਈ ਸਿਆਸਤ ਵਜੋਂ ਦੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਹਾਲ ਹੀ ਵਿੱਚ ਭਾਰਤ ਨਾਲ ਕੀਤੇ ਗਏ ਯੂਰੇਨੀਅਮ ਅਤੇ ਖਣਿਜ ਸਮਝੌਤੇ ਇਹ ਸੰਕੇਤ ਦਿੰਦੇ ਹਨ ਕਿ ਕੈਨੇਡਾ ਹੁਣ ਵਪਾਰਕ ਹਿੱਤਾਂ ਲਈ ਸਿੱਖ ਮੁੱਦਿਆਂ, ਨਿਆਂ ਤੇ ਹੱਕਾਂ ਨੂੰ ਪਿੱਛੇ ਧੱਕ ਰਿਹਾ ਹੈ। ਕਮਿਸ਼ਨਰ ਨੇ ਮੰਨਿਆ ਹੈ ਕਿ ਕੈਨੇਡਾ ਵਿੱਚ ਸਿੱਖਾਂ ਨੂੰ ਅਜੇ ਵੀ 'ਡਰਾਇਆ-ਧਮਕਾਇਆ ਅਤੇ ਪਰੇਸ਼ਾਨ' ਕੀਤਾ ਜਾ ਰਿਹਾ ਹੈ। ਸਵਾਲ ਉੱਠਦਾ ਹੈ ਕਿ ਜੇਕਰ ਇਹ ਹਮਲੇ



ਵਿਦੇਸ਼ੀ ਏਜੰਟ ਨਹੀਂ ਕਰ ਰਹੇ, ਤਾਂ ਕੈਨੇਡੀਅਨ ਪੁਲਿਸ ਉਨ੍ਹਾਂ ਅਪਰਾਧੀਆਂ ਨੂੰ ਫੜਨ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਦਾ ਪਰਦਾਫ਼ਾਸ਼ ਕਰਨ ਵਿੱਚ ਅਸਫ਼ਲ ਕਿਉਂ ਰਹੀ ਹੈ। ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਜਿਸ ਤਰ੍ਹਾਂ ਕੈਨੇਡਾ ਨੇ ਪੂਰੀ ਦੁਨੀਆ ਸਾਹਮਣੇ ਭਾਰਤ 'ਤੇ ਉਂਗਲ ਚੁੱਕੀ ਸੀ, ਹੁਣ ਉਸ ਤੋਂ ਪਿੱਛੇ ਹਟਣਾ ਕੈਨੇਡਾ ਦੀ ਆਪਣੀ ਜਾਂਚ ਪ੍ਰਣਾਲੀ ਅਤੇ ਨੈਤਿਕਤਾ 'ਤੇ ਸਵਾਲ ਖੜ੍ਹੇ ਕਰਦਾ ਹੈ।

### ਸਿੱਖ ਭਾਈਚਾਰੇ ਦੀ ਤਿੱਖੀ ਪ੍ਰਤੀਕਿਰਿਆ

ਕੈਨੇਡਾ ਦੀਆਂ ਪ੍ਰਮੁੱਖ ਸਿੱਖ ਜਥੇਬੰਦੀਆਂ ਨੇ ਇਸ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਆਰ.ਸੀ.ਐਮ.ਪੀ. ਦਾ ਇਹ ਬਿਆਨ ਸਿਰਫ਼ ਭਾਰਤ ਨਾਲ ਸਬੰਧ ਸੁਧਾਰਨ ਲਈ ਇੱਕ ਸਿਆਸੀ ਵਰਤਾਰਾ ਹੈ। ਪੰਥਕ ਆਗੂਆਂ ਅਨੁਸਾਰ, ਭਾਰਤ ਨੂੰ ਕਲੀਨ ਚਿੱਟ ਦੇਣ ਨਾਲ ਉਨ੍ਹਾਂ ਅਨਸਰਾਂ ਦੇ ਹੌਸਲੇ ਹੋਰ ਵਧਣਗੇ ਜੋ ਕੈਨੇਡਾ ਦੀ ਧਰਤੀ 'ਤੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਕੁਝ ਪੰਥਕ ਹਲਕਿਆਂ ਵਿੱਚ ਇਹ ਚਰਚਾ ਹੈ ਕਿ ਮਾਰਕ ਕਾਰਨੀ ਦੀ ਲਿਬਰਲ ਸਰਕਾਰ ਹੁਣ ਨਿਆਂਇਕ ਹਿੱਤਾਂ ਦੀ ਬਜਾਏ ਕੈਨੇਡਾ ਦੇ ਕਾਰਪੋਰੇਟ ਹਿੱਤਾਂ ਨੂੰ ਪਹਿਲ ਦੇ ਰਹੀ ਹੈ। ਆਗੂਆਂ ਦਾ ਦੋਸ਼ ਹੈ ਕਿ ਕੈਨੇਡਾ ਨੇ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿੱਚ ਇਨਸਾਫ਼ ਦੀ ਲੜਾਈ ਨੂੰ ਵਿਚਾਲੇ ਹੀ ਛੱਡ ਦਿੱਤਾ ਹੈ।

ਇੱਕ ਪਾਸੇ ਕੈਨੇਡਾ ਦੀ ਖੁਫ਼ੀਆ ਏਜੰਸੀ ਸੀ.ਐਸ.ਐਸ.ਆਈ.ਐਸ. ਅਜੇ ਵੀ ਭਾਰਤ ਨੂੰ ਵਿਦੇਸ਼ੀ ਦਖਲਅੰਦਾਜ਼ੀ ਵਾਲੇ ਦੇਸ਼ਾਂ ਵਿੱਚ ਗਿਣਦੀ ਹੈ, ਪਰ ਪੁਲਿਸ ਵੱਲੋਂ ਦਿੱਤੀ ਗਈ ਕਲੀਨ ਚਿੱਟ ਕੈਨੇਡੀਅਨ ਸੁਰੱਖਿਆ ਤੰਤਰ ਦੇ ਅੰਦਰੂਨੀ ਖੋਖਲੇਪਣ ਨੂੰ ਦਰਸਾਉਂਦੀ ਹੈ। ਕੈਨੇਡਾ ਸਰਕਾਰ ਦੀ ਇਹ 'ਨਵੀਂ ਸ਼ੁਰੂਆਤ' ਭਾਰਤ ਲਈ ਭਾਵੇਂ ਡਿਪਲੋਮੈਟਿਕ ਜਿੱਤ ਹੋਵੇ, ਪਰ ਕੈਨੇਡੀਅਨ ਸਿੱਖਾਂ ਲਈ ਇਹ ਇੱਕ ਵੱਡਾ ਝਟਕਾ ਹੈ।

(ਬਾਕੀ ਸਫ਼ਾ 27 'ਤੇ)

# ਵਿਸ਼ਵ ਪੱਧਰ 'ਤੇ ਪੈਦਾ ਹੋ ਸਕਦੈ ਅੰਨ ਦਾ ਸੰਕਟ

## ਖੇਤੀਬਾੜੀ ਅਤੇ ਭੋਜਨ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਹੋਇਆ

ਨਿਊਯਾਰਕ/ਏ.ਟੀ.ਨਿਊਜ਼: ਜਿੱਥੇ ਪੂਰੀ ਦੁਨੀਆ ਦਾ ਧਿਆਨ ਮੱਧ ਪੂਰਬ ਵਿੱਚ ਡਿਮੋਨਾ 'ਤੇ ਹੋ ਰਹੇ ਮਿਜ਼ਾਈਲ ਹਮਲਿਆਂ ਅਤੇ ਹੋਰਮੁਜ਼ ਜਲਡਮਰੂ ਵੱਲ ਵਧ ਰਹੇ ਜੰਗੀ ਜਹਾਜ਼ਾਂ 'ਤੇ ਟਿਕਿਆ ਹੋਇਆ ਹੈ, ਉੱਥੇ ਹੀ ਪਰਦੇ ਦੇ ਪਿੱਛੇ ਇੱਕ ਗੰਭੀਰ ਸੰਕਟ ਪੈਦਾ ਹੋ ਗਿਆ ਹੈ ਜੋ ਸਿੱਧਾ ਤੁਹਾਡੀ ਰਸੋਈ ਅਤੇ ਖਾਣੇ ਦੀ ਪਲੇਟ 'ਤੇ ਅਸਰ ਪਾਵੇਗਾ। ਹੋਰਮੁਜ਼ ਦੇ 21 ਮੀਲ ਚੌੜੇ ਰਸਤੇ ਵਿੱਚ ਦੁਨੀਆ ਦੀ ਨਾਈਟ੍ਰੋਜਨ ਖਾਦ ਦੀ ਸਪਲਾਈ ਬੁਰੀ ਤਰ੍ਹਾਂ ਫਸ ਗਈ ਹੈ, ਜਿਸ ਨਾਲ ਵਿਸ਼ਵ ਪੱਧਰ 'ਤੇ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਨੂੰ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ।

### ਖਾਦ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ

ਸਮੁੰਦਰ ਰਾਹੀਂ ਭੇਜੀ ਜਾਣ ਵਾਲੀ ਦੁਨੀਆ ਦੀ ਇੱਕ-ਤਿਹਾਈ ਨਾਈਟ੍ਰੋਜਨ ਖਾਦ ਇਸ ਸਮੇਂ ਫਾਰਸ ਦੀ ਖਾੜੀ ਵਿੱਚ ਫਸੀ ਹੋਈ ਹੈ। ਇੱਕ ਮਿਲੀਅਨ ਮੀਟ੍ਰਿਕ ਟਨ ਖਾਦ ਲੈ ਕੇ ਜਾ ਰਹੇ 21 ਜਹਾਜ਼ ਉੱਥੋਂ ਹਿੱਲ ਨਹੀਂ ਸਕਦੇ। ਇਸ ਦਾ ਅਸਰ ਇਹ ਹੋਇਆ ਹੈ ਕਿ ਨਿਊ ਓਰਲੀਨਜ਼ (ਅਮਰੀਕਾ) ਵਿੱਚ ਯੂਰੀਆ ਦੀ ਕੀਮਤ ਸਿਰਫ਼ ਇੱਕ ਹਫ਼ਤੇ ਵਿੱਚ 516 ਡਾਲਰ ਤੋਂ ਵਧ ਕੇ 683 ਡਾਲਰ ਪ੍ਰਤੀ ਟਨ ਹੋ ਗਈ ਹੈ।

### ਭਾਰਤ ਅਤੇ ਗੁਆਂਢੀ ਦੇਸ਼ਾਂ ਦੀ ਹਾਲਤ ਨਾਜ਼ੁਕ

ਇਸ ਸੰਕਟ ਨੇ ਏਸ਼ੀਆਈ ਦੇਸ਼ਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਭਾਰਤ ਦੇ ਖਾਦ ਪਲਾਂਟ ਇਸ ਸਮੇਂ ਆਪਣੀ ਸਮਰੱਥਾ ਦੇ ਸਿਰਫ਼ 60 ਫ਼ੀਸਦੀ 'ਤੇ ਚੱਲ ਰਹੇ ਹਨ। ਭਾਰਤ ਸਰਕਾਰ ਨੇ ਚੀਨ ਤੋਂ ਐਮਰਜੈਂਸੀ ਯੂਰੀਆ ਦੀ ਮੰਗ ਕੀਤੀ ਸੀ, ਪਰ ਚੀਨ ਨੇ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਉਸ ਨੇ ਆਪਣੇ ਕਿਸਾਨਾਂ ਨੂੰ ਬਚਾਉਣ ਲਈ ਨਾਈਟ੍ਰੋਜਨ-ਪੋਟਾਸ਼ੀਅਮ ਅਤੇ ਫਾਸਫੇਟ ਦੀ



ਬਰਾਮਦ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਬੰਗਲਾਦੇਸ਼ ਨੇ ਆਪਣੇ ਛੇ ਵਿੱਚੋਂ ਪੰਜ ਯੂਰੀਆ ਪਲਾਂਟ ਬੰਦ ਕਰ ਦਿੱਤੇ ਹਨ, ਜਿਸ ਨਾਲ 17 ਕਰੋੜ ਲੋਕਾਂ ਦਾ ਢਿੱਡ ਭਰਨ ਵਾਲੀ ਝੋਨੇ ਦੀ ਫ਼ਸਲ 'ਤੇ ਖ਼ਤਰਾ ਮੰਡਰਾ ਰਿਹਾ ਹੈ। ਪਾਕਿਸਤਾਨ ਵਿੱਚ ਉਤਪਾਦਨ ਰੁਕ ਗਿਆ ਹੈ, ਜਦਕਿ ਸ਼੍ਰੀਲੰਕਾ ਆਪਣੀ ਲੋੜ ਦੀ 70 ਫ਼ੀਸਦੀ ਖਾਦ ਖਾੜੀ ਦੇਸ਼ਾਂ ਤੋਂ ਮੰਗਵਾਉਂਦਾ ਹੈ, ਜੋ ਕਿ ਹੁਣ ਪੂਰੀ ਤਰ੍ਹਾਂ ਬੰਦ ਹੈ।

### ਤੇਲ ਨੂੰ ਪਹਿਲ, ਅੰਨ ਨੂੰ ਅਣਦੇਖਿਆ

ਹੋਰਮੁਜ਼ ਜਲਡਮਰੂ ਤੋਂ ਜੰਗ ਸ਼ੁਰੂ ਹੋਣ ਤੋਂ ਬਾਅਦ ਲੰਘਣ ਵਾਲਾ ਪਹਿਲਾ ਜਹਾਜ਼ ਪਾਕਿਸਤਾਨ ਦਾ ਤੇਲ ਟੈਂਕਰ ਸੀ, ਨਾ ਕਿ ਖਾਦ ਦਾ ਜਹਾਜ਼। ਇਹ ਦਰਸਾਉਂਦਾ ਹੈ ਕਿ ਅਰਥਵਿਵਸਥਾ ਨੂੰ ਚਲਾਉਣ ਵਾਲੇ ਈਂਧਨ (ਤੇਲ) ਨੂੰ ਲੋਕਾਂ ਦਾ ਢਿੱਡ ਭਰਨ ਵਾਲੀ ਖਾਦ ਨਾਲੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਜਦੋਂ ਕਿ ਖਾੜੀ ਦੇਸ਼ ਦੁਨੀਆ ਦੇ ਯੂਰੀਆ ਨਿਰਯਾਤ ਦਾ 49 ਫ਼ੀਸਦੀ ਅਤੇ ਅਮੋਨੀਆ ਦਾ 30 ਫੀਸਦੀ ਹਿੱਸਾ ਸਪਲਾਈ ਕਰਦੇ ਹਨ।

### ਖੇਤੀਬਾੜੀ ਦੇ ਸੀਜ਼ਨ 'ਤੇ ਖ਼ਤਰਾ

ਭਾਰਤ ਵਿੱਚ ਖਰੀਫ ਸੀਜ਼ਨ ਮਈ ਵਿੱਚ ਸ਼ੁਰੂ ਹੋਣ ਵਾਲਾ ਹੈ ਅਤੇ ਅਮਰੀਕਾ ਵਿੱਚ ਮੱਕੀ ਦੀ ਬਿਜਾਈ ਦਾ ਸਮਾਂ ਤਿੰਨ ਹਫ਼ਤਿਆਂ ਵਿੱਚ ਸ਼ੁਰੂ ਹੋ ਰਿਹਾ ਹੈ। ਮਾਹਿਰਾਂ ਅਨੁਸਾਰ, ਜੇਕਰ ਅੱਜ ਖਾੜੀ ਤੋਂ ਜਹਾਜ਼ ਰਵਾਨਾ ਹੁੰਦਾ ਹੈ, ਤਾਂ ਉਸ ਨੂੰ ਖੇਤਾਂ ਤੱਕ ਪਹੁੰਚਣ ਲਈ ਦੋ ਮਹੀਨੇ ਲੱਗ ਜਾਣਗੇ। ਨਾਈਟ੍ਰੋਜਨ ਦੀ 20 ਫ਼ੀਸਦੀ ਕਮੀ ਦੁਨੀਆ ਦੀ ਫ਼ਸਲ ਦੇ ਝਾੜ ਨੂੰ ਸਥਾਈ ਤੌਰ 'ਤੇ 5 ਤੋਂ 10 ਫ਼ੀਸਦੀ ਤੱਕ ਘਟਾ ਸਕਦੀ ਹੈ।

ਸੂਤਰ ਚਿਤਾਵਨੀ ਦਿੰਦੇ ਹਨ ਕਿ ਜੇਕਰ 15 ਅਪ੍ਰੈਲ ਨੂੰ ਜੰਗਬੰਦੀ ਹੋ ਵੀ ਜਾਂਦੀ ਹੈ, ਤਾਂ ਵੀ 16 ਅਪ੍ਰੈਲ ਨੂੰ ਮਿੱਟੀ ਵਿੱਚ ਨਾਈਟ੍ਰੋਜਨ ਨਹੀਂ ਪਹੁੰਚ ਸਕੇਗੀ ਕਿਉਂਕਿ ਖੇਤੀਬਾੜੀ ਦਾ ਕੈਲੰਡਰ ਰਾਸ਼ਟਰਪਤੀਆਂ ਜਾਂ ਜਰਨੈਲਾਂ ਨਾਲ ਸੌਦੇਬਾਜ਼ੀ ਨਹੀਂ ਕਰਦਾ। ਜਿਹੜੀ ਫ਼ਸਲ ਸਮੇਂ ਸਿਰ ਖਾਦ ਨਾ ਮਿਲਣ ਕਾਰਨ ਬਰਬਾਦ ਹੋ ਗਈ, ਉਹ ਕਦੇ ਵਾਪਸ ਨਹੀਂ ਆਵੇਗੀ।

# ਗ਼ੈਰ ਕਾਨੂੰਨੀ ਪ੍ਰਵਾਸ ਬਣਿਆ ਗੰਭੀਰ ਚੁਣੌਤੀ



## ਆਪਣੀ ਜ਼ਿੰਦਗੀ ਜ਼ੋਖ਼ਮ 'ਚ ਪਾ ਕੇ ਵਿਦੇਸ਼ ਜਾਂਦੇ ਨੇ ਪੰਜਾਬੀ ਨੌਜਵਾਨ

## ਫ਼ਰਜ਼ੀ ਟ੍ਰੈਵਲ ਏਜੰਟ ਉਤਸ਼ਾਹਿਤ ਕਰਦੇ ਨੇ ਗ਼ੈਰ ਕਾਨੂੰਨੀ ਪ੍ਰਵਾਸ

## ਪੰਜਾਬ ਦੇ ਦੋਆਬਾ ਖੇਤਰ 'ਚ ਫ਼ਰਜ਼ੀ ਟ੍ਰੈਵਲ ਏਜੰਟਾਂ ਨੇ ਵਿਛਾਇਆ ਜਾਲ



ਗ਼ੈਰ-ਕਾਨੂੰਨੀ ਪ੍ਰਵਾਸ ਕਈ ਦੇਸ਼ਾਂ ਲਈ ਲੰਬੇ ਸਮੇਂ ਤੋਂ ਇੱਕ ਗੰਭੀਰ ਚੁਣੌਤੀ ਬਣਿਆ ਹੋਇਆ ਹੈ ਅਤੇ ਭਾਰਤ ਵੀ ਇਸ ਤੋਂ ਅਛੂਤਾ ਨਹੀਂ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਵਿਦੇਸ਼ਾਂ 'ਚ ਭਾਰਤੀਆਂ ਦੀ ਇੱਕ ਬਹੁਤ ਵੱਡੀ ਗਿਣਤੀ ਨਿਵਾਸ ਕਰਦੀ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਕਾਨੂੰਨੀ ਤਰੀਕੇ ਨਾਲ ਗਏ ਹਨ ਪਰ ਇੱਕ ਵੱਡਾ ਹਿੱਸਾ ਅਜਿਹਾ ਵੀ ਹੈ ਜੋ ਧੋਖੇਬਾਜ਼ ਏਜੰਟਾਂ ਦੁਆਰਾ ਅਪਣਾਏ ਗਏ ਗੁੰਮਰਾਹਕੁੰਨ ਹੱਥਕੰਡਿਆਂ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਗੈਰ-ਕਾਨੂੰਨੀ ਰਸਤਿਆਂ ਰਾਹੀਂ ਵਿਦੇਸ਼ਾਂ ਵਿੱਚ ਦਾਖ਼ਲ ਹੋਇਆ ਹੈ। ਪੰਜਾਬ ਵਿੱਚ ਖ਼ਾਸ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ ਗ਼ੈਰ-ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਨ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ।

ਅਜੋਕੇ ਸਮੇਂ ਵਿੱਚ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ ਕਿਉਂਕਿ ਅਮਰੀਕਾ ਵਿੱਚ ਟਰੰਪ ਸਰਕਾਰ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਮੁਹਿੰਮ ਵਿੱਢੀ ਗਈ ਹੈ ਅਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਡਿਪੋਰਟ ਕੀਤਾ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਯੂ. ਕੇ. (ਇੰਗਲੈਂਡ) ਵੀ ਇਸੇ ਤਰ੍ਹਾਂ ਦੀ ਸਖ਼ਤੀ ਦੀ ਤਿਆਰੀ ਕਰ ਰਿਹਾ ਹੈ। ਕੈਨੇਡਾ ਨੇ ਪਹਿਲਾਂ ਹੀ ਆਪਣੀਆਂ ਵੀਜ਼ਾ ਨੀਤੀਆਂ ਵਿੱਚ ਸਖ਼ਤ ਬਦਲਾਅ ਕਰਦਿਆਂ ਕਈ ਵੱਡੇ ਐਲਾਨ ਕੀਤੇ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ, ਯੂਰਪੀ ਦੇਸ਼ ਅਤੇ ਸਾਊਦੀ ਅਰਬ ਵਰਗੇ ਮੁਲਕ ਵੀ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੇ ਹਨ। ਇਨ੍ਹਾਂ ਸਾਰੀਆਂ ਚਿਤਾਵਨੀਆਂ ਦੇ ਬਾਵਜੂਦ ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦੀ ਲਾਲਸਾ ਇੰਨੀ ਪ੍ਰਬਲ ਹੈ ਕਿ ਉਹ ਆਪਣੀ ਜਾਨ ਤੱਕ ਜ਼ੋਖ਼ਮ ਵਿੱਚ ਪਾ ਕੇ ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਜਾਣ ਲਈ ਤਿਆਰ ਹਨ। ਲੋਕਾਂ ਦੀ ਇਸੇ ਮਜਬੂਰੀ ਅਤੇ ਜਜ਼ਬਾਤਾਂ ਦਾ ਫਾਇਦਾ ਪੰਜਾਬ ਦੇ ਸ਼ਾਤਿਰ ਅਤੇ ਫਰਜ਼ੀ ਟ੍ਰੈਵਲ ਏਜੰਟ ਉਠਾ ਰਹੇ ਹਨ।

**ਦੋਆਬਾ ਖੇਤਰ ਵਿੱਚ ਫਰਜ਼ੀ ਏਜੰਟਾਂ ਦਾ ਮੱਕੜਜਾਲ**

ਪੰਜਾਬ ਦਾ ਦੋਆਬਾ ਖੇਤਰ, ਜਿਸ ਵਿੱਚ ਜ਼ਿਲ੍ਹਾ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਸ਼ਾਮਲ ਹਨ, ਅੱਜ ਫਰਜ਼ੀ ਟ੍ਰੈਵਲ ਏਜੰਟਾਂ ਦਾ ਗੜ੍ਹ ਬਣ ਚੁੱਕਾ ਹੈ। ਇਹ ਏਜੰਟ ਬਿਨਾਂ ਕਿਸੇ ਸਰਕਾਰੀ ਲਾਇਸੈਂਸ ਜਾਂ ਮਾਨਤਾ ਦੇ ਖ਼ੁਦ ਨੂੰ 'ਵੀਜ਼ਾ ਸਲਾਹਕਾਰ' ਵਜੋਂ ਪੇਸ਼ ਕਰਦੇ ਹਨ। ਇਹ ਧੋਖੇਬਾਜ਼ ਭੋਲੇ-ਭਾਲੇ ਲੋਕਾਂ ਦੀ ਵਿਦੇਸ਼ ਜਾਣ ਦੀ ਇੱਛਾ ਦਾ ਫਾਇਦਾ ਉਠਾ ਕੇ ਉਨ੍ਹਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਫਗਵਾੜਾ ਤਹਿਸੀਲ ਦੇ ਪੁਲਿਸ ਥਾਣੇ ਇਸ ਤੱਤ ਦੇ ਗਵਾਹ ਹਨ ਕਿ ਇਥੇ ਬਹੁਤ ਵੱਡੀ ਗਿਣਤੀ 'ਚ ਪੁਲਿਸ ਵੱਲੋਂ ਸ਼ਾਤਿਰ ਫਰਜ਼ੀ ਟ੍ਰੇਵਲ ਏਜੰਟਾਂ ਖ਼ਿਲਾਫ਼ ਮਾਸੂਮ ਲੋਕਾਂ ਨਾਲ ਲੱਖਾਂ-ਕਰੋੜਾਂ ਦੀ ਧੋਖਾਧੇਹੀ ਕਰਨ ਦੇ ਦੋਸ਼ 'ਚ ਪੁਲਿਸ ਕੇਸ ਰਜਿਸਟਰ ਕੀਤੇ ਗਏ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਦਿਨੋ-ਦਿਨ ਵੱਧਦਾ ਜਾ ਰਿਹਾ ਹੈ।

ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਇਹ ਫਰਜ਼ੀ ਏਜੰਟ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ ਸਨੈਪਚੈਟ ਅਤੇ ਵ੍ਹਟਸਐਪ ਰਾਹੀਂ ਖੁੱਲ੍ਹੇਆਮ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਕਰ ਰਹੇ ਹਨ। ਇਹ ਲੋਕਾਂ ਨੂੰ ਵਿਦੇਸ਼ਾਂ ਵਿੱਚ ਸੈਟਲ ਕਰਨ ਦੇ ਅਜਿਹੇ ਲੁਭਾਉਣੇ ਦਾਅਵੇ ਅਤੇ ਫਰਜ਼ੀ ਸਬੂਤ ਦਿਖਾਉਂਦੇ ਹਨ, ਜਿਸ ਨਾਲ ਕੋਈ ਵੀ ਸਾਧਾਰਨ ਵਿਅਕਤੀ ਇਨ੍ਹਾਂ ਦੇ ਜਾਲ ਵਿੱਚ ਫਸ ਸਕਦਾ ਹੈ। ਸਵਾਲ ਇਹ ਉੱਠਦਾ ਹੈ ਕਿ ਫਗਵਾੜਾ ਸਮੇਤ ਪੂਰੇ ਕਪੂਰਥਲਾ ਜ਼ਿਲ੍ਹੇ ਵਿੱਚ ਪੁਲਿਸ ਪ੍ਰਸ਼ਾਸਨ ਸਭ ਕੁਝ ਜਾਣਦੇ ਹੋਏ ਵੀ ਚੁੱਪ ਕਿਉਂ ਹੈ? ਜੇਕਰ ਪੁਲਿਸ ਐੱਫ.ਆਈ.ਆਰ. ਦਰਜ ਕਰਦੀ ਵੀ ਹੈ, ਤਾਂ ਉਹ ਠੋਸ ਕਾਰਵਾਈ ਵਿੱਚ ਕਿਉਂ ਨਹੀਂ ਬਦਲਦੀ? ਇਹ ਕਿਵੇਂ ਸੰਭਵ ਹੈ ਕਿ ਪੁਲਿਸ ਦੀ ਨੱਕ ਹੇਠ ਇਹ ਧੋਖੇਬਾਜ਼ ਬਿਨਾਂ ਮਾਨਤਾ ਦੇ ਆਲੀਸ਼ਾਨ ਦਫ਼ਤਰ ਖੋਲ੍ਹ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ? ਅੱਜ ਪੂਰਾ ਪੰਜਾਬ ਇਨ੍ਹਾਂ ਸਵਾਲਾਂ ਦੇ ਜਵਾਬ ਮੰਗ ਰਿਹਾ ਹੈ।

**ਸ਼ਾਹਰੁਖ ਖਾਨ ਦੀ ਫਿਲਮ 'ਡੰਕੀ' ਮਹਿਜ਼ ਕਲਪਨਾ ਨਹੀਂ, ਪੰਜਾਬ ਦੀ ਹਕੀਕਤ ਹੈ**

ਬਾਲੀਵੁੱਡ ਸੁਪਰਸਟਾਰ ਸ਼ਾਹਰੁਖ ਖਾਨ ਦੀ ਫਿਲਮ 'ਡੰਕੀ' ਪੰਜਾਬ ਦੇ ਇਸੇ ਗੰਭੀਰ ਮੁੱਦੇ 'ਤੇ ਕੇਂਦਰਿਤ ਹੈ। ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਜੋ ਤੱਥ ਫਿਲਮ ਵਿਚ ਦਿਖਾਏ ਗਏ ਹਨ, ਉਹ ਇੱਥੋਂ ਦੀ ਜ਼ਮੀਨੀ ਹਕੀਕਤ ਹਨ। ਕਿਵੇਂ ਨੌਜਵਾਨ ਮੌਤ ਦੇ ਰਸਤਿਆਂ ਰਾਹੀਂ ਵਿਦੇਸ਼ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ, ਇਹ ਫਿਲਮ ਉਸ ਦਾ ਸ਼ੀਸ਼ਾ ਹੈ।

**ਦਾਅਵੇ ਹਰੇ-ਭਰੇ, ਪਰ ਖੇਡ ਬਹੁਤ ਖ਼ਤਰਨਾਕ**

ਇਹ ਏਜੰਟ ਵੀਜ਼ਾ ਅਤੇ ਯਾਤਰਾ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਨਾਮ 'ਤੇ ਮੋਟੀਆਂ ਰਕਮਾਂ ਵਸੂਲਦੇ ਹਨ। ਵਿਦੇਸ਼ੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਬਾਈਪਾਸ ਕਰਨ ਲਈ ਇਹ ਕਈ ਗ਼ੈਰ-ਕਾਨੂੰਨੀ ਤਰੀਕੇ ਅਪਣਾਉਂਦੇ ਹਨ, ਜਿਵੇਂ ਕਿ ਜਾਅਲੀ ਦਸਤਾਵੇਜ਼ ਤਿਆਰ ਕਰਨਾ ਅਤੇ ਗਲਤ



ਜਾਣਕਾਰੀ ਦੇਣਾ। ਇਨ੍ਹਾਂ ਵੱਲੋਂ ਜਾਅਲੀ ਪਾਸਪੋਰਟ, ਫਰਜ਼ੀ ਵੀਜ਼ਾ ਅਤੇ ਜਨਮ ਮਿਤੀ ਜਾਂ ਰੁਜ਼ਗਾਰ ਦੇ ਗਲਤ ਵੇਰਵੇ ਤਿਆਰ ਕੀਤੇ ਜਾਂਦੇ ਹਨ, ਜੋ ਦੇਖਣ ਵਿੱਚ ਬਿਲਕੁਲ ਅਸਲੀ ਲੱਗਦੇ ਹਨ। ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੇ ਸਹਾਰੇ ਵਿਅਕਤੀ ਵਿਦੇਸ਼ ਤਾਂ ਚਲਾ ਜਾਂਦਾ ਹੈ, ਪਰ ਉੱਥੇ ਜਾ ਕੇ ਉਹ ਗ਼ੈਰ-ਕਾਨੂੰਨੀ ਹੋਣ ਕਾਰਨ ਹਮੇਸ਼ਾ ਡਰ ਦੇ ਸਾਏ ਹੇਠ ਜਿਊਂਦਾ ਹੈ।

**'ਡੰਕੀ' ਰਾਹੀਂ ਜਾਨ ਜ਼ੋਖ਼ਮ ਵਿੱਚ : ਮੌਤ ਦੇ ਅੰਕੜੇ ਗਾਇਬ**

ਇਨ੍ਹਾਂ ਏਜੰਟਾਂ ਦੁਆਰਾ ਵਰਤੀ ਜਾਣ ਵਾਲੀ ਸਭ ਤੋਂ ਖ਼ਤਰਨਾਕ ਤਕਨੀਕ 'ਡੰਕੀ' ਹੈ। ਇਸ ਵਿੱਚ ਵਿਅਕਤੀਆਂ ਨੂੰ ਜੰਗਲਾਂ, ਸਮੁੰਦਰਾਂ ਜਾਂ ਕੰਟੇਨਰਾਂ ਰਾਹੀਂ ਵੱਖ-ਵੱਖ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰਵਾਈਆਂ ਜਾਂਦੀਆਂ ਹਨ। ਕਈ ਵਾਰ ਲੋਕਾਂ ਨੂੰ ਭੁੱਖੇ-ਪਿਆਸੇ ਤੰਗ ਥਾਵਾਂ 'ਤੇ ਛੁਪਾ ਕੇ ਲਿਜਾਇਆ ਜਾਂਦਾ ਹੈ। ਇਸ ਯਾਤਰਾ ਦੌਰਾਨ ਕਈ ਨੌਜਵਾਨ ਸਰਹੱਦੀ ਸੁਰੱਖਿਆ ਬਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਰਸਤੇ ਵਿੱਚ ਹੀ ਦਮ ਤੋੜ ਦਿੰਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਸਰਕਾਰ ਕੋਲ ਅਜਿਹਾ ਕੋਈ ਸਪੱਸ਼ਟ ਅੰਕੜਾ ਨਹੀਂ ਹੈ ਕਿ ਕਿੰਨੇ ਨੌਜਵਾਨ ਮੰਜ਼ਿਲ 'ਤੇ ਪਹੁੰਚੇ ਅਤੇ ਕਿੰਨੇ ਰਸਤੇ ਵਿੱਚ ਹੀ ਮੌਤ ਦੇ ਮੂੰਹ ਵਿਚ ਜਾ ਪਏ।

**ਗੰਭੀਰ ਸਿੱਟੇ ਅਤੇ ਸਮਾਜਿਕ ਪ੍ਰਭਾਵ**

ਗੈਰ-ਕਾਨੂੰਨੀ ਪਰਵਾਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਫੜੇ ਜਾਣ 'ਤੇ ਵਿਅਕਤੀ ਨੂੰ ਜੇਲ, ਭਾਰੀ ਜੁਰਮਾਨਾ ਜਾਂ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਗ਼ੈਰ-ਕਾਨੂੰਨੀ ਪ੍ਰਵਾਸੀ ਵਿਦੇਸ਼ਾਂ ਵਿੱਚ ਬੁਨਿਆਦੀ ਸਹੂਲਤਾਂ ਜਿਵੇਂ ਸਿਹਤ ਅਤੇ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਸਥਿਤੀ ਨਾ ਸਿਰਫ਼ ਉਨ੍ਹਾਂ ਲਈ, ਸਗੋਂ ਉਸ ਦੇਸ਼ ਦੀ ਆਰਥਿਕਤਾ ਅਤੇ ਸਮਾਜਿਕ ਢਾਂਚੇ 'ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ, ਜਿਸ ਨਾਲ ਕਾਨੂੰਨੀ ਤੌਰ 'ਤੇ ਗਏ ਭਾਰਤੀਆਂ ਦੇ ਅਕਸ ਨੂੰ ਵੀ ਠੇਸ ਪਹੁੰਚਦੀ ਹੈ।

**ਸਰਕਾਰੀ ਨਕੇਲ ਅਤੇ ਜਨਤਕ ਜਾਗਰੂਕਤਾ ਦੀ ਲੋੜ**

ਇਸ ਗੰਭੀਰ ਸਮੱਸਿਆ ਦੇ ਹੱਲ ਲਈ ਸਖ਼ਤ ਕਾਨੂੰਨੀ ਕਾਰਵਾਈ ਦੇ ਨਾਲ-ਨਾਲ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਸਮਾਜਿਕ ਆਗੂਆਂ ਅਤੇ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਕਾਨੂੰਨੀ ਪਰਵਾਸ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣ। ਇਸ ਦੇ ਨਾਲ ਹੀ ਸਰਕਾਰ ਨੂੰ ਉਨ੍ਹਾਂ ਸਮਾਜਿਕ-ਆਰਥਿਕ ਕਾਰਨਾਂ ਜਿਵੇਂ ਕਿ ਬੇਰੁਜ਼ਗਾਰੀ ਅਤੇ ਗਰੀਬੀ ਵੱਲ ਧਿਆਨ ਦੇਣ ਦੀ ਲੋੜ ਹੈ, ਜੋ ਨੌਜਵਾਨਾਂ ਨੂੰ ਅਜਿਹੇ ਖ਼ਤਰਨਾਕ ਕਦਮ ਚੁੱਕਣ ਲਈ ਮਜਬੂਰ ਕਰਦੇ ਹਨ। ਪੰਜਾਬ ਦੇ ਲੋਕਾਂ ਨੂੰ ਵੀ ਅਜਿਹੇ ਮੌਕਾਪ੍ਰਸਤ ਅਤੇ ਫਰਜ਼ੀ ਏਜੰਟਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਤਾਂ ਜੋ ਉਨ੍ਹਾਂ ਦੀ ਮਿਹਨਤ ਦੀ ਕਮਾਈ ਅਤੇ ਕੀਮਤੀ ਜਾਨਾਂ ਬਚ ਸਕਣ।

**ਫਰਜ਼ੀ ਟ੍ਰੈਵਲ ਏਜੰਟਾਂ ਤੋਂ ਬਚਣ ਲਈ ਇਨਾਂ ਮੁੱਖ ਸਾਵਧਾਨੀਆਂ ਨੂੰ ਅਪਣਾਓ, ਸਰਕਾਰੀ ਲਾਇਸੈਂਸ ਦੀ ਜਾਂਚ ਕਰੋ**

ਕਿਸੇ ਵੀ ਏਜੰਟ ਨੂੰ ਪੈਸੇ ਦੇਣ ਤੋਂ ਪਹਿਲਾਂ ਉਸ ਕੋਲੋਂ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ (ਵਿਦੇਸ਼ ਮੰਤਰਾਲੇ) ਵੱਲੋਂ ਜਾਰੀ 'ਰਜਿਸਟ੍ਰੇਸ਼ਨ ਨੰਬਰ' ਅਤੇ ਲਾਇਸੰਸ ਜ਼ਰੂਰ ਮੰਗੋ। ਸਰਕਾਰੀ ਵੈੱਬਸਾਈਟਾਂ 'ਤੇ ਜਾ ਕੇ ਇਸ ਨੰਬਰ ਦੀ ਪੁਸ਼ਟੀ ਕਰੋ।

**ਸੋਸ਼ਲ ਮੀਡੀਆ ਦੇ ਲੁਭਾਉਣੇ ਇਸ਼ਤਿਹਾਰਾਂ ਤੋਂ ਬਚੋ:** ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ 100% ਵੀਜ਼ਾ ਗਾਰੰਟੀ ਜਾਂ ਬਿਨਾਂ ਆਈਲੈੱਟਸ) ਵਿਦੇਸ਼ ਭੇਜਣ ਦੇ ਦਾਅਵੇ ਅਕਸਰ ਫਰਜ਼ੀ ਹੁੰਦੇ ਹਨ। ਗੰਭੀਰ ਅਤੇ ਅਸਲੀ ਏਜੰਟ ਕਦੇ ਵੀ ਅਜਿਹੀ ਗੈਰ-ਕਾਨੂੰਨੀ ਗਾਰੰਟੀ ਨਹੀਂ ਦਿੰਦੇ।

**'ਡੰਕੀ' ਰਸਤੇ ਨੂੰ ਸਖ਼ਤ ਮਨਾਹੀ:** ਜੇਕਰ ਕੋਈ ਏਜੰਟ ਤੁਹਾਨੂੰ ਦੂਜੇ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰਕੇ (ਜੰਗਲਾਂ ਜਾਂ ਸਮੁੰਦਰ ਰਾਹੀਂ) ਜਾਣ ਲਈ ਕਹਿੰਦਾ ਹੈ, ਤਾਂ ਤੁਰੰਤ ਉਸ ਤੋਂ ਦੂਰ ਹੋ ਜਾਓ। ਇਹ ਮੌਤ ਦਾ ਰਸਤਾ ਹੈ ਅਤੇ ਇਸ ਵਿੱਚ ਫੜੇ ਜਾਣ 'ਤੇ ਉਮਰ ਭਰ ਲਈ ਬੈਨ ਲੱਗ ਸਕਦਾ ਹੈ।

**ਨਕਦ ਲੈਣ-ਦੇਣ ਤੋਂ ਗੁਰੇਜ਼:** ਏਜੰਟ ਨੂੰ ਪੈਸੇ ਹਮੇਸ਼ਾ ਬੈਂਕ ਰਾਹੀਂ (ਚੈੱਕ ਜਾਂ ਆਨਲਾਈਨ ਟ੍ਰਾਂਸਫਰ) ਦਿਓ ਅਤੇ ਹਰ ਭੁਗਤਾਨ ਦੀ ਰਸਮੀ ਰਸੀਦ ਲਵੋ। ਕਦੇ ਵੀ ਲੱਖਾਂ ਰੁਪਏ ਨਕਦ ਨਾ ਦਿਓ, ਕਿਉਂਕਿ ਇਸ ਦਾ ਕੋਈ ਕਾਨੂੰਨੀ ਸਬੂਤ ਨਹੀਂ ਰਹਿੰਦਾ।

**ਦਸਤਾਵੇਜ਼ਾਂ ਦੀ ਅਸਲੀਅਤ:** ਕਦੇ ਵੀ ਜਾਅਲੀ ਬੈਂਕ ਸਟੇਟਮੈਂਟ, ਫਰਜ਼ੀ ਡਿਗਰੀਆਂ ਜਾਂ ਗਲਤ ਜਨਮ ਸਰਟੀਫਿਕੇਟ ਨਾ ਬਣਵਾਓ। ਜੇਕਰ ਅੰਬੈਸੀ ਨੂੰ ਪਤਾ ਲੱਗ ਜਾਂਦਾ ਹੈ, ਤਾਂ ਤੁਹਾਨੂੰ ਸਾਰੀ ਉਮਰ ਲਈ ਉਸ ਦੇਸ਼ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ।

**ਆਪਣਾ ਪਾਸਪੋਰਟ ਆਪਣੇ ਕੋਲ ਰੱਖੋ:** ਕਿਸੇ ਵੀ ਏਜੰਟ ਨੂੰ ਆਪਣਾ ਅਸਲੀ ਪਾਸਪੋਰਟ ਲੰਬੇ ਸਮੇਂ ਲਈ ਜਮ੍ਹਾਂ ਨਾ ਕਰਵਾਓ। ਕਈ ਫਰਜ਼ੀ ਏਜੰਟ ਪਾਸਪੋਰਟ ਜ਼ਬਤ ਕਰਕੇ ਬਾਅਦ ਵਿੱਚ ਬਲੈਕਮੇਲ ਕਰਦੇ ਹਨ।

**ਦਫ਼ਤਰ ਦੀ ਪੁਸ਼ਟੀ:** ਸਿਰਫ਼ ਆਲੀਸ਼ਾਨ ਦਫ਼ਤਰ ਵੇਖ ਕੇ ਪ੍ਰਭਾਵਿਤ ਨਾ ਹੋਵੋ। ਇਹ ਪਤਾ ਕਰੋ ਕਿ ਉਹ ਏਜੰਟ ਉਸ ਜਗ੍ਹਾ 'ਤੇ ਕਿੰਨੇ ਸਮੇਂ ਤੋਂ ਕੰਮ ਕਰ ਰਿਹਾ ਹੈ ਅਤੇ ਉਸ ਦੇ ਪੁਰਾਣੇ ਗਾਹਕਾਂ ਦਾ ਕੀ ਅਨੁਭਵ ਹੈ।



# ਪੰਜਾਬੀਆਂ ਦੀ ਇਰਾਨ ਨਾਲ ਹਮਦਰਦੀ ਕਿਉਂ ?

## ਪਰਮਜੀਤ ਸਿੰਘ ਸਰਨਾ ਨੇ ਇਰਾਨੀ ਦੂਤਘਰ ਵਿੱਚ ਸੋਗ ਪੁਸਤਕ ਉੱਤੇ ਦਸਤਖ਼ਤ ਕਿਉਂ ਕੀਤੇ ?





ਇਰਾਨ ਦੇ ਸੁਪਰੀਮ ਲੀਡਰ ਅਯਾਤੁੱਲ੍ਹ ਅਲੀ ਖਮੇਨੇਈ ਦੀ 28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਸ਼ੁਰੂ ਕੀਤੇ ਗਏ ਵੱਡੇ ਪੱਧਰ ਦੇ ਹਮਲਿਆਂ ਵਿੱਚ ਮੌਤ ਨੇ ਪੂਰੇ ਵਿਸ਼ਵ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਹ ਹਮਲੇ ਇਰਾਨ ਦੇ ਨਿਊਕਲੀਅਰ ਪ੍ਰੋਗਰਾਮ ਅਤੇ ਖੇਤਰੀ ਵਿਵਾਦਾਂ ਨੂੰ ਲੈ ਕੇ ਸ਼ੁਰੂ ਹੋਏ ਸਨ, ਜਿਸ ਵਿੱਚ ਖਮੇਨੇਈ ਤਹਿਰਾਨ ਵਿੱਚ ਆਪਣੇ ਕੰਪਾਊਂਡ ਵਿੱਚ ਮਾਰੇ ਗਏ ਸਨ। ਇਰਾਨ ਨੇ ਇਸ ਨੂੰ 'ਸ਼ਹਾਦਤ' ਦੱਸ ਕੇ 40 ਦਿਨਾਂ ਦਾ ਸੋਗ ਐਲਾਨ ਕੀਤਾ ਸੀ ਅਤੇ ਦੇਸ਼ ਭਰ ਵਿੱਚ ਵੱਡੇ ਪੱਧਰ 'ਤੇ ਸੋਗ ਸਭਾਵਾਂ ਹੋ ਰਹੀਆਂ ਹਨ। ਵਿਸ਼ਵ ਭਰ ਵਿੱਚ ਪ੍ਰਤੀਕਿਰਿਆਵਾਂ ਹੋ ਰਹੀਆਂ ਹਨ – ਕੁਝ ਦੇਸ਼ਾਂ ਨੇ ਇਰਾਨ ਉੱਪਰ ਹਮਲੇ ਨੂੰ ਅਮਰੀਕਾ-ਇਜ਼ਰਾਇਲ ਦੇ ਅੱਤਿਆਚਾਰ ਵਜੋਂ ਨਿੰਦਾ ਕੀਤੀ ਹੈ, ਜਦਕਿ ਕੁਝ ਨੇ ਚੁੱਪੀ ਸਾਧ ਲਈ ਹੈ। ਪਰ ਪੰਜਾਬ ਵਿੱਚ ਇਸ ਘਟਨਾ ਨੇ ਬਹੁਤ ਡੂੰਘੀ ਹਮਦਰਦੀ ਪੈਦਾ ਕੀਤੀ ਹੈ। ਕੁਝ ਜਥੇਬੰਦੀਆਂ ਇਸ ਨੂੰ ਇੱਕ ਸੰਪ੍ਰਭੂ ਰਾਜ ਦੇ ਮੁਖੀ ਦੀ ਹੱਤਿਆ ਮੰਨ ਰਹੇ ਹਨ ਅਤੇ ਇਰਾਨ ਉੱਤੇ ਚੱਲ ਰਹੇ ਯੁੱਧ ਨੂੰ ਅਨੁਚਿਤ ਅਤੇ ਜ਼ੁਲਮ ਵਜੋਂ ਵੇਖ ਰਹੇ ਹਨ।

ਪੰਜਾਬ ਵਿੱਚ ਹਮਦਰਦੀ ਦੇ ਪ੍ਰਤੀਕ ਵਜੋਂ ਹਾਲ ਹੀ ਵਿੱਚ ਕਈ ਘਟਨਾਵਾਂ ਵਾਪਰੀਆਂ ਹਨ। 9 ਮਾਰਚ ਨੂੰ ਅਕਾਲੀ ਦਲ (ਦਿੱਲੀ ਯੂਨਿਟ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿੱਚ ਸਿੱਖਾਂ ਦੀ ਇੱਕ ਵੱਡਾ ਜਥਾ ਨਵੀਂ ਦਿੱਲੀ ਵਿੱਚ ਇਰਾਨੀ ਦੂਤਘਰ ਪਹੁੰਚਿਆ। ਉਨ੍ਹਾਂ ਨੇ ਅਯਾਤੁੱਲ੍ਹ ਅਲੀ ਖਮੇਨੇਈ ਦੇ ਸੋਗ ਸੰਦੇਸ਼ ਪੁਸਤਕ ਉੱਤੇ ਦਸਤਖਤ ਕੀਤੇ ਸਨ, ਅਰਦਾਸ ਕੀਤੀ ਸੀ ਅਤੇ ਇਰਾਨ ਦੇ ਲੋਕਾਂ ਨਾਲ ਹਮਦਰਦੀ ਪ੍ਰਗਟ ਕੀਤੀ ਸੀ। ਪਰਮਜੀਤ ਸਿੰਘ ਸਰਨਾ ਨੇ ਇਸ ਨੂੰ 'ਸ਼ਾਂਤੀ ਅਤੇ ਇਨਸਾਫ਼ ਲਈ ਪ੍ਰਾਰਥਨਾ' ਦੱਸਿਆ ਸੀ ਅਤੇ ਕਿਹਾ ਸੀ ਕਿ ਸਿੱਖ ਕੌਮ ਜ਼ੁਲਮ ਵਿਰੁੱਧ ਹਮੇਸ਼ਾ ਖੜ੍ਹੀ ਰਹਿੰਦੀ ਹੈ। ਇਹ ਕਦਮ ਅਕਾਲੀ ਦਲ ਦੀ ਪੰਥਕ ਰਾਜਨੀਤੀ ਨੂੰ ਵੀ ਮਜ਼ਬੂਤ ਕਰਦਾ ਹੈ, ਜੋ 2027 ਦੀਆਂ ਚੋਣਾਂ ਤੋਂ ਪਹਿਲਾਂ ਸਿੱਖ ਭਾਈਚਾਰੇ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਲਈ ਜਦੋਜਹਿਦ ਕਰ ਰਿਹਾ ਹੈ।

ਪੰਜਾਬ ਵਿੱਚ ਇਰਾਨ ਪ੍ਰਤੀ ਹਮਦਰਦੀ ਦੇ ਕਈ ਕਾਰਨ ਹਨ, ਜੋ ਸਦੀਆਂ ਪੁਰਾਣੇ ਇਤਿਹਾਸ, ਧਰਮ, ਭਾਸ਼ਾ, ਸੱਭਿਆਚਾਰ ਅਤੇ ਵਪਾਰ ਨਾਲ ਜੁੜੇ ਹੋਏ ਹਨ। ਸਭ ਤੋਂ ਪਹਿਲਾਂ ਧਾਰਮਿਕ ਅਤੇ ਅਧਿਆਤਮਿਕ ਜੁੜਾਅ ਬਹੁਤ ਮਜ਼ਬੂਤ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਉਦਾਸੀ ਦੌਰਾਨ ਇਸਲਾਮੀ ਜਗਤ ਦੇ ਪ੍ਰਮੁੱਖ ਕੇਂਦਰਾਂ ਦੀ ਯਾਤਰਾ ਕੀਤੀ ਸੀ। ਤਹਿਰਾਨ ਵਿੱਚ ਅੱਜ ਵੀ ਸਿੱਖ ਭਾਈਚਾਰੇ ਦੀ ਮੌਜੂਦਗੀ ਅਤੇ ਗੁਰਦੁਆਰਾ ਸਾਹਿਬ ਉਸ ਸਾਂਝ ਦੀ ਗਵਾਹੀ ਭਰਦੇ ਹਨ। ਬਾਬਾ ਫ਼ਰੀਦ ਜੀ, ਜਿਨ੍ਹਾਂ ਦੇ ਸ਼ਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ, ਇਰਾਨੀ ਅਤੇ ਪੰਜਾਬੀ ਸੱਭਿਆਚਾਰ ਵਿਚਕਾਰ ਸਭ ਤੋਂ ਮਜ਼ਬੂਤ ਕੜੀ ਹਨ।

ਸਿੱਖ ਧਰਮ ਵਿੱਚ 'ਸ਼ਹਾਦਤ' ਦਾ ਸੰਕਲਪ ਇਸਲਾਮੀ ਅਤੇ ਪਾਰਸੀ ਵਿਚਾਰਾਂ ਤੋਂ ਪ੍ਰੇਰਿਤ ਹੈ – ਜਿੱਥੇ ਕੋਈ ਵਿਅਕਤੀ ਸੱਚ ਅਤੇ ਇਨਸਾਫ਼ ਲਈ ਜਾਨ ਵਾਰ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਵਿਰੁੱਧ ਜ਼ਫਰਨਾਮਾ ਫਾਰਸੀ ਵਿੱਚ ਲਿਖਿਆ ਸੀ। ਉਨ੍ਹਾਂ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਨੇ ਫਾਰਸੀ ਵਿੱਚ ਸੂਫੀ ਰਹੱਸ ਅਤੇ ਸਿੱਖ ਸਿਧਾਂਤਾਂ ਨੂੰ ਮਿਲਾ ਕੇ ਰਚਨਾਵਾਂ ਲਿਖੀਆਂ ਸਨ। ਪਹਿਲਵੀ ਰਾਜਵੰਸ਼ (1925-1979) ਦੇ ਸਮੇਂ ਇਰਾਨ ਵਿੱਚ ਲਗਭਗ 10,000 ਸਿੱਖ ਪਰਿਵਾਰ ਰਹਿੰਦੇ ਸਨ ਅਤੇ ਅੱਜ ਵੀ ਤਹਿਰਾਨ ਵਿੱਚ ਲਗਭਗ 2,500 ਸਿੱਖ ਵਸਦੇ ਹਨ, ਜੋ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਚਲਾਉਂਦੇ ਹਨ। ਸਰਦਾਰ ਪਰਦੁਮਨ ਸਿੰਘ ਚੰਢੋਕ ਵਰਗੇ ਸਿੱਖ ਨੇਤਾਵਾਂ ਨੇ ਇਰਾਨ ਵਿੱਚ ਗੁਰਦੁਆਰੇ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ, ਜਿਸ ਦੀ ਅੰਤਿਮ ਅਰਦਾਸ ਵਿੱਚ 16 ਮਾਰਚ ਨੂੰ ਇਰਾਨੀ ਨੁਮਾਇੰਦੇ ਪ੍ਰੋਫੈਸਰ ਅਯਾਤੁੱਲ੍ਹ ਅਬਦੁਲ ਮਜੀਦ ਹਕੀਮ ਇਲਾਹੀ ਗੁਰਦੁਆਰਾ ਰਕਾਬ ਗੰਜ ਸਾਹਿਬ ਪਹੁੰਚੇ ਸਨ ।

ਚੰਡੀਗੜ੍ਹ ਯੂਨੀਵਰਸਿਟੀ ਵਿੱਚ ਗੁਰੂ ਨਾਨਕ ਰਿਸਰਚ ਚੇਅਰ ਦੇ ਚੇਅਰਮੈਨ ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਇਹ ਸਾਂਝਾ ਸੰਕਲਪ ਪੰਜਾਬ ਵਿੱਚ ਇਨਸਾਫ਼ ਦੀ ਪੁਕਾਰ ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਲਈ ਖਮੇਨੇਈ ਦੀ ਮੌਤ ਨੂੰ 'ਸ਼ਹੀਦੀ' ਵਜੋਂ ਵੇਖਿਆ ਜਾ ਰਿਹਾ ਹੈ ਅਤੇ ਪੰਜਾਬ ਵਿੱਚ ਇਸ ਨੂੰ ਜ਼ੁਲਮ ਵਿਰੁੱਧ ਖੜ੍ਹੇ ਹੋਣ ਵਾਲੇ ਵਿਅਕਤੀ ਵਜੋਂ ਸਤਿਕਾਰਿਆ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਧਰਮ ਵਿਸ਼ਵਕੋਸ਼ ਵਿਭਾਗ ਦੇ ਪ੍ਰੋਫੈਸਰ ਪਰਮਵੀਰ ਸਿੰਘ ਦੱਸਦੇ ਹਨ ਕਿ ਇਰਾਨ ਨਾਲ ਸਿੱਖਾਂ ਦਾ ਸਬੰਧ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੈ। 'ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਅਧਿਆਤਮਿਕ ਯਾਤਰਾ ਦੌਰਾਨ ਮੱਕਾ ਦੀ ਯਾਤਰਾ ਕੀਤੀ ਅਤੇ ਇਰਾਨ ਦੇ ਰਸਤੇ ਕਰਤਾਰਪੁਰ ਸਾਹਿਬ ਵਾਪਸ ਪਰਤੇ। ਸਿੱਖਾਂ ਨੇ 1900 ਦੇ ਦਹਾਕੇ ਵਿੱਚ ਇਰਾਨ ਦੇ ਸ਼ਹਿਰ ਜ਼ਾਹੇਦਾਨ (ਜੋ ਪਾਕਿਸਤਾਨ-ਅਫ਼ਗਾਨਿਸਤਾਨ ਸਰਹੱਦ ਦੇ ਨੇੜੇ ਹੈ) ਅਤੇ ਤਹਿਰਾਨ ਵਿੱਚ ਵੱਸਣਾ ਸ਼ੁਰੂ ਕੀਤਾ ਸੀ। ਸਾਲਾਂ ਦੌਰਾਨ ਇਹ ਆਬਾਦੀ ਲਗਾਤਾਰ ਘਟਦੀ ਗਈ ਹੈ ਅਤੇ ਹੁਣ ਇਰਾਨ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ ਕੁਝ ਸੌ ਰਹਿ ਗਈ ਹੈ, ਜਿਸ ਦੀ ਸਹੀ ਗਿਣਤੀ ਦਾ ਪਤਾ ਲਗਾਉਣਾ ਮੁਸ਼ਕਿਲ ਹੈ।'

ਇਤਿਹਾਸਕ ਤੌਰ 'ਤੇ ਪੰਜਾਬ ਪਾਰਸੀ ਸਾਮਰਾਜ ਦਾ ਹਿੱਸਾ ਰਿਹਾ ਹੈ। ਦਾਰੀਅਸ ਦੇ ਰਾਜ ਵਿੱਚ ਪੰਜਾਬ ਪਾਰਸੀ ਖੇਤਰ ਸੀ। ਸਮਾਜਿਕ ਕਾਰਕੁਨ ਗੰਗਵੀਰ ਰਠੌਰ ਨੇ ਕਿਹਾ ਕਿ ਪੰਜਾਬ ਵਿੱਚ ਨਫ਼ਰਤ ਦੀ ਰਾਜਨੀਤੀ ਨਹੀਂ ਚੱਲਦੀ, ਇਸ ਲਈ ਇਰਾਨ ਵਰਗੇ ਦੇਸ਼ ਨਾਲ ਹਮਦਰਦੀ ਸੁਭਾਵਿਕ ਹੈ।

ਵਪਾਰਕ ਨਜ਼ਰੀਏ ਤੋਂ ਵੀ ਰਿਸ਼ਤੇ ਮਜ਼ਬੂਤ ਹਨ। ਪੰਜਾਬ ਦੀ ਬਾਸਮਤੀ ਚਾਵਲ ਦਾ ਵੱਡਾ ਬਾਜ਼ਾਰ ਪੱਛਮੀ ਏਸ਼ੀਆ ਅਤੇ ਇਰਾਨ ਹੈ। ਕਿਸਾਨ ਆਗੂ ਸਤਨਾਮ ਸਿੰਘ ਅਜਨਾਲਾ ਨੇ ਚਿਤਾਵਨੀ ਦਿੱਤੀ ਕਿ ਯੁੱਧ ਕਾਰਨ ਅਗਲੇ ਸੀਜ਼ਨ ਵਿੱਚ ਕਿਸਾਨਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਚਾਬਹਾਰ ਪੋਰਟ ਪ੍ਰੋਜੈਕਟ ਨਾਲ ਵਪਾਰ ਵਧਣ ਦੀਆਂ ਉਮੀਦਾਂ ਸਨ, ਪਰ ਯੁੱਧ ਨੇ ਪੰਜਾਬ ਦੇ ਕਿਸਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਪੰਜਾਬ ਵਿੱਚ ਪ੍ਰਤੀਕਿਰਿਆਵਾਂ ਵੀ ਜ਼ੋਰਦਾਰ ਰਹੀਆਂ ਹਨ। ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਦਲ ਦੇ ਐਮ.ਐਲ.ਏ. ਸੁਖਵਿੰਦਰ ਕੁਮਾਰ ਸੁਖੀ ਨੇ ਇਰਾਨ ਦੇ ਸਮਰਥਨ ਵਿੱਚ ਮਤਾ ਪਾਸ ਕਰਨ ਦੀ ਮੰਗ ਕੀਤੀ ਸੀ, ਜੋ ਸਪੀਕਰ ਨੇ ਨਾ ਮੰਨੀ। ਇੰਡੀਅਨ ਐਕਸਪ੍ਰੈਸ ਅਨੁਸਾਰ ਇਰਾਨ ਦੇ ਹੱਕ ਵਿੱਚ ਬੋਲਣ ਵਾਲਿਆਂ ਵਿੱਚ ਖ਼ਾਲਿਸਤਾਨ ਪੱਖੀ ਪਾਰਟੀਆਂ ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਦਲ ਖ਼ਾਲਸਾ ਵੀ ਸ਼ਾਮਲ ਹਨ, ਜਿਨ੍ਹਾਂ ਨੇ ਇਰਾਨ ਉੱਤੇ ਹਮਲੇ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੌਰੇ 'ਤੇ ਵੀ ਸਵਾਲ ਚੁੱਕੇ ਸਨ। ਆਪਣੇ ਗੁਆਂਢੀ ਦੇਸ਼ਾਂ 'ਤੇ ਇਰਾਨ ਵੱਲੋਂ ਕੀਤੇ ਗਏ ਹਮਲਿਆਂ 'ਤੇ ਅਫ਼ਸੋਸ ਪ੍ਰਗਟਾਉਂਦਿਆਂ, ਦਲ ਖ਼ਾਲਸਾ ਨੇ ਖਮੇਨੇਈ ਦੀ ਹੱਤਿਆ ਦੀ ਸਖ਼ਤ ਨਿਖੇਧੀ ਕੀਤੀ ਸੀ ਅਤੇ 'ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਦੇ ਮੁਖੀ' ਦੇ ਕਤਲ ਨੂੰ 'ਬੇਹੱਦ ਮੰਦਭਾਗਾ' ਕਰਾਰ ਦਿੱਤਾ ਸੀ।

ਕਿਸਾਨ-ਮਜ਼ਦੂਰ ਯੂਨੀਅਨਾਂ ਨੇ ਨੇਤਨਯਾਹੂ ਦੇ ਪੁਤਲੇ ਫੂਕੇ ਸਨ। ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਨੇ ਕੈਂਡਲ ਮਾਰਚ ਅਤੇ ਸੋਗ ਸਭਾਵਾਂ ਕੀਤੀਆਂ ਸਨ।

ਇਹ ਸਭ ਮਿਲ ਕੇ ਸਾਬਤ ਕਰਦਾ ਹੈ ਕਿ ਪੰਜਾਬੀਆਂ ਦੀ ਇਰਾਨ ਨਾਲ ਹਮਦਰਦੀ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਡੂੰਘੇ ਇਤਿਹਾਸਕ, ਧਾਰਮਿਕ ਅਤੇ ਮਾਨਵੀ ਜੁੜਾਅ ਕਾਰਨ ਹੈ। ਭਾਰਤ ਸਰਕਾਰ ਦੇ ਇਜ਼ਰਾਇਲ ਨਾਲ ਰਣਨੀਤਕ ਸਬੰਧ ਬਹੁਤ ਗੂੜ੍ਹੇ ਹਨ ਪਰ ਅਕਾਲੀ ਦਲ ਅਤੇ ਕਿਸਾਨ ਯੂਨੀਅਨਾਂ ਵੱਲੋਂ ਇਰਾਨ ਦਾ ਪੱਖ ਪੂਰਨਾ ਕੇਂਦਰ ਦੀ ਨੀਤੀ ਤੋਂ ਵੱਖਰੀ ਸੁਰ ਪੈਦਾ ਕਰਦਾ ਹੈ।

ਚਾਬਹਾਰ ਬੰਦਰਗਾਹ ਪੰਜਾਬ ਦੀ ਆਰਥਿਕਤਾ ਲਈ ਜ਼ਰੂਰੀ ਕਿਉਂ ?

ਚਾਬਹਾਰ ਬੰਦਰਗਾਹ ਦਾ ਪ੍ਰੋਜੈਕਟ ਪੰਜਾਬ ਲਈ ਸਿਰਫ਼ ਇੱਕ ਸਮੁੰਦਰੀ ਰਸਤਾ ਨਹੀਂ ਸੀ, ਸਗੋਂ ਇਹ 'ਲੈਂਡਲੌਕਡ' (ਚਾਰੋਂ ਪਾਸਿਓਂ ਜ਼ਮੀਨ ਨਾਲ ਘਿਰੇ) ਪੰਜਾਬ ਲਈ ਸੁਨਹਿਰੀ ਭਵਿੱਖ ਦੀ ਚਾਬੀ ਮੰਨਿਆ ਜਾਂਦਾ ਸੀ। ਇਸ ਦੇ ਰੁਕਣ ਜਾਂ ਜੰਗ ਕਾਰਨ ਅਸਥਿਰ ਹੋਣ ਨਾਲ ਪੰਜਾਬ ਦੇ ਉਦਯੋਗਾਂ 'ਤੇ ਬਹੁਤ ਗੰਭੀਰ ਅਤੇ ਬਹੁ-ਪੱਖੀ ਪ੍ਰਭਾਵ ਪੈ ਰਹੇ ਹਨ।

ਪੰਜਾਬ ਭਾਰਤ ਦੇ ਬਾਸਮਤੀ ਨਿਰਯਾਤ ਦਾ ਇੱਕ ਵੱਡਾ ਹਿੱਸਾ ਪੈਦਾ ਕਰਦਾ ਹੈ।

ਸਿੱਧੀ ਮਾਰ: ਇਰਾਨ ਪੰਜਾਬੀ ਬਾਸਮਤੀ ਦਾ ਸਭ ਤੋਂ ਵੱਡਾ ਗਾਹਕ ਹੈ। ਚਾਬਹਾਰ ਬੰਦਰਗਾਹ ਰਾਹੀਂ ਇਹ ਮਾਲ ਘੱਟ ਖ਼ਰਚੇ 'ਤੇ ਇਰਾਨ ਅਤੇ ਮੱਧ ਏਸ਼ੀਆ ਪਹੁੰਚਣਾ ਸੀ। ਜੰਗ ਅਤੇ ਪਾਬੰਦੀਆਂ ਕਾਰਨ ਬੈਂਕਿੰਗ ਚੈਨਲ ਰੁਕ ਗਏ ਹਨ, ਜਿਸ ਨਾਲ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਵੱਡੇ ਰਾਈਸ ਮਿੱਲਰਾਂ ਦੇ ਕਰੋੜਾਂ ਰੁਪਏ ਫਸੇ ਹੋਏ ਹਨ। ਲੁਧਿਆਣਾ ਨੂੰ 'ਭਾਰਤ ਦਾ ਮੈਨਚੈਸਟਰ' ਕਿਹਾ ਜਾਂਦਾ ਹੈ, ਜੋ ਗਰਮ ਕੱਪੜਿਆਂ ਲਈ ਮਸ਼ਹੂਰ ਹੈ। ਰੂਸ, ਉਜ਼ਬੇਕਿਸਤਾਨ ਅਤੇ ਕਜ਼ਾਕਿਸਤਾਨ ਵਰਗੇ ਠੰਢੇ ਦੇਸ਼ਾਂ ਵਿੱਚ ਲੁਧਿਆਣਾ ਦੇ ਕੱਪੜਿਆਂ ਦੀ ਭਾਰੀ ਮੰਗ ਹੈ। ਚਾਬਹਾਰ ਬੰਦਰਗਾਹ ਨੇ ਪਾਕਿਸਤਾਨ ਨੂੰ ਬਾਈਪਾਸ ਕਰਕੇ ਇਹ ਰਸਤਾ ਖੋਲ੍ਹਣਾ ਸੀ। ਹੁਣ ਇਹ ਮਾਲ ਮਹਿੰਗੇ ਸਮੁੰਦਰੀ ਰਸਤਿਆਂ ਰਾਹੀਂ ਭੇਜਣਾ ਪੈ ਰਿਹਾ ਹੈ, ਜਿਸ ਨਾਲ ਪੰਜਾਬੀ ਉਦਯੋਗਪਤੀਆਂ ਦੀ ਲਾਗਤ ਵਧ ਗਈ ਹੈ ਅਤੇ ਉਹ ਕੌਮਾਂਤਰੀ ਬਾਜ਼ਾਰ ਵਿੱਚ ਪਛੜ ਰਹੇ ਹਨ।

ਜਲੰਧਰ ਦੇ ਹੈਂਡ-ਟੂਲਜ਼ ਉਦਯੋਗ ਲਈ ਕਈ ਖਣਿਜ ਅਤੇ ਕੱਚਾ ਮਾਲ ਮੱਧ ਏਸ਼ੀਆਈ ਦੇਸ਼ਾਂ ਤੋਂ ਆਉਣਾ ਸੌਖਾ ਹੋਣਾ ਸੀ।

ਚੀਨ ਆਪਣੀ 'ਬੈਲਟ ਐਂਡ ਰੋਡ' ਨੀਤੀ ਰਾਹੀਂ ਇਨ੍ਹਾਂ ਮੰਡੀਆਂ 'ਤੇ ਕਬਜ਼ਾ ਕਰ ਰਿਹਾ ਹੈ। ਚਾਬਹਾਰ ਦੇ ਰੁਕਣ ਨਾਲ ਪੰਜਾਬੀ ਇੰਜੀਨੀਅਰਿੰਗ ਉਦਯੋਗ ਲਈ ਇਨ੍ਹਾਂ ਦੇਸ਼ਾਂ ਵਿੱਚ ਚੀਨੀ ਮਾਲ ਦਾ ਮੁਕਾਬਲਾ ਕਰਨਾ ਅਸੰਭਵ ਹੁੰਦਾ ਜਾ ਰਿਹਾ ਹੈ।

ਪੰਜਾਬ ਵਿੱਚ ਕਈ ਮਲਟੀ-ਨੈਸ਼ਨਲ ਕੰਪਨੀਆਂ ਨੇ ਇਸ ਉਮੀਦ ਵਿੱਚ ਨਿਵੇਸ਼ ਕਰਨ ਦੀ ਯੋਜਨਾ ਬਣਾਈ ਸੀ ਕਿ ਚਾਬਹਾਰ ਰਾਹੀਂ ਪੰਜਾਬ ਇੱਕ 'ਐਕਸਪੋਰਟ ਹੱਬ' ਬਣ ਜਾਵੇਗਾ। ਇਸ ਅਸਥਿਰਤਾ ਕਾਰਨ ਨਵੇਂ ਉਦਯੋਗਿਕ ਯੂਨਿਟ ਹਾਲ ਦੀ ਘੜੀ ਲਗਣੇ ਅਸੰਭਵ ਹਨ।

ਜਦੋਂ ਨਿਰਯਾਤ ਘਟਦਾ ਹੈ, ਤਾਂ ਫੈਕਟਰੀਆਂ ਵਿੱਚ ਉਤਪਾਦਨ ਘੱਟ ਜਾਂਦਾ ਹੈ, ਜਿਸਦਾ ਸਿੱਧਾ ਅਸਰ ਮਜ਼ਦੂਰਾਂ ਅਤੇ ਨੌਜਵਾਨਾਂ ਦੇ ਰੁਜ਼ਗਾਰ 'ਤੇ ਪੈ ਰਿਹਾ ਹੈ।

ਸਿੱਟਾ

ਚਾਬਹਾਰ ਬੰਦਰਗਾਹ ਦਾ ਰੁਕਣਾ ਪੰਜਾਬ ਲਈ ਸਿਰਫ਼ ਇੱਕ ਪ੍ਰੋਜੈਕਟ ਦਾ ਰੁਕਣਾ ਨਹੀਂ, ਸਗੋਂ ਪੰਜਾਬ ਦੀ ਆਰਥਿਕ ਸੁਰਜੀਤੀ ਦੇ ਇੱਕ ਵੱਡੇ ਮੌਕੇ ਦਾ ਖੁੱਸ ਜਾਣਾ ਹੈ। ਜੇਕਰ ਖੇਤਰੀ ਅਸਥਿਰਤਾ ਜਾਰੀ ਰਹਿੰਦੀ ਹੈ, ਤਾਂ ਪੰਜਾਬ ਦੇ ਉਦਯੋਗਾਂ ਨੂੰ ਦੂਰ-ਦੁਰਾਡੇ ਦੀਆਂ ਮੰਡੀਆਂ ਲਈ ਗੁਜਰਾਤ ਜਾਂ ਮੁੰਬਈ ਦੀਆਂ ਬੰਦਰਗਾਹਾਂ 'ਤੇ ਨਿਰਭਰ ਰਹਿਣਾ ਪਵੇਗਾ, ਜੋ ਭੂਗੋਲਿਕ ਤੌਰ 'ਤੇ ਪੰਜਾਬ ਲਈ ਮਹਿੰਗਾ ਸੌਦਾ ਹੈ।

**ਇਰਾਨ-ਇਜ਼ਰਾਇਲ ਜੰਗ ਦੌਰਾਨ ਤਹਿਰਾਨ ਵਿੱਚ ਸਿੱਖ ਭਾਈਚਾਰੇ ਨਾਲ ਸੰਪਰਕ ਟੁੱਟਿਆ, ਪੰਜਾਬ ਵਿੱਚ ਚਿੰਤਾ ਦੀ ਲਹਿਰ**

ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਾਲੇ ਵਧਦੇ ਫ਼ੌਜੀ ਟਕਰਾਅ ਨੇ ਤਹਿਰਾਨ ਵਿੱਚ ਰਹਿ ਰਹੇ ਮੁੱਠੀ ਭਰ ਭਾਰਤੀ ਭਾਈਚਾਰੇ, ਖਾਸ ਕਰਕੇ ਸਿੱਖਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਜੰਗ ਦੇ ਮੈਦਾਨ ਵਿੱਚ ਬਦਲੇ ਹਾਲਾਤਾਂ ਕਾਰਨ ਉੱਥੇ ਰਹਿ ਰਹੇ ਸਿੱਖਾਂ ਨਾਲ ਸੰਪਰਕ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ, ਜਿਸ ਨਾਲ ਪੰਜਾਬ ਵਿੱਚ ਰਹਿੰਦੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਿੱਚ ਭਾਰੀ ਚਿੰਤਾ ਪਾਈ ਜਾ ਰਹੀ ਹੈ।

(ਬਾਕੀ ਸਫ਼ਾ 27 'ਤੇ)

## ਇਰਾਨ ਦੇ 'ਜ਼ਾਹਿਦਾਨ' ਸ਼ਹਿਰ 'ਚ ਕਦੇ ਰਹਿੰਦੇ ਸਨ ਬਹੁਗਿਣਤੀ ਸਿੱਖ

ਤਹਿਰਾਨ/ਏ.ਟੀ.ਨਿਊਜ਼: ਅਸੀਂ ਇਹ ਕਲਪਨਾ ਪੰਜਾਬ ਬਾਰੇ ਵੀ ਨਹੀਂ ਕਰ ਸਕਦੇ ਕਿ ਕਿਸੇ ਇੱਕ ਸ਼ਹਿਰ ਵਿੱਚ ਸਿੱਖ ਬਹੁਗਿਣਤੀ ਵਿੱਚ ਹੋਣਗੇ ਪਰ ਜ਼ਾਹਿਦਾਨ ਇਕੋ-ਇੱਕ ਅਜਿਹਾ ਸ਼ਹਿਰ ਹੈ, ਜਿਸ ਅੰਦਰ ਕਦੇ ਸਿੱਖ ਬਹੁਗਿਣਤੀ ਵਿੱਚ ਹੁੰਦੇ ਸਨ ਜਾਂ ਇਹ ਕਹਿ ਲਵੋ ਕਿ ਇਸ ਨੂੰ ਸਿੱਖਾਂ ਦਾ ਸ਼ਹਿਰ ਕਿਹਾ ਜਾਂਦਾ ਸੀ। ਇਹ ਸ਼ਹਿਰ ਭਾਰਤ ਵਿੱਚ ਨਹੀਂ ਬਲਕਿ ਇਰਾਨ 'ਚ ਸਥਿਤ ਹੈ।



ਜ਼ਾਹਿਦਾਨ ਇਰਾਨ ਦੇ ਦੱਖਣ-ਪੂਰਬੀ ਸੂਬੇ 'ਸਿਸਤਾਨ ਅਤੇ ਬਲੋਚਿਸਤਾਨ' ਦੀ ਰਾਜਧਾਨੀ ਹੈ। ਇਹ ਸ਼ਹਿਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ ਦੇ ਨੇੜੇ ਸਥਿਤ ਹੈ, ਜੋ ਇਸ ਨੂੰ ਇੱਕ ਮਹੱਤਵਪੂਰਨ ਵਪਾਰਕ ਕੇਂਦਰ ਬਣਾਉਂਦਾ ਹੈ। ਜੇਕਰ ਇਸ ਸ਼ਹਿਰ ਦੇ ਇਤਿਹਾਸ ਅਤੇ ਸਿੱਖ ਭਾਈਚਾਰੇ ਬਾਰੇ ਝਾਤ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ 20ਵੀਂ ਸਦੀ ਦੇ ਸ਼ੁਰੂ ਵਿੱਚ (1910-1920 ਦੇ ਦਹਾਕੇ) ਜਦੋਂ ਬ੍ਰਿਟਿਸ਼ ਇੰਡੀਆ ਨੇ ਕੁਇੱਟਾ (ਪਾਕਿਸਤਾਨ) ਨੂੰ ਇਰਾਨ ਨਾਲ ਰੇਲਵੇ ਰਾਹੀਂ ਜੋੜਿਆ ਤਾਂ ਬਹੁਤ ਸਾਰੇ ਸਿੱਖ ਵਪਾਰੀ ਅਤੇ ਕਾਰੀਗਰ ਇਥੇ ਆ ਕੇ ਵਸ ਗਏ।

ਦਰਅਸਲ ਇਸ ਸ਼ਹਿਰ ਦਾ ਮੂਲ ਨਾਮ 'ਦੋਜ਼ਦਾਬ' ਸੀ ਜਿਸ ਦਾ ਅਰਥ 'ਚੋਰਾਂ ਦਾ ਸ਼ਹਿਰ' ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਜਦੋਂ ਇਰਾਨ ਦੇ ਸ਼ਾਹ ਨੇ ਇਥੇ ਸਿੱਖਾਂ ਨੂੰ ਚਿੱਟੇ ਕਪੜਿਆਂ ਵਿੱਚ ਦੇਖਿਆ ਤਾਂ ਉਨ੍ਹਾਂ ਨੇ ਸ਼ਹਿਰ ਦਾ ਨਾਂ 'ਦੋਜ਼ਦਾਬ' (ਚੋਰਾਂ ਦਾ ਸ਼ਹਿਰ) ਤੋਂ ਬਦਲ ਕੇ 'ਜ਼ਾਹਿਦਾਨ' (ਪਵਿੱਤਰ ਲੋਕਾਂ ਦਾ ਸ਼ਹਿਰ) ਰੱਖ ਦਿਤਾ। ਜਿਵੇਂ ਕਿਹਾ ਜਾਂਦਾ ਹੈ ਕਿ ਜਿਥੇ ਚਾਰ ਸਿੱਖ ਇਕੱਠੇ ਹੋ ਜਾਣ ਉਥੇ ਪਹਿਲਾਂ ਗੁਰਦੁਆਰਾ ਸਾਹਿਬ ਸਥਾਪਤ ਕਰਨ ਦੀ ਰਾਇ ਕਰਦੇ ਹਨ। ਇਥੇ ਵੀ ਕੁੱਝ ਇਸੇ ਤਰ੍ਹਾਂ ਹੋਇਆ। ਜ਼ਾਹਿਦਾਨ ਵਿੱਚ ਇਤਿਹਾਸਕ ਗੁਰਦੁਆਰਾ ਸਾਹਿਬ 1921 ਵਿੱਚ ਸਥਾਪਤ ਕੀਤਾ ਗਿਆ ਸੀ। ਇਹ ਪੱਛਮੀ ਏਸ਼ੀਆ ਦੇ ਸੱਭ ਤੋਂ ਪੁਰਾਣੇ ਗੁਰਦੁਆਰਿਆਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇਥੋਂ ਦੇ ਸਿੱਖਾਂ ਨੇ ਆਟੋ ਪਾਰਟਸ, ਮਸਾਲਿਆਂ ਅਤੇ ਵਪਾਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇੱਕ ਸਮੇਂ ਸ਼ਹਿਰ ਵਿੱਚ 'ਸਿੱਖ ਬਾਜ਼ਾਰ' ਵੀ ਮਸ਼ਹੂਰ ਸੀ। 1979 ਦੀ ਇਰਾਨੀ ਕ੍ਰਾਂਤੀ ਤੋਂ ਬਾਅਦ ਬਹੁਤ ਸਾਰੇ ਸਿੱਖ ਭਾਰਤ ਜਾਂ ਯੂਰੋਪ ਚਲੇ ਗਏ। ਹੁਣ ਜ਼ਾਹਿਦਾਨ ਵਿੱਚ ਸਿਰਫ਼ 15-20 ਸਿੱਖ ਪ੍ਰਵਾਰ ਹੀ ਰਹਿ ਗਏ ਹਨ, ਜੋ ਸਿੱਖ ਵਿਰਾਸਤ ਨੂੰ ਸੰਭਾਲ ਰਹੇ ਹਨ। ਇਥੋਂ ਦੇ ਸਿੱਖ ਪ੍ਰਵਾਰ ਫ਼ਾਰਸੀ, ਬਲੋਚੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵੀ ਬੋਲਦੇ ਹਨ ਜਿਸ 'ਤੇ ਸਥਾਨਕ ਭਾਸ਼ਾਵਾਂ ਦਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਜ਼ਾਹਿਦਾਨ ਇਰਾਨ ਵਿੱਚ ਪੰਜਾਬੀ ਸਿੱਖਾਂ ਦੀ ਸੌ ਸਾਲ ਤੋਂ ਵੱਧ ਪੁਰਾਣੀ ਹੋਂਦ ਅਤੇ ਸਭਿਆਚਾਰਕ ਮਿਸ਼ਰਣ ਦੀ ਇਕ ਵਿਲੱਖਣ ਮਿਸਾਲ ਹੈ।

ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਦੇ ਪਾਣੀਆਂ ਉੱਪਰ, ਰਾਜਸਥਾਨ ਦਾ ਕਬਜ਼ਾ ਕਿਉਂ ?

## ਕੀ ਰਾਜਸਥਾਨ ਦੇਵੇਗਾ ਪੰਜਾਬ ਦੇ ਪਾਣੀ ਦਾ ਮੁੱਲ ? 1.44 ਲੱਖ ਕਰੋੜ ਦੀ ਰਾਇਲਟੀ ਦਾ ਕੀ ਹੈ ਪੂਰਾ ਸੱਚ ?

ਪੰਜਾਬ ਦੀ ਸਿਆਸਤ ਵਿੱਚ ਦਰਿਆਈ ਪਾਣੀਆਂ ਦਾ ਮੁੱਦਾ ਹਮੇਸ਼ਾ ਭਾਵੁਕ ਰਿਹਾ ਹੈ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਾਜਸਥਾਨ ਤੋਂ 1.44 ਲੱਖ ਕਰੋੜ ਰੁਪਏ ਦੀ 'ਪਾਣੀ ਰਾਇਲਟੀ' ਮੰਗਣ ਦੇ ਐਲਾਨ ਨੇ ਇਸ ਨੂੰ ਇੱਕ ਵੱਡੇ ਕਾਨੂੰਨੀ ਅਤੇ ਮਾਲੀ ਮੋਰਚੇ ਵਿੱਚ ਬਦਲ ਦਿੱਤਾ ਹੈ। ਇਹ ਮਹਿਜ਼ ਇੱਕ ਅੰਕੜਾ ਨਹੀਂ, ਸਗੋਂ ਪਿਛਲੀ ਇੱਕ ਸਦੀ ਦੇ ਦਸਤਾਵੇਜ਼ਾਂ ਅਤੇ ਸਮਝੌਤਿਆਂ ਦਾ ਨਿਚੋੜ ਹੈ।

ਇਸ ਵਿਵਾਦ ਦੀ ਜੜ੍ਹ ਸਤੰਬਰ 1920 ਵਿੱਚ ਹੋਏ ਇੱਕ ਤ੍ਰੈ-ਪੱਖੀ ਸਮਝੌਤੇ ਵਿੱਚ ਹੈ। ਉਸ ਸਮੇਂ ਬ੍ਰਿਟਿਸ਼ ਸਰਕਾਰ, ਬੀਕਾਨੇਰ ਰਿਆਸਤ ਅਤੇ ਬਹਾਵਲਪੁਰ ਰਿਆਸਤ ਵਿਚਕਾਰ ਇੱਕ ਲਿਖਤੀ ਕਰਾਰ ਹੋਇਆ ਸੀ। ਇਸੇ ਸਮਝੌਤੇ ਤਹਿਤ ਫ਼ਿਰੋਜ਼ਪੁਰ ਦੇ ਹੁਸੈਨੀਵਾਲਾ ਤੋਂ ਪਾਣੀ ਦੇਣ ਲਈ 'ਗੰਗ ਨਹਿਰ' ਕੱਢੀ ਗਈ ਸੀ। ਬ੍ਰਿਟਿਸ਼ ਨਿਜ਼ਾਮ ਨੇ ਸਪਸ਼ਟ ਕੀਤਾ ਸੀ ਕਿ ਪੰਜਾਬ ਦਾ ਪਾਣੀ ਵਰਤਣ ਬਦਲੇ ਬੀਕਾਨੇਰ ਰਿਆਸਤ ਨੂੰ ਰਾਇਲਟੀ (ਜਲ ਸੈੱਸ) ਦੇਣੀ ਪਵੇਗੀ। ਰਾਜਸਥਾਨ 1960 ਤੱਕ ਇਹ ਪੈਸੇ ਦਿੰਦਾ ਰਿਹਾ। ਪਰ 1960 ਦੇ 'ਸਿੰਧੂ ਜਲ ਸਮਝੌਤੇ' ਤੋਂ ਬਾਅਦ, ਰਾਜਸਥਾਨ ਨੇ ਇਹ ਕਹਿ ਕੇ ਪੈਸੇ ਦੇਣੇ ਬੰਦ ਕਰ ਦਿੱਤੇ ਕਿ ਹੁਣ ਨਵੇਂ ਕੌਮਾਂਤਰੀ ਨਿਯਮ ਲਾਗੂ ਹੋ ਗਏ ਹਨ।

ਪੰਜਾਬ ਸਰਕਾਰ ਦਾ ਤਰਕ ਹੈ ਕਿ ਜੇਕਰ 1920 ਵਾਲਾ ਸਮਝੌਤਾ ਰੱਦ ਨਹੀਂ ਹੋਇਆ, ਤਾਂ ਪਾਣੀ ਦਾ ਮੁੱਲ ਦੇਣਾ ਵੀ ਬੰਦ ਨਹੀਂ ਕੀਤਾ ਜਾ ਸਕਦਾ। ਸਾਲ 1960 ਤੋਂ 2026 ਤੱਕ ਦੇ 66 ਸਾਲਾਂ ਦਾ ਬਕਾਇਆ ਹੁਣ 1.44 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ।

ਪੰਜਾਬ ਦੇ ਪਾਣੀਆਂ ਦੇ ਡੂੰਘੇ ਜਾਣਕਾਰ ਅਤੇ ਸਾਬਕਾ ਆਈ.ਏ.ਐੱਸ. ਅਧਿਕਾਰੀ ਗੁਰਤੇਜ ਸਿੰਘ ਇਸ ਮਸਲੇ ਨੂੰ ਸੰਵਿਧਾਨਕ ਨਜ਼ਰੀਏ ਤੋਂ ਦੇਖਦੇ ਹਨ। ਉਨ੍ਹਾਂ ਦਾ ਵਿਸ਼ਲੇਸ਼ਣ ਪੰਜਾਬ ਦੇ ਦਾਅਵੇ ਨੂੰ ਮਜ਼ਬੂਤੀ ਦਿੰਦਾ ਹੈ ਕਿ ਭਾਰਤੀ ਸੰਵਿਧਾਨ ਦੀ ਧਾਰਾ 246 (ਅਨੁਸੂਚੀ 7, ਸੂਚੀ 2, ਐਂਟਰੀ 17) ਸਪਸ਼ਟ ਕਰਦੀ ਹੈ ਕਿ ਪਾਣੀ ਸੂਬੇ ਦਾ ਵਿਸ਼ਾ ਹੈ। ਅੰਤਰਰਾਸ਼ਟਰੀ 'ਰਿਪੇਰੀਅਨ ਸਿਧਾਂਤ' ਮੁਤਾਬਕ ਦਰਿਆਵਾਂ ਦੇ ਪਾਣੀ 'ਤੇ ਪਹਿਲਾ ਹੱਕ ਉਸੇ ਖਿੱਤੇ ਦਾ ਹੈ ਜਿੱਥੋਂ ਉਹ ਲੰਘਦੇ ਹਨ।



ਗੁਰਤੇਜ ਸਿੰਘ ਅਨੁਸਾਰ, ਦੇਸ਼ ਦੀ ਵੰਡ ਤੋਂ ਪਹਿਲਾਂ ਪੰਜਾਬ ਦਾ ਸਿਰਫ਼ 20% ਪਾਣੀ ਗੈਰ-ਰਿਪੇਰੀਅਨ (ਰਾਜਸਥਾਨ ਵਰਗੇ) ਇਲਾਕਿਆਂ ਨੂੰ ਜਾਂਦਾ ਸੀ। ਪਰ ਅੱਜ ਸਥਿਤੀ ਉਲਟ ਹੈ—80% ਪਾਣੀ ਬਾਹਰ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਤਿੰਨੇ ਹੀ ਗ਼ੈਰ-ਰਿਪੇਰੀਅਨ ਹਨ, ਫ਼ਿਰ ਵੀ ਇਹ ਪੰਜਾਬ ਦੇ ਪਾਣੀ 'ਤੇ ਕਬਜ਼ਾ ਜਮਾਈ ਬੈਠੇ ਹਨ, ਜਦ ਕਿ ਪੰਜਾਬ ਦਾ ਆਪਣਾ ਜ਼ਮੀਨੀ ਪਾਣੀ ਖ਼ਤਮ ਹੋ ਰਿਹਾ ਹੈ ਅਤੇ ਸੂਬਾ ਬੰਜਰ ਹੋਣ ਵੱਲ ਵਧ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਸਾਬਕਾ ਸਕੱਤਰ (ਜਲ ਸਰੋਤ) ਸਵਰਨ ਸਿੰਘ ਬੋਪਾਰਾਏ ਨੇ ਵੀ ਕਈ ਅਹਿਮ ਤੱਥ ਰੱਖੇ ਹਨ। ਉਨ੍ਹਾਂ ਮੁਤਾਬਕ, 1947 ਦੀ ਵੰਡ ਤੋਂ ਬਾਅਦ ਜਦੋਂ ਬੀਕਾਨੇਰ ਰਿਆਸਤ ਰਾਜਸਥਾਨ ਦਾ ਹਿੱਸਾ ਬਣੀ ਸੀ, ਤਾਂ ਉਸ ਦੀਆਂ ਸਾਰੀਆਂ ਦੇਣਦਾਰੀਆਂ ਵੀ ਨਵੀਂ ਸਰਕਾਰ ਸਿਰ ਆਈਆਂ ਸਨ। ਪੰਜਾਬ ਸਰਕਾਰ ਅਤੇ ਰਾਜਸਥਾਨ ਵਿਚਾਲੇ ਆਜ਼ਾਦੀ ਤੋਂ ਬਾਅਦ ਵੀ ਇੱਕ ਸਮਝੌਤਾ ਹੋਇਆ ਸੀ ਜਿਸ ਵਿੱਚ ਰਾਇਲਟੀ ਦਾ ਜ਼ਿਕਰ ਸੀ। ਬੋਪਾਰਾਏ ਅਨੁਸਾਰ, ਕੇਂਦਰ ਸਰਕਾਰ ਕੋਲ ਦੋ ਰਾਜਾਂ ਵਿਚਾਲੇ ਪਾਣੀ ਵੰਡਣ ਦਾ ਕੋਈ ਸੰਵਿਧਾਨਕ ਅਧਿਕਾਰ ਨਹੀਂ ਸੀ, ਜੋ ਉਸ ਨੇ 1960 ਤੋਂ ਬਾਅਦ ਵਰਤਿਆ। ਇਥੋਂ ਹੀ ਪੰਜਾਬ ਦੇ ਪਾਣੀਆਂ ਦੇ ਹੱਕ ਨਾਲ ਵਿਤਕਰਾ ਹੋਇਆ।

ਰਾਜਸਥਾਨ ਦੇ ਜਲ ਸਰੋਤ ਮੰਤਰੀ ਸੁਰੇਸ਼ ਸਿੰਘ ਰਾਵਤ ਨੇ ਪੰਜਾਬ ਦੇ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਰਾਜਸਥਾਨ ਦਾ ਕਹਿਣਾ ਹੈ ਕਿ ਬ੍ਰਿਟਿਸ਼ ਕਾਲ ਦੇ ਸਮਝੌਤਿਆਂ ਦੀ ਆਜ਼ਾਦ ਭਾਰਤ ਵਿੱਚ ਕੋਈ ਅਹਿਮੀਅਤ ਨਹੀਂ ਹੈ। ਸਾਲ 1960 ਦਾ 'ਸਿੰਧੂ ਜਲ ਸਮਝੌਤਾ' ਇੱਕ ਨਵਾਂ ਅਧਾਰ ਹੈ, ਜਿਸ ਵਿੱਚ ਪੰਜਾਬ ਨੂੰ ਪਾਕਿਸਤਾਨ ਜਾਣ ਵਾਲਾ ਪਾਣੀ ਰੋਕਣ ਦਾ ਹੱਕ ਮਿਲਿਆ ਅਤੇ ਇਸ ਪਾਣੀ ਦੀ ਵੰਡ ਕੇਂਦਰ ਦੇ ਫ਼ੈਸਲੇ ਅਨੁਸਾਰ ਹੋਈ। ਰਾਜਸਥਾਨ ਹੁਣ ਪੰਜਾਬ ਦੇ ਇਸ ਦਾਅਵੇ ਖ਼ਿਲਾਫ਼ ਅਦਾਲਤ ਵਿੱਚ ਜਾਣ ਦੀ ਤਿਆਰੀ ਕਰ ਰਿਹਾ ਹੈ।

ਕਾਂਗਰਸ ਦਾ ਪੰਜਾਬ ਦੇ ਪਾਣੀਆਂ ਬਾਰੇ ਸਟੈਂਡ ਸਪਸ਼ਟ ਨਹੀਂ ਹੈ। ਪੰਜਾਬ ਕਾਂਗਰਸ ਦਾ ਸਿਰਫ਼ ਇਹੀ ਕਹਿਣਾ ਹੈ ਕਿ ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ। ਹਾਲਾਂਕਿ, ਉਹ ਮੌਜੂਦਾ ਸਰਕਾਰ ਦੀ ਰਾਇਲਟੀ ਦੀ ਮੰਗ ਨੂੰ 'ਸਿਆਸੀ ਸਟੰਟ' ਵੀ ਦੱਸਦੇ ਹਨ, ਪਰ ਪਾਣੀ ਦੇ ਹੱਕ 'ਤੇ ਉਹ ਪੰਜਾਬ ਦੇ ਨਾਲ ਖੜ੍ਹੇ ਹੋਣ ਦਾ ਦਾਅਵਾ ਕਰਦੇ ਹਨ।

ਪੰਜਾਬ ਸਰਕਾਰ ਨੇ ਆਪਣੀ ਗਣਨਾ ਵਿੱਚ ਕਿਹਾ ਹੈ ਕਿ ਰਾਜਸਥਾਨ ਆਪਣੇ ਕਿਸਾਨਾਂ ਤੋਂ ਪਾਣੀ ਬਦਲੇ 70 ਰੁਪਏ ਪ੍ਰਤੀ ਫ਼ਸਲ ਵਸੂਲ ਰਿਹਾ ਹੈ, ਜਿਸ ਨਾਲ ਉਸ ਨੂੰ ਸਾਲਾਨਾ ਕਰੋੜਾਂ ਦੀ ਆਮਦਨ ਹੁੰਦੀ ਹੈ, ਜਦਕਿ ਪੰਜਾਬ ਨੂੰ ਕੁਝ ਨਹੀਂ ਮਿਲਦਾ।

ਇਹ ਮਸਲਾ ਹੁਣ ਸਿਰਫ਼ ਪੈਸਿਆਂ ਦਾ ਨਹੀਂ ਰਿਹਾ, ਸਗੋਂ ਰਾਜਾਂ ਦੇ ਅਧਿਕਾਰਾਂ ਅਤੇ ਸੰਘੀ ਢਾਂਚੇ ਦੀ ਪਰਖ ਬਣ ਗਿਆ ਹੈ। ਕੀ ਪੰਜਾਬ ਆਪਣੀ 1.44 ਲੱਖ ਕਰੋੜ ਰੁਪਏ ਦੀ ਮੰਗ ਮਨਵਾ ਸਕੇਗਾ ਜਾਂ ਇਹ ਇੱਕ ਹੋਰ ਲੰਬੀ ਕਾਨੂੰਨੀ ਉਲਝਣ ਫ਼ਸ ਜਾਵੇਗਾ, ਇਹ ਆਉਣ ਵਾਲਾ ਸਮਾਂ ਦੱਸੇਗਾ।

ਪੰਜਾਬ ਸਿਆਸਤ ਅਜ਼ਮਾਇਸ਼ੀ ਦੌਰ ਵੱਲ

# ਕਾਂਗਰਸ 'ਚ ਪ੍ਰਧਾਨਗੀ ਅਹੁਦੇ ਕਾਰਨ ਫ਼ੁੱਟ, ਭਾਜਪਾ ਦੀ ਜੱਟ-ਕਿਸਾਨ ਵਿਰੋਧੀ ਰਣਨੀਤੀ ਪੰਜਾਬ ਲਈ ਖ਼ਤਰਨਾਕ

## ਅਕਾਲੀ ਦਲ ਦਾ ਰਾਜਨੀਤਕ ਵਿਕਾਸ ਏਕਤਾ ਤੇ ਖੇਤਰੀ ਏਜੰਡੇ ਵਿੱਚ

ਇਸ ਵੇਲੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਤਾਜ ਤੇ ਤਖ਼ਤ ਵੀ ਕੰਡਿਆਂ ਨਾਲ ਭਰਿਆ ਹੈ ਪਰ ਇਸ ਦੀ ਖਾਹਿਸ਼ ਰੱਖਣ ਵਾਲਿਆਂ ਦੀ ਕਤਾਰ ਬਹੁਤ ਲੰਮੀ ਹੈ। ਕੈਪਟਨ ਅਮਰਿੰਦਰ ਸਿੰਘ ਦੇ ਜਾਣ ਤੋਂ ਬਾਅਦ ਕਾਂਗਰਸ ਕੋਲ ਅਜਿਹਾ ਕੋਈ ਚਿਹਰਾ ਨਹੀਂ ਹੈ ਜੋ ਪੂਰੇ ਪੰਜਾਬ ਨੂੰ ਇੱਕਮੁੱਠ ਕਰ ਸਕੇ।

ਅਸਲ ਵਿੱਚ ਕਾਂਗਰਸ ਹਾਈਕਮਾਨ ਇਸ ਵੇਲੇ ਪੰਜਾਬ ਨੂੰ ਲੈ ਕੇ ਬੜੀ ਮੁਸ਼ਕਿਲ ਵਿੱਚ ਹੈ, ਕਿਉਂਕਿ ਫ਼ਰਵਰੀ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਸਭ ਤੋਂ ਵੱਧ ਆਸ ਪੰਜਾਬ ਤੋਂ ਹੀ ਹੈ ਤੇ ਪੰਜਾਬ ਵਿੱਚ ਕਾਂਗਰਸ ਵਿਚਲੀ ਫ਼ੁੱਟ ਬਹੁਤ ਡੂੰਘੀ ਹੈ। ਉਨ੍ਹਾਂ ਵਿਚੋਂ ਕੋਈ ਦੋ ਲੀਡਰ ਇੱਕਠੇ ਨਹੀਂ ਹਨ। ਇਹ ਫ਼ੁਟ ਸਿਰਫ਼ ਵਿਅਕਤੀਗਤ ਨਹੀਂ, ਇਹ ਜਾਤੀ ਵੰਡ ਤੱਕ ਪਹੁੰਚ ਚੁੱਕੀ ਹੈ। ਪ੍ਰਤਾਪ ਸਿੰਘ ਬਾਜਵਾ ਵਰਗੇ ਸਿਆਸਤਦਾਨ ਲੀਡਰ ਆਫ਼ ਆਪੋਜੀਸ਼ਨ ਵਜੋਂ ਸਰਗਰਮ ਹਨ ਪਰ ਪ੍ਰਧਾਨ ਅਹੁਦੇ ਨੂੰ ਲੈ ਕੇ ਅੰਦਰੂਨੀ ਚਰਚਾਵਾਂ 'ਤੇ ਟਕਰਾਅ ਜਾਰੀ ਹਨ। ਇਸ ਵੇਲੇ ਕਾਂਗਰਸ ਵਿੱਚ ਪ੍ਰਧਾਨਗੀ ਅਹੁੱਦੇ ਨੂੰ ਲੈ ਕੇ ਚਰਚਾ ਇਸ ਲਈ ਹੈ, ਕਿਉਂਕਿ ਪਾਰਟੀ ਵਿੱਚ ਜੱਟ ਲੀਡਰਸ਼ਿਪ ਹਾਵੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਹਨ ਅਤੇ ਪ੍ਰਤਾਪ ਸਿੰਘ ਬਾਜਵਾ ਲੀਡਰ ਆਫ਼ ਆਪੋਜੀਸ਼ਨ। ਪਰ ਦੋਵੇਂ ਜੱਟ ਭਾਈਚਾਰੇ ਨਾਲ ਸਬੰਧਿਤ ਹਨ। ਪਰ ਚਰਨਜੀਤ ਸਿੰਘ ਚੰਨੀ ਵਰਗੇ ਦਲਿਤ ਲੀਡਰ ਨੇ ਐੱਸ.ਸੀ. ਅਗਵਾਈ ਬਾਰੇ ਸਵਾਲ ਉਠਾਏ ਸਨ ਜਿਸ ਨਾਲ ਪਾਰਟੀ ਵਿੱਚ ਜਾਤੀ ਰਾਜਨੀਤੀ ਉਭਰੀ ਹੈ। ਹਾਈਕਮਾਨ ਨੇ ਪਾਰਟੀ ਵਿੱਚ ਪਈ ਫ਼ੁੱਟ ਨੂੰ ਖਤਮ ਕਰਨ ਲਈ ਚਿਤਾਵਨੀਆਂ ਜਾਰੀ ਕੀਤੀਆਂ ਸਨ ਅਤੇ ਲੀਡਰਸ਼ਿਪ ਵਿੱਚ ਤਬਦੀਲੀ ਤੋਂ ਇਨਕਾਰ ਕੀਤਾ ਸੀ। ਇਸ ਲਈ ਇਹ ਫ਼ੁੱਟ ਪ੍ਰਧਾਨਗੀ ਅਹੁੱਦੇ ਤੋਂ ਵਧ ਕੇ ਜਾਤੀਵਾਦ ਤੱਕ ਪਹੁੰਚ ਗਈ ਹੈ। ਵਿਜੈ ਇੰਦਰ ਸਿੰਗਲਾ, ਰਾਣਾ ਕੇ.ਪੀ. ਸਿੰਘ ਵਰਗੇ ਹਿੰਦੂ ਲੀਡਰ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਵਰਗੇ ਜੱਟ ਲੀਡਰ ਅਤੇ ਡਾ. ਅਮਰ ਸਿੰਘ, ਸੁਖਵਿੰਦਰ ਸਿੰਘ ਡੈਨੀ ਬੰਡਾਲਾ ਵਰਗੇ ਦਲਿਤ ਲੀਡਰ ਚਰਚਾ ਵਿਚ ਹਨ। ਓ.ਬੀ.ਸੀ. ਵਿੱਚ ਸੰਗਤ ਸਿੰਘ ਗਿਲਜੀਆਂ, ਅੰਗਦ ਸੈਣੀ ਵਰਗੇ ਨਾਮ ਉਭਰ ਰਹੇ ਹਨ।




ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਕਾਂਗਰਸ ਲਈ ਵੀ ਪ੍ਰਗਟ ਸਿੰਘ ਵਰਗਾ ਚਿਹਰਾ ਵਧੀਆ ਤੇ ਪੰਜਾਬ ਹਿਤੂ ਮੰਨਿਆ ਜਾ ਰਿਹਾ ਹੈ ਪਰ ਹਾਈਕਮਾਨ ਚੋਣ ਤੋਂ ਪਹਿਲਾਂ ਮੁੱਖ ਮੰਤਰੀ ਚਿਹਰਾ ਐਲਾਨਣ ਤੋਂ ਗੁਰੇਜ਼ ਕਰ ਰਹੀ ਹੈ ਤਾਂ ਜੋ ਪਾਰਟੀ ਫ਼ੁੱਟ ਦੀ ਸ਼ਿਕਾਰ ਨਾ ਹੋਵੇ। ਕਾਂਗਰਸ ਹਾਈਕਮਾਂਡ ਹੁਣ ਇੱਕੋ ਰਾਹ ਅਪਣਾ ਰਹੀ ਹੈ - ਜੱਟ ਸਿੱਖ, ਬੀ.ਸੀ., ਐੱਸ.ਸੀ. ਅਤੇ ਹਿੰਦੂ ਭਾਈਚਾਰੇ ਦਾ ਸਮਤੋਲ ਬਣਾਉਣਾ।

ਪੰਜਾਬ ਵਿੱਚ ਜੱਟ ਆਬਾਦੀ 18 ਤੋਂ 25 ਫ਼ੀਸਦੀ ਮੰਨੀ ਜਾਂਦੀ ਹੈ ਜਦਕਿ ਐੱਸ.ਸੀ. ਭਾਈਚਾਰਾ 32 ਫ਼ੀਸਦੀ ਤੇ ਓ.ਬੀ.ਸੀ. ਭਾਈਚਾਰੇ ਦੀ ਆਬਾਦੀ 30 ਫ਼ੀਸਦੀ ਦੇ ਕਰੀਬ ਹੈ। ਬਾਕੀ ਸਵਰਨ ਜਾਤਾਂ ਜਿਨ੍ਹਾਂ ਵਿੱਚ ਖੱਤਰੀ, ਅਰੋੜੇ, ਬ੍ਰਾਹਮਣ, ਬਾਣੀਆ ਅਤੇ ਹੋਰ ਸ਼ਾਮਲ ਹਨ, 15 ਤੋਂ 20 ਫ਼ੀਸਦੀ ਦੇ ਕਰੀਬ ਹਨ। ਪਰ ਜਾਤ ਵੰਡ ਤੋਂ ਬਿਨਾਂ ਪੰਜਾਬ ਵਿੱਚ ਇੱਕ ਧਾਰਮਿਕ ਵੰਡ ਵੀ ਹੈ, ਜਿਸ ਨੂੰ ਭਾਜਪਾ ਨੇ ਤਿੱਖਾ ਕੀਤਾ ਹੈ। ਉਹ ਹੈ ਸਿੱਖ ਤੇ ਹਿੰਦੂ। ਪੰਜਾਬ ਵਿੱਚ ਸਿੱਖ 58 ਫ਼ੀਸਦੀ ਅਤੇ ਹਿੰਦੂ 38.5 ਫ਼ੀਸਦੀ ਹਨ। ਮੁਸਲਿਮ ਤੇ ਈਸਾਈ 2-2 ਫ਼ੀਸਦੀ ਤੋਂ ਘੱਟ ਹਨ। ਹਿੰਦੂਆਂ ਵਿੱਚ ਸਵਰਨ ਹਿੰਦੂ ਵੀ 12 ਤੋਂ 14 ਫ਼ੀਸਦੀ ਹੀ ਹਨ। ਇਸ ਵਾਰ ਭਾਜਪਾ ਪੰਜਾਬ ਵਿੱਚ ਹਰਿਆਣਾ ਵਿੱਚ ਅਜ਼ਮਾਈ 'ਤੇ ਸਫ਼ਲ ਰਹੀ ਰਣਨੀਤੀ ਹੀ ਅਪਣਾਉਣ ਜਾ ਰਹੀ ਹੈ। ਭਾਵੇਂ ਉਸ ਨੇ ਕਾਂਗਰਸ ਤੇ ਅਕਾਲੀ ਦਲ ਵਿਚੋਂ ਬਹੁਤ ਸਾਰੇ ਜੱਟ ਨੇਤਾ ਭਾਜਪਾ ਵਿੱਚ ਸ਼ਾਮਲ ਕੀਤੇ ਹਨ ਪਰ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਉਹ ਇਸ ਵਾਰ ਕਿਸੇ ਜੱਟ ਨੇਤਾ ਨੂੰ ਅੱਗੇ ਨਹੀਂ ਕਰੇਗੀ। ਸਗੋਂ ਹਿੰਦੂ, ਦਲਿਤ, ਓ.ਬੀ.ਸੀ. ਗੱਠਜੋੜ ਨੂੰ ਉਭਾਰਨ ਦਾ ਯਤਨ ਕਰੇਗੀ। ਇਸ ਵਿੱਚ ਕਿਸੇ ਓ.ਬੀ.ਸੀ. ਸਿੱਖ ਦਾ ਦਾਅ ਲੱਗਣ ਦੇ ਆਸਾਰ ਜ਼ਿਆਦਾ ਹੋਣਗੇ। ਜਿਵੇਂ ਉਸ ਨੇ ਹਰਿਆਣਾ ਵਿੱਚ ਜਾਟ ਬਰਾਦਰੀ ਨੂੰ ਪਿੱਛੇ ਛੱਡ ਕੇ ਨਾਇਬ ਸਿੰਘ ਸੈਣੀ ਵਰਗੇ ਓ.ਬੀ.ਸੀ. ਨੇਤਾ ਨੂੰ ਮੁੱਖ ਮੰਤਰੀ ਬਣਾ ਕੇ ਕੀਤਾ ਸੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਦੀ ਇਹ ਨੀਤੀ ਜੱਟਾਂ ਤੇ ਕਿਸਾਨਾਂ ਵਿਰੋਧੀ ਇਸ ਲਈ ਹੈ, ਕਿਉਂਕਿ 2020-21 ਦੇ ਕਿਸਾਨ ਅੰਦੋਲਨ ਨੇ ਭਾਜਪਾ ਨੂੰ ਪੰਜਾਬ ਵਿੱਚ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਸੀ। ਜੱਟ ਕਿਸਾਨਾਂ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਆਪਣੇ ਵਿਨਾਸ਼ ਦਾ ਖਤਰਾ ਮੰਨਿਆ ਅਤੇ ਭਾਜਪਾ ਨੂੰ ਵਿਰੋਧੀ ਧਿਰ ਵਜੋਂ ਦੇਖਿਆ ਸੀ। ਇਸ ਤੋਂ ਬਾਅਦ ਭਾਜਪਾ ਨੇ ਆਪਣੀ ਰਣਨੀਤੀ ਬਦਲ ਲਈ ਸੀ। ਉਹ ਹੁਣ ਜੱਟ ਬਹੁਤੀ ਆਬਾਦੀ ਵਾਲੇ ਖੇਤਰਾਂ ਵਿੱਚ ਘੱਟ ਫ਼ੋਕਸ ਕਰ ਰਹੀ ਹੈ ਅਤੇ ਦਲਿਤ, ਓ.ਬੀ.ਸੀ. ਤੇ ਹਿੰਦੂ ਵੋਟਰਾਂ ਨੂੰ ਟਾਰਗੇਟ ਕਰ ਰਹੀ ਹੈ। ਰੂਰਲ ਆਊਟਰੀਚ ਪ੍ਰੋਗਰਾਮ ਰਾਹੀਂ ਉਹ ਗਰੀਬੀ, ਨਸ਼ਿਆਂ ਅਤੇ ਰੁਜ਼ਗਾਰ ਵਰਗੇ ਮੁੱਦਿਆਂ 'ਤੇ ਫ਼ੋਕਸ ਕਰ ਰਹੀ ਹੈ। ਭਾਜਪਾ ਦੀ ਹਿੰਦੂ-ਦਲਿਤ-ਓ.ਬੀ.ਸੀ. ਗੱਠਜੋੜ ਰਣਨੀਤੀ ਇੱਕ ਤਰ੍ਹਾਂ ਦੀ ਜੱਟ ਵਿਰੋਧੀ ਚਾਲ ਵਜੋਂ ਵੇਖੀ ਜਾ ਰਹੀ ਹੈ। ਭਾਜਪਾ ਦੀ ਰਣਨੀਤੀ ਇਸ ਵੇਲੇ ਚਾਰਜਸ਼ੀਟ ਰਾਹੀਂ ਆਪ ਵਿਰੋਧੀ ਬਣ ਰਹੀ ਹੈ ਅਤੇ ਰੂਰਲ ਖੇਤਰਾਂ ਵਿੱਚ ਵੋਟ ਬਣਾਉਣ ਲਈ ਯਤਨ ਕਰ ਰਹੀ ਹੈ। ਉਹ ਡਬਲ ਇੰਜਣ ਸਰਕਾਰ ਅਤੇ ਮੋਦੀ ਚਿਹਰੇ ਉਪਰ ਚੋਣ ਲੜੇਗੀ। ਪਰ ਭਾਜਪਾ ਹਾਈਕਮਾਂਡ ਜੱਟ ਨੇਤਾਵਾਂ ਨੂੰ ਮਹੱਤਵ ਨਾ ਦੇ ਕੇ ਉਹ ਹਿੰਦੂ-ਦਲਿਤ-ਪਛੜੀਆਂ ਸ਼੍ਰੇਣੀਆਂ ਦਾ ਗੱਠਜੋੜ ਬਣਾਉਣ ਵਿੱਚ ਲੱਗੀ ਹੈ। ਭਾਜਪਾ ਹਾਈਕਮਾਂਡ ਦੇ ਸੂਤਰਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ 32% ਦਲਿਤ, 30% ਓ.ਬੀ.ਸੀ. ਅਤੇ ਕਰੀਬ 38% ਹਿੰਦੂ ਆਬਾਦੀ ਹੈ। ਜੇਕਰ ਉਹ ਇਨ੍ਹਾਂ ਵਰਗਾਂ ਨੂੰ ਇੱਕਜੁੱਟ ਕਰ ਲੈਂਦੀ ਹੈ, ਤਾਂ ਉਹ 25% ਜੱਟ ਆਬਾਦੀ ਦੇ ਸਿਆਸੀ ਦਬਦਬੇ ਨੂੰ ਮਾਤ ਦੇ ਸਕਦੀ ਹੈ।

ਡਾ. ਖੁਸ਼ਹਾਲ ਸਿੰਘ ਦਾ ਮੰਨਣਾ ਹੈ ਕਿ ਭਾਜਪਾ ਦੀ ਜਾਤੀਵਾਦੀ ਨੀਤੀ ਪੰਜਾਬ ਤੇ ਸਿੱਖ ਪੰਥ ਲਈ ਖਤਰਨਾਕ ਹੈ ਪਰ ਇਸ ਦੇ ਬਾਵਜੂਦ ਭਾਜਪਾ ਦਾ ਆਪਣੇ ਸਿਆਸੀ ਮਿਸ਼ਨ ਵਿੱਚ ਸਫ਼ਲ ਹੋਣਾ ਸ਼ੱਕੀ ਜਾਪਦਾ ਹੈ, ਕਿਉਂਕਿ ਇੱਥੇ ਖੇਤੀ ਅਤੇ ਸਿੱਖ ਧਰਮ ਨਾਲ ਜੁੜੀ ਭਾਵਨਾਤਮਕਤਾ ਮਜ਼ਬੂਤ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਨੇ ਹਰਿਆਣਾ ਵਿੱਚ ਇਸ ਰਣਨੀਤੀ ਨਾਲ ਸਫ਼ਲਤਾ ਹਾਸਲ ਕੀਤੀ ਸੀ ਪਰ ਪੰਜਾਬ ਵਿੱਚ ਹਾਲਾਤ ਵੱਖਰੇ ਹਨ। ਇੱਥੇ ਸਿੱਖ ਆਬਾਦੀ 58 ਫ਼ੀਸਦੀ ਹੈ ਅਤੇ ਪੰਥਕ ਤੇ ਕਿਸਾਨ ਮੁੱਦੇ, ਜਾਤੀ ਵੰਡ ਨਾਲੋਂ ਤਿਖੇ ਹਨ। ਆਮ ਆਦਮੀ ਪਾਰਟੀ (ਆਪ) ਦਿਹਾਤੀ ਖੇਤਰਾਂ ਵਿੱਚ ਮਜ਼ਬੂਤ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਗਵੰਤ ਮਾਨ ਹੀ ਪੰਜਾਬ ਦੀ ਸਿਆਸਤ ਵਿੱਚ ਚਿਹਰਾ ਹੋਣਗੇ। ਕਾਂਗਰਸ ਵਿੱਚ ਫ਼ੁੱਟ ਹੈ ਪਰ ਉਸ ਕੋਲ ਵੀ ਐੱਸ.ਸੀ. ਅਤੇ ਓ.ਬੀ.ਸੀ. ਵੋਟ ਬੈਂਕ ਹੈ। ਅਕਾਲੀ ਦਲ ਆਪਣੀ ਪੁਨਰ ਸੁਰਜੀਤੀ ਲਈ ਯਤਨਸ਼ੀਲ ਹੈ।

ਇਤਿਹਾਸਕਾਰ ਸੁਖਦਿਆਲ ਸਿੰਘ ਦਾ ਕਹਿਣਾ ਹੈ ਕਿ ਧੜਿਆਂ ਵਿੱਚ ਵੰਡਿਆ ਅਕਾਲੀ ਦਲ ਬਾਦਲ ਇਸ ਵੇਲੇ ਮੁਸ਼ਕਿਲ ਵਿੱਚ ਹੈ,ਪਰ ਉਸਨੇ ਲਗਾਤਾਰ ਆਪਣੀਆਂ ਸਰਗਰਮੀਆਂ ਵਧਾਈਆਂ ਹੋਈਆਂ ਹਨ।

(ਬਾਕੀ ਸਫ਼ਾ 26 'ਤੇ)

# ਸਿੱਖ ਕੌਮ ਦਾ ਇਕੱਤਰ ਹੋਣਾ ਅੱਜ ਪੰਥ ਦੀ ਸਭ ਤੋਂ ਵੱਡੀ ਲੋੜ: ਜਥੇ. ਗੜਗੱਜ

ਜਲੰਧਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਮੰਨਦੇ ਹਨ ਕਿ ਸਿੱਖ ਕੌਮ ਦਾ ਇਕੱਤਰ ਹੋਣਾ ਅੱਜ ਪੰਥ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਮੁਤਾਬਕ ਕੁਝ ਤਾਕਤਾਂ ਨੇ ਪੰਜਾਬ ਤੋਂ ਬਾਹਰਲੇ ਤਖ਼ਤਾਂ ਨੂੰ ਪ੍ਰਬੰਧਕੀ ਤੌਰ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸਿੱਖ ਉਥੇ ਵੀ ਸੰਘਰਸ਼ ਕਰਦੇ ਹਨ। ਕੁਝ ਤਾਕਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਮਜ਼ੋਰ ਕਰ ਕੇ ਆਪਣੇ ਅਧੀਨ ਲਿਆਉਣਾ ਚਾਹੁੰਦੀਆਂ ਹਨ ਪਰ ਅਜਿਹਾ ਕਦੇ ਵੀ ਨਹੀਂ ਹੋ ਸਕਦਾ। ਉਨ੍ਹਾਂ ਇਤਿਹਾਸਕ ਹਵਾਲਿਆਂ ਦੇ ਨਾਲ ਜ਼ਿਕਰ ਕੀਤਾ ਕਿ ਸਿੱਖਾਂ ਦੀ ਖੇਤਰੀ ਪਾਰਟੀ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਨੇ ਕਈ ਪੰਥਕ ਲੜਾਈਆਂ ਲੜ ਕੇ ਆਪਣੇ ਹੱਕ ਲਏ ਹਨ। ਅੱਜ ਦੇ ਦੌਰ 'ਚ ਕੌਮ ਨੂੰ ਆਪਹੁਦਰਾਪਨ ਛੱਡ ਕੇ ਆਪਣੀਆਂ ਸੰਸਥਾਵਾਂ ਅਤੇ ਆਗੂਆਂ ਉਪਰ ਵਿਸ਼ਵਾਸ ਬਣਾਉਣ ਦੀ ਲੋੜ ਹੈ। ਪੇਸ਼ ਹਨ ਮੁਲਾਕਾਤ ਦੇ ਮੁੱਖ ਅੰਸ਼-

**➤ ਮੌਜੂਦਾ ਦੌਰ ਵਿੱਚ ਪੰਥਕ ਸਿਆਸਤ ਨੂੰ ਕਿੱਥੇ ਖੜ੍ਹਿਆ ਮਹਿਸੂਸ ਕਰਦੇ ਹੋ?**

-ਆਉਣ ਵਾਲਾ ਸਮਾਂ ਪੰਥਕ ਸਿਆਸਤ ਦਾ ਹੈ। ਅਤੀਤ ਦੀ ਗੱਲ ਕਰੀਏ ਤਾਂ ਸਿੱਖਾਂ ਨੇ ਕਾਫ਼ੀ ਸੰਘਰਸ਼ ਕੀਤੇ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜਾਣ ਤੋਂ ਬਾਅਦ ਸਾਡੀ ਗਿਣਤੀ ਕਾਫ਼ੀ ਘਟੀ ਤੇ ਕਈ ਪਾਸਿਆਂ ਤੋਂ ਹਮਲੇ ਹੋਏ। ਉਸ ਵੇਲੇ ਗਿਆਨੀ ਦਿੱਤ ਸਿੰਘ ਨੇ ਸਿੰਘ ਸਭਾ ਲਹਿਰ ਸ਼ੁਰੂ ਕੀਤੀ, ਉਸ ਵਿਚੋਂ ਸਾਨੂੰ ਬੜੀਆਂ ਵੱਡੀਆਂ ਪ੍ਰਾਪਤੀਆਂ ਹੋਈਆਂ। ਉਨ੍ਹਾਂ ਪ੍ਰਾਪਤੀਆਂ ਵਿੱਚ ਹੀ ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵੀ ਹੈ। ਸਾਡੇ ਬਜ਼ੁਰਗ ਇੰਨੇ ਸਿਆਣੇ ਤੇ ਸੁਚੇਤ ਸਨ, ਜਿਨ੍ਹਾਂ ਨੇ ਸਿੱਖਾਂ ਦੀਆਂ ਪੱਕੀਆਂ ਜਥੇਬੰਦੀਆਂ ਖੜ੍ਹੀਆਂ ਕੀਤੀਆਂ, ਕਿਉਂਕਿ ਜਦੋਂ ਕੋਈ ਇਕੱਲਾ ਕੌਮ ਦੀ ਗੱਲ ਕਰਦਾ ਹੈ ਤਾਂ ਉਹ ਇੰਨੀ ਵੱਡੀ ਨਹੀਂ ਹੁੰਦੀ, ਪਰ ਜਦੋਂ ਜਥੇਬੰਦਕ ਹੋ ਕੇ ਗੱਲ ਕੀਤੀ ਜਾਵੇ ਤਾਂ ਹਰ ਕਿਸੇ ਨੂੰ ਸੁਣਨੀ ਵੀ ਪੈਂਦੀ ਹੈ ਤੇ ਉਸ ਦੇ ਨਤੀਜੇ ਵੀ ਚੰਗੇ ਆਉਂਦੇ ਹਨ।

**➤ ਸਭ ਤੋਂ ਵੱਡਾ ਪੰਥਕ ਸੰਕਟ ਕੀ ਮਹਿਸੂਸ ਕਰਦੇ ਹੋ?**

-ਸੰਕਟ ਤਾਂ ਹਮੇਸ਼ਾ ਤੋਂ ਹੀ ਰਹੇ ਹਨ। ਜੇ ਅਸੀਂ ਗੁਰੂ ਸਾਹਿਬ ਨੂੰ ਸਮਰਪਿਤ ਰਹੀਏ ਤੇ ਗੁਰੂ ਆਸ਼ੇ 'ਤੇ ਚੱਲੀਏ ਤਾਂ ਵੱਡੀਆਂ ਚੁਣੌਤੀਆਂ ਵੀ ਪਾਰ ਕੀਤੀਆਂ ਜਾ ਸਕਦੀਆਂ ਹਨ। ਇਸ ਵੇਲੇ ਸਿੱਖਾਂ ਨੂੰ ਏਕਤਾ ਦੀ ਲੋੜ ਹੈ। ਸਿੱਖਾਂ ਦੀ ਤਾਕਤ ਹਮੇਸ਼ਾ ਏਕਤਾ ਵਿਚ ਹੈ, ਇਕੱਲੇ-ਦੁਕੱਲੇ ਚੱਲਣ ਨਾਲ ਕਿਸੇ ਨੂੰ ਕਾਮਯਾਬੀ ਨਹੀਂ ਮਿਲੇਗੀ, ਜੇ ਅਸੀਂ ਜਥੇਬੰਦਕ ਹੋ ਕੇ ਚੱਲਾਂਗੇ ਤਾਂ ਕਾਮਯਾਬੀ ਹੀ ਕਾਮਯਾਬੀ ਹੈ। ਸਿੱਖਾਂ ਨੂੰ ਮੌਜੂਦਾ ਹਾਲਾਤ ਵਿਚ ਆਪਣੇ ਮਨ-ਮੁਟਾਅ ਦੂਰ ਕਰ ਕੇ ਗੁਰੂ ਸਾਹਿਬ ਦੇ ਆਸ਼ੇ ਮੁਤਾਬਕ ਇਕੱਠੇ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਸਿੱਖ ਪਛਾਣ ਤੇ ਹੋਰ ਕਈ ਮਸਲਿਆਂ ਨੂੰ ਲੈ ਕੇ ਸਿੱਖਾਂ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਹਨ।

**➤2 ਦਸੰਬਰ ਦੇ ਹੁਕਮਨਾਮੇ ਦਾ ਕੀ ਪ੍ਰਭਾਵ ਮੰਨਦੇ ਹੋ?**

-ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇੱਕ ਸਿਸਟਮ ਹੈ ਕਿ ਉਥੇ ਕਿਸੇ ਨੂੰ ਤਲਬ ਕੀਤਾ ਜਾਂਦਾ ਹੈ ਤੇ ਗੁਰੂ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਹੈ ਤੇ ਫ਼ਿਰ ਤਨਖ਼ਾਹ ਲਾਈ ਜਾਂਦੀ ਹੈ। ਜਦੋਂ ਉਹ ਲੱਗੀ ਹੋਈ ਤਨਖ਼ਾਹ ਭੁਗਤ ਲੈਂਦਾ ਹੈ ਤਾਂ ਉਹ ਪੰਥ ਦਾ ਹਿੱਸਾ ਬਣ ਜਾਂਦਾ ਹੈ। ਉਸ ਨੂੰ ਅਸੀਂ ਮਾੜੀ ਨਿਗ੍ਹਾ ਨਾਲ ਨਹੀਂ ਵੇਖ ਸਕਦੇ। ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹ ਸਿੱਖਾਂ ਨੂੰ ਹੀ ਲੱਗਦੀ ਹੈ ਤੇ ਇਹ ਗੁਰੂ ਪ੍ਰਤੀ ਸਮਰਪਣ ਹੈ। ਜਦੋਂ ਕੋਈ ਸਮਰਪਿਤ ਭਾਵਨਾ ਨਾਲ ਲੱਗੀ ਹੋਈ ਤਨਖ਼ਾਹ ਨੂੰ ਪੂਰਾ ਕਰ ਲੈਂਦਾ ਹੈ ਤਾਂ ਉਸ ਤੋਂ ਬਾਅਦ ਸਵਾਲ ਚੁੱਕਣਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਨਹੀਂ ਹੈ।

**➤ ਅਕਾਲੀ ਦਲ ਵਿੱਚ ਪਈਆਂ ਵੰਡੀਆਂ ਬਾਰੇ ਕੀ ਕਹੋਗੇ?**

-ਸਾਰੀਆਂ ਧਿਰਾਂ ਨੂੰ ਸਮਰਪਣ ਭਾਵ ਦਿਖਾਉਣਾ ਚਾਹੀਦਾ ਹੈ। 2 ਦਸੰਬਰ ਦੇ ਹੁਕਮਨਾਮੇ ਵਿੱਚ ਮੁੱਖ ਗੱਲ ਇਕੱਠੇ ਹੋਣ ਤੇ ਇਕਜੁੱਟ ਹੋ ਕੇ ਪੰਥ ਤੇ ਪੰਜਾਬ ਦੇ ਵੱਡੇ ਹਿੱਤਾਂ 'ਤੇ ਚੱਲਣ ਦੀ ਹੈ। ਅਲੱਗ ਹੋਣਾ ਵੀ ਇਸ ਦੀ ਮੂਲ ਭਾਵਨਾ ਦੇ ਉਲਟ ਹੈ। ਹਰ ਕੋਈ ਆਪਣੇ ਸੁਭਾਅ ਅਤੇ ਸੋਚ ਮੁਤਾਬਕ ਚੱਲਦਾ ਹੈ ਪਰ ਜਦੋਂ ਵੀ ਵੱਡੇ ਪੰਥਕ ਹਿੱਤਾਂ ਦੀ ਗੱਲ ਆਉਂਦੀ ਹੈ ਤਾਂ ਸਿੱਖ ਪਹਿਲਾਂ ਵੀ ਇਕੱਠੇ ਹੋ ਜਾਂਦੇ ਰਹੇ ਹਨ ਤੇ ਆਉਣ ਵਾਲੇ ਸਮੇਂ ਵਿਚ ਵੀ ਮਨ-ਮੁਟਾਅ ਖ਼ਤਮ ਕਰ ਕੇ ਇਕੱਠੇ ਹੋ ਜਾਣਗੇ। ਬਹੁਤ ਸਾਰੇ ਆਗੂ ਇਕੱਠੇ ਹੋ ਗਏ ਹਨ ਤੇ ਬਾਕੀ ਵੀ ਹੋ ਜਾਣਗੇ।

**➤ਅਕਾਲੀ ਦਲ ਨੇ ਕੇਂਦਰ ਨਾਲ ਗੱਠਜੋੜ ਵੇਲੇ ਪੰਥ ਦੇ ਮਸਲੇ ਹੱਲ ਕਿਉਂ ਨਹੀਂ ਕਰਵਾਏ?**

ਇਸ ਗੱਲ ਦਾ ਜਵਾਬ ਕੋਈ ਅਕਾਲੀ ਲੀਡਰ ਹੀ ਦੇ ਸਕਦਾ ਹੈ ਪਰ ਕੇਂਦਰ ਸਰਕਾਰ ਵਾਰ-ਵਾਰ ਵਾਅਦੇ ਕਰਦੀ ਹੈ ਤੇ ਮੁੱਕਰ ਜਾਂਦੀ ਹੈ, ਇਸ ਲਈ ਸਿਰਫ਼ ਆਪਣਿਆਂ ਨੂੰ ਦੋਸ਼ੀ ਨਹੀਂ ਠਹਿਰਾਅ ਸਕਦੇ। ਪੰਥ ਲੰਮੇ ਸਮੇਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰ ਰਿਹਾ ਹੈ ਪਰ ਸੁਣਦੇ ਨਹੀਂ ਤੇ ਦੂਜੇ ਪਾਸੇ ਸੌਦਾ ਸਾਧ ਨੂੰ 30 ਦਿਨਾਂ ਬਾਅਦ ਹੀ 40 ਦਿਨ ਦੀ ਪੈਰੋਲ ਮਿਲ ਰਹੀ ਹੈ। ਪੰਜਾਬ ਦੀ ਸੱਤਾ ਕਿਸੇ ਕੋਲ ਵੀ ਹੋਵੇ, ਉਸ ਨੂੰ ਪੰਥ ਤੇ ਪੰਜਾਬ ਦੀਆਂ ਮੰਗਾਂ ਹਮੇਸ਼ਾ ਚੁੱਕਣੀਆਂ ਚਾਹੀਦੀਆਂ ਹਨ।

**➤ਕਿਹਾ ਜਾਂਦਾ ਕਿ ਜਥੇਦਾਰ ਦੀ ਚੋਣ ਬਾਦਲ ਕਰਦੇ ਹਨ, ਸਾਬਕਾ ਜਥੇਦਾਰ ਵੀ ਸਵਾਲ ਕਰਦੇ ਐ?**

ਇਲਜ਼ਾਮ ਤਾਂ ਕਿਸੇ 'ਤੇ ਵੀ ਲਗਾਏ ਜਾ ਸਕਦੇ ਹਨ। ਸਾਡੀ ਪਹਿਲੀ ਤੇ ਆਖ਼ਰੀ



ਵਫ਼ਾਦਾਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਪ੍ਰਤੀ ਹੈ। ਅੱਜ ਸਾਡੇ 'ਤੇ ਸਵਾਲ ਕਰਨ ਵਾਲਿਆਂ ਨੂੰ ਵੀ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਲਗਾਇਆ ਸੀ। ਐੱਸ. ਜੀ. ਪੀ. ਸੀ. ਸਿੱਖਾਂ ਦੀ ਨੁਮਾਇੰਦਾ ਧਾਰਮਿਕ ਜਮਾਤ ਹੈ ਤੇ 1920 ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਜਥੇਦਾਰ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੀ ਲਗਾਏ ਗਏ। ਇਸ ਦੌਰਾਨ ਕਦੇ-ਕਦੇ ਸਰਬੱਤ ਖ਼ਾਲਸੇ ਦੀ ਗੱਲ ਵੀ ਆਈ ਪਰ ਫ਼ਿਰ ਵੀ ਸਿੱਖਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਆਪਣੀ ਸਿਰਮੌਰ ਸੰਸਥਾ ਪ੍ਰਵਾਨ ਕੀਤਾ। ਸਿੱਖਾਂ ਨੂੰ ਇਹ ਸੰਸਥਾ ਹਮੇਸ਼ਾ ਮਜ਼ਬੂਤ ਰੱਖਣੀ ਚਾਹੀਦੀ ਹੈ।

**➤ ਸਿੱਖਾਂ ਦੀ ਨਜ਼ਰ ਵਿੱਚ ਸਿੱਖ ਸੰਸਥਾਵਾਂ ਤੇ ਆਗੂਆਂ ਪ੍ਰਤੀ ਪੈਦਾ ਹੋਏ ਸ਼ੰਕਿਆਂ ਪਿੱਛੇ ਕੀ ਕਾਰਨ ਮੰਨਦੇ ਹੋ?**

-ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜਾਣ ਦੇ ਦੋ ਕਾਰਨ ਸਨ- ਇੱਕ ਗੱਦਾਰੀ ਤੇ ਦੂਜਾ ਸਾਡਾ ਆਪਹੁਦਰਾਪਨ। ਕੁਝ ਲੋਕਾਂ ਨੇ ਗੱਦਾਰੀ ਕਰ ਕੇ ਗੋਰਿਆਂ ਤੇ ਹੋਰ ਤਾਕਤਾਂ ਨਾਲ ਰਲ਼ ਕੇ ਸਿੱਖ ਰਾਜ ਨੂੰ ਖੋਰਾ ਲਾਉਣ ਦੇ ਯਤਨ ਕੀਤੇ। ਦੂਜੇ ਪਾਸੇ ਹਰ ਕੋਈ ਸੱਤਾ ਹਾਸਲ ਕਰਨ ਪਿੱਛੇ ਲੱਗ ਗਿਆ ਪਰ ਸੱਤਾ ਆਈ ਕਿਸੇ ਕੋਲ ਵੀ ਨਹੀਂ ਤੇ ਸਾਡਾ ਰਾਜ ਹੀ ਚਲਾ ਗਿਆ। ਗੁਰੂ ਸਾਹਿਬ ਨੇ ਸਾਨੂੰ ਬਹੁਤ ਥਾਵਾਂ 'ਤੇ ਆਖਿਆ ਹੈ ਕਿ ਇੱਕ ਸਿੱਖ ਦੂਜੇ ਸਿੱਖ ਦਾ ਸਨਮਾਨ ਕਰੇ। ਸਿੱਖ ਨੂੰ ਸਿੱਖ 'ਤੇ ਭਰੋਸਾ ਕਰਨਾ ਚਾਹੀਦਾ ਹੈ। ਪਿਛਲੇ ਸਮੇਂ ਵਿੱਚ ਵੀ ਕੁਝ ਸਾਜ਼ਿਸ਼ਾਂ ਰਹੀਆਂ ਤੇ ਕੁਝ ਸਾਡਾ ਆਪਹੁਦਰਾਪਨ ਵੀ ਰਿਹਾ। ਬਹੁਤ ਸਾਰੀਆਂ ਤਾਕਤਾਂ ਰਾਜਸੀ ਤੌਰ 'ਤੇ ਚਾਹੁੰਦੀਆਂ ਹਨ ਕਿ ਸਿੱਖਾਂ ਦੀ ਕੋਈ ਧਿਰ ਨਾ ਰਹੇ ਤੇ ਧਾਰਮਿਕ ਤੌਰ 'ਤੇ ਚਾਹੁੰਦੀਆਂ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਿਆ ਜਾਵੇ। ਇਸ ਲਈ ਵੱਡੇ ਯਤਨ ਕੀਤੇ ਜਾਂਦੇ ਹਨ ਤੇ ਉਸ ਵਿਚੋਂ ਹੀ ਵੱਡੇ ਖ਼ਲਾਅ ਵੀ ਪੈਦਾ ਹੁੰਦੇ ਹਨ, ਪਰ ਜੇ ਅਸੀਂ ਗੁਰੂ ਦਾ ਆਸਰਾ ਲੈ ਕੇ ਚੱਲੀਏ ਤਾਂ ਵੱਡੀਆਂ-ਵੱਡੀਆਂ ਮੁਸ਼ਕਿਲਾਂ ਨੂੰ ਪਾਰ ਕੀਤਾ ਜਾ ਸਕਦਾ ਹੈ।

**➤ਕੁਝ ਸਿੱਖ ਆਗੂਆਂ ਦੇ ਸਨਾਤਨ ਧਰਮ ਦੀਆਂ ਰਵਾਇਤਾਂ ਵਿੱਚ ਸ਼ਾਮਲ ਹੋਣ ਨੂੰ ਕਿੰਝ ਵੇਖਦੇ ਹੋ?**

-ਪਹਿਲੀ ਗੱਲ ਤਾਂ ਸਿੱਖ ਦੇ ਮਨ ਵਿੱਚ ਕਦੇ ਕੋਈ ਸ਼ੰਕਾ ਨਹੀਂ ਰਹਿਣਾ ਚਾਹੀਦਾ ਕਿ ਅਸੀਂ ਬਹੁ-ਗਿਣਤੀ ਦਾ ਹਿੱਸਾ ਹਾਂ। ਅਸੀਂ ਕਿਸੇ ਨੂੰ ਨਫ਼ਰਤ ਨਹੀਂ ਕਰਦੇ। ਇਹ ਗੱਲ ਵੀ ਠੀਕ ਹੈ ਕਿ ਦੇਸ਼ ਦਾ ਅੱਜ ਵਾਲਾ ਨਕਸ਼ਾ ਗੁਰੂ ਸਾਹਿਬ ਤੇ ਸਿੱਖਾਂ ਦੀਆਂ ਸ਼ਹਾਦਤਾਂ ਕਰ ਕੇ ਹੈ। ਜੇ ਗੁਰੂ ਸਾਹਿਬ ਦੇ ਉਪਕਾਰ ਤੇ ਸਿੱਖਾਂ ਦੀਆਂ ਸ਼ਹਾਦਤਾਂ ਨਾ ਹੁੰਦੀਆਂ ਤਾਂ ਦੇਸ਼ ਦਾ ਅੱਜ ਵਾਲਾ ਨਕਸ਼ਾ ਨਾ ਹੁੰਦਾ। ਤੀਜੀ ਗੱਲ ਸਾਨੂੰ ਸਾਡੇ ਗੁਰੂ ਸਾਹਿਬਾਨ ਨੇ ਦੱਸਿਆ ਹੈ ਕਿ ਅਸੀਂ ਇਨ੍ਹਾਂ ਦਾ ਹਿੱਸਾ ਨਹੀਂ ਹਾਂ, ਸਾਡੇ ਹਰ ਕਰਮ ਵਿਚ ਵਿਲੱਖਣਤਾ ਹੈ ਤੇ ਅਸੀਂ ਕਿਸੇ ਦਾ ਭਾਗ ਨਹੀਂ ਹਾਂ। ਸਿੱਖ ਕਿਸੇ ਵੀ ਹੱਦ ਤਕ ਜਾ ਸਕਦਾ ਹੈ ਪਰ ਕਦੇ ਵੀ ਪਛਾਣ ਨਾਲ ਸਮਝੌਤਾ ਨਹੀਂ ਕਰੇਗਾ।

**➤ ਧਰਮ-ਪਰਿਵਰਤਨ ਪਿੱਛੇ ਐੱਸ. ਜੀ. ਪੀ. ਸੀ. ਦਾ ਕਸੂਰ ਮੰਨਦੇ ਹੋ?**

-ਐੱਸ. ਜੀ. ਪੀ. ਸੀ. ਵੱਲੋਂ ਧਰਮ ਪ੍ਰਚਾਰ ਲਈ ਬੜਾ ਵੱਡਾ ਬਜਟ ਰੱਖਿਆ ਜਾਂਦਾ ਹੈ। ਪ੍ਰਚਾਰ ਵਿੱਚ ਕੋਈ ਕਮੀ ਨਹੀਂ ਹੈ। ਜਿਹੜੇ ਬੰਦੇ ਲਾਲਚ ਦੇ ਕੇ ਜਾਂ ਝੂਠੇ ਚਮਤਕਾਰ ਦਿਖਾ ਕੇ ਲੋਕਾਂ ਨੂੰ ਆਪਣੇ ਮਗਰ ਲਾਉਂਦੇ ਹਨ, ਸਰਕਾਰ ਨੂੰ ਉਨ੍ਹਾਂ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਇਸ ਮਕਸਦ ਨਾਲ ਆਉਣ ਵਾਲੀ ਫੰਡਿੰਗ ਨੂੰ ਰੋਕਿਆ ਕਿਉਂ ਨਹੀਂ ਜਾਂਦਾ? ਹਰ ਸਿੱਖ ਨੂੰ ਤੁਰਦਿਆਂ-ਫਿਰਦਿਆਂ ਧਰਮ ਦਾ ਪ੍ਰਚਾਰ ਕਰਦੇ ਰਹਿਣਾ ਚਾਹੀਦਾ ਹੈ। ਐੱਸ. ਜੀ. ਪੀ. ਸੀ. ਨੂੰ ਸਾਰੇ ਸਕੂਲਾਂ ਵਿਚ ਪ੍ਰਚਾਰਕਾਂ ਨੂੰ ਭੇਜਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਸਿੱਖੀ ਦੀ ਗੱਲ ਦੱਸਣੀ ਚਾਹੀਦੀ ਹੈ। ਪ੍ਰਚਾਰਕਾਂ ਕੋਲ ਸਮੇਂ ਦੇ ਹਾਣ ਦੇ ਸਾਧਨ ਵੀ ਚਾਹੀਦੇ ਹਨ। ਐੱਸ. ਜੀ. ਪੀ. ਸੀ. ਯਤਨ ਤਾਂ ਕਰਦੀ ਹੈ ਪਰ ਯਤਨ ਵਧਾਉਣ ਦੀ ਲੋੜ ਹੈ।

**➤ਕੇਂਦਰ ਨੂੰ ਹੁਣ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣਾ ਚਾਹੀਦਾ ਹੈ**

-ਪੂਰੀ ਦੁਨੀਆ ਵਿਚ ਸਿੱਖ ਪੰਥ ਲੰਮੇ ਸਮੇਂ ਤੋਂ ਇਨ੍ਹਾਂ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਲਈ ਅਰਦਾਸਾਂ ਕਰਦਾ ਆ ਰਿਹਾ ਹੈ। ਜੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਿਆ ਤਾਂ ਇਹ ਸਿਰਫ਼ ਸਿੱਖਾਂ ਦੀਆਂ ਅਰਦਾਸਾਂ ਸਦਕਾ ਸੀ। ਅਸੀਂ ਉਸ ਵੇਲੇ ਦੀਆਂ ਦੋਹਾਂ ਪਾਸਿਆਂ ਦੀਆਂ ਸਰਕਾਰਾਂ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਚੰਗਾ ਕਦਮ ਚੁੱਕਿਆ ਪਰ ਪਿਛਲੇ ਇਕ ਸਾਲ ਤੋਂ ਇਹ ਲਾਂਘਾ ਬੰਦ ਪਿਆ ਹੈ, ਇਹ ਤਾਂ ਕੇਂਦਰ ਸਰਕਾਰ ਦੇ ਹੱਥ ਹੈ। ਜੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਹੈ ਤਾਂ ਇਹ ਲਾਂਘਾ ਛੇਤੀ ਤੋਂ ਛੇਤੀ ਖੁੱਲ੍ਹਣਾ ਚਾਹੀਦਾ ਹੈ ਤੇ ਨਾਲ ਹੀ ਪਾਸਪੋਰਟ ਦੀ ਸ਼ਰਤ ਵੀ ਖ਼ਤਮ ਕਰਨੀ ਚਾਹੀਦੀ ਹੈ। ਉਧਰ ਵਾਲੀ ਸਰਕਾਰ ਨੂੰ ਵੀ ਇਸ ਲਈ ਫ਼ੀਸ ਲੈਣੀ ਬੰਦ ਕਰਨੀ ਚਾਹੀਦੀ ਹੈ।

**➤ ਸਿੱਖ ਤੇ ਪੰਜਾਬੀ ਤਕੜੇ ਰਹਿਣਗੇ ਤਾਂ ਹੀ ਦੇਸ਼ ਤਕੜਾ ਰਹੇਗਾ**

-ਸਿੱਖੀ ਖੰਡੇ ਦੀ ਧਾਰ ਤੋਂ ਪੈਦਾ ਹੋਈ ਹੈ ਪਰ ਜਦੋਂ ਕੋਈ ਵੱਖਰੀ ਪਛਾਣ ਨੂੰ ਨਾ ਮੰਨੇ ਤੇ ਸਾਨੂੰ ਇਕ ਸੰਪਰਦਾ ਜਾਂ ਫ਼ਿਰਕਾ ਕਹੇ ਤਾਂ ਸਿੱਖਾਂ ਦਾ ਉਨ੍ਹਾਂ ਤਾਕਤਾਂ ਵਿਰੁੱਧ ਜਾਣਾ ਵਾਜਿਬ ਠਹਿਰਾਇਆ ਜਾਵੇਗਾ। ਇਨ੍ਹਾਂ ਸਾਰਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਜੇ ਸਿੱਖ ਹਨ ਤਾਂ ਹੀ ਇਹ ਮੁਲਕ ਹੈ ਜੇ ਸਿੱਖ ਕਮਜ਼ੋਰ ਪੈਣਗੇ ਤਾਂ ਮੁਲਕ ਵੀ ਕਮਜ਼ੋਰ ਪਵੇਗਾ। ਸਿੱਖ ਮਾਰਸ਼ਲ ਹੈ। ਅੱਜ ਵੀ ਸਭ ਤੋਂ ਵੱਧ ਜੰਗੀ ਵਿਧਵਾਵਾਂ ਪੰਜਾਬ ਤੇ ਹਰਿਆਣੇ ਤੋਂ ਹਨ। ਸਿੱਖ ਤੇ ਪੰਜਾਬੀ ਤਕੜੇ ਰਹਿਣਗੇ ਤਾਂ ਹੀ ਦੇਸ਼ ਤਕੜਾ ਰਹੇਗਾ। ਵਿੱਦਿਅਕ ਅਦਾਰਿਆਂ ਵਿਚ ਕਿਸੇ ਖਾਸ ਸੋਚ ਨੂੰ ਭਰਨ ਦੀ ਕੋਸ਼ਿਸ਼ ਕਰਨਾ ਗਲਤ ਹੈ, ਵਿੱਦਿਅਕ ਅਦਾਰਿਆਂ ਨੂੰ ਵਿੱਦਿਅਕ ਅਦਾਰੇ ਹੀ ਰਹਿਣ ਦੇਣਾ ਚਾਹੀਦਾ ਹੈ, ਇਨ੍ਹਾਂ ਨੂੰ ਇਸ ਪਾਸੇ ਤੋਂ ਬਚਣਾ ਚਾਹੀਦਾ ਹੈ। ਫਾਸ਼ੀਵਾਦੀ ਸੋਚ ਬਹੁਤ ਘਾਤਕ ਹੈ।

**➤ਮੁੱਖ ਮੰਤਰੀ ਨੇ ਮੰਨਿਆ ਕਿ ਉਸ ਨੂੰ ਸਿੱਖ ਰਹਿਤ ਮਰਿਯਾਦਾ ਬਾਰੇ ਨਹੀਂ ਪਤਾ**

-ਜਥੇਦਾਰ ਸਾਹਿਬ ਕੋਲੋਂ ਜਦੋਂ ਮੁੱਖ ਮੰਤਰੀ ਦੇ ਵਿਵਾਦਿਤ ਬਿਆਨਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕਿਸੇ ਵੀ ਜ਼ਿੰਮੇਵਾਰ ਰੁਤਬੇ 'ਤੇ ਬੈਠੇ ਬੰਦੇ ਨੂੰ ਕਿਸੇ ਵੀ ਧਰਮ ਦੀਆਂ ਪਰੰਪਰਾਵਾਂ ਤੇ ਮਾਨਤਾਵਾਂ ਖ਼ਿਲਾਫ਼ ਨਹੀਂ ਬੋਲਣਾ ਚਾਹੀਦਾ। ਗੋਲਕ ਗੁਰੂ ਸਾਹਿਬ ਦਾ ਬਹੁਤ ਵੱਡਾ ਸਿਧਾਂਤ ਹੈ ਤੇ ਇਹ ਪਰਦੇ ਕੱਜਦੀ ਹੈ। 15 ਜਨਵਰੀ ਨੂੰ ਭਗਵੰਤ ਸਿੰਘ ਮਾਨ ਸ੍ਰੀ ਅਕਾਲ ਤਖ਼ਤ ਸਾਹਿਬ ਆਏ ਤੇ ਉਸ ਤੋਂ ਬਾਅਦ ਗੋਲਕ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਅਜਿਹਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੇ ਇਹ ਗੱਲ ਮੰਨੀ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਿਯਾਦਾ ਦਾ ਨਹੀਂ ਪਤਾ। ਕਈਆਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਧਰਮ ਕੀ ਹੈ? ਉਹ ਇਸ ਨੂੰ ਸਮਝੇ ਬਗੈਰ ਹੀ ਬੋਲਣਾ ਸ਼ੁਰੂ ਕਰ ਦਿੰਦੇ ਹਨ। ਸਾਨੂੰ ਆਸ ਹੈ ਕਿ ਉਹ ਜਾਂ ਹੋਰ ਕੋਈ ਵੀ ਆਉਣ ਵਾਲੇ ਸਮੇਂ ਵਿਚ ਸਿੱਖ ਰਵਾਇਤਾਂ 'ਤੇ ਸਵਾਲ ਨਹੀਂ ਚੁੱਕੇਗਾ ਕਿਉਂਕਿ ਉਹ ਸਵਾਲ ਧਰਮ 'ਤੇ ਹੋ ਜਾਂਦਾ ਹੈ ਤੇ ਧਰਮ ਬੜਾ ਨਾਜ਼ੁਕ ਮੁੱਦਾ ਹੈ। ਜੇ ਕੋਈ ਅੱਗੇ ਤੋਂ ਕੋਈ ਗਲਤੀ ਕਰੇਗਾ ਤਾਂ ਫ਼ਿਰ ਉਸ ਨੂੰ ਪੁੱਛ ਲਵਾਂਗੇ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਚ ਦਾ ਨਿਬੇੜਾ ਹੁੰਦਾ ਹੈ, ਉਥੇ ਕੋਈ ਬੰਦਾ ਝੂਠ ਨਹੀਂ ਬੋਲ ਸਕਦਾ। ਮੁੱਖ ਮੰਤਰੀ ਵੱਲੋਂ ਦਿੱਤੇ ਕਾਲੇ ਬੈਗਾਂ ਬਾਰੇ ਪੁੱਛੇ ਜਾਣ 'ਤੇ ਜਥੇਦਾਰ ਸਾਹਿਬ ਨੇ ਆਖਿਆ ਕਿ ਉਸ ਵਿਚੋਂ ਕੁਝ ਖ਼ਾਸ ਨਹੀਂ ਲੱਭਿਆ, ਬਾਕੀ ਜਾਂਚ ਚੱਲ ਰਹੀ ਹੈ। ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਮੁੱਖ ਮੰਤਰੀ ਬਾਰੇ ਫ਼ੈਸਲਾ ਵੀ ਸੁਣਾ ਦਿੱਤਾ ਜਾਵੇਗਾ।

# ਪੰਜਾਬ 'ਚ ਕੈਂਸਰ ਕਾਰਨ ਰੋਜ਼ਾਨਾ ਹੋ ਰਹੀਆਂ ਹਨ 68 ਮੌਤਾਂ

ਨਵੀਂ ਦਿੱਲੀ/ਏ.ਟੀ.ਨਿਊਜ਼: ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਪੰਜਾਬੀਆਂ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਸੂਬੇ ਵਿੱਚ ਸਾਲ 2025 ਦੌਰਾਨ ਹਰ ਰੋਜ਼ ਲਗਪਗ 68 ਲੋਕਾਂ ਦੀ ਮੌਤ ਕੈਂਸਰ ਕਾਰਨ ਹੋਈ, ਜਿਸ ਨਾਲ ਪਿਛਲੇ ਸਾਲਾਂ ਦੇ ਮੁਕਾਬਲੇ ਬਿਮਾਰੀ ਦੇ ਫੈਲਣ ਅਤੇ ਮੌਤ ਦਰ ਦੋਵਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

ਗੌਰਤਲਬ ਹੈ ਕਿ ਦੇਸ਼ ਲਈ ਜਾਰੀ ਸਮੁੱਚੇ ਰੁਝਾਨਾਂ ਵਿੱਚ ਵਾਧਾ ਆਇਆ ਹੈ, ਕਿਉਂਕਿ ਪਿਛਲੇ ਸਾਲ ਰੋਜ਼ਾਨਾ 2,380 ਭਾਰਤੀਆਂ ਨੇ ਕੈਂਸਰ ਕਾਰਨ ਆਪਣੀ ਜਾਨ ਗਵਾਈ, ਜਿਸ ਵਿੱਚ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 343 ਮੌਤਾਂ ਹੋਈਆਂ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਕੈਂਸਰ ਦੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2025 ਵਿੱਚ ਹਰਿਆਣਾ ਵਿੱਚ ਰੋਜ਼ਾਨਾ 50 ਅਤੇ ਹਿਮਾਚਲ ਪ੍ਰਦੇਸ਼ ਵਿੱਚ 15 ਮੌਤਾਂ ਕੈਂਸਰ ਕਾਰਨ ਹੋਈਆਂ। ਅੰਕੜੇ ਦਰਸਾਉਂਦੇ ਹਨ ਕਿ 2025 ਦੌਰਾਨ ਭਾਰਤ ਵਿੱਚ ਕੁੱਲ 15,69,793 ਕੇਸ ਸਾਹਮਣੇ ਆਏ ਅਤੇ ਕੈਂਸਰ ਕਾਰਨ ਮੌਤਾਂ ਦੇ ਅਨੁਮਾਨਿਤ ਕੇਸ 8,68,588 ਰਹੇ।



**ਪੰਜਾਬ ਵਿੱਚ 24886 ਮੌਤਾਂ**

ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 2025 ਵਿੱਚ ਕੈਂਸਰ ਦੇ 43,196 ਕੇਸ ਅਤੇ 24,886 ਮੌਤਾਂ ਹੋਈਆਂ, ਜਦੋਂ ਕਿ ਹਰਿਆਣਾ ਵਿੱਚ ਉਸੇ ਸਾਲ 33,395 ਕੇਸ ਅਤੇ 18,387 ਤੋਂ ਵੱਧ ਮੌਤਾਂ ਹੋਈਆਂ। ਉੱਤਰ ਪ੍ਰਦੇਸ਼ ਵਿੱਚ 2025 ਦੌਰਾਨ ਸਭ ਤੋਂ ਵੱਧ 1,25,184 ਕੈਂਸਰ ਮੌਤਾਂ ਦੇ ਕੇਸ ਦੇਖੇ ਗਏ, ਜਦੋਂ ਕਿ ਉੱਥੇ ਰਿਪੋਰਟ ਕੀਤੇ ਗਏ ਅਨੁਮਾਨਿਤ ਕੇਸਾਂ ਦੀ ਸੰਖਿਆ 2,26,125 ਸੀ।

ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਦੇ 2021 ਦੇ ਇੱਕ ਅਧਿਐਨ ਨੇ ਖੁਲਾਸਾ ਕੀਤਾ ਸੀ ਕਿ ਪੰਜਾਬ ਦੀਆਂ ਔਰਤਾਂ ਵਿੱਚ ਛਾਤੀ ਦਾ ਕੈਂਸਰ ਸਭ ਤੋਂ ਘਾਤਕ ਸੀ। ਪੰਜਾਬ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਅਨੁਮਾਨਿਤ ਮੌਤਾਂ 2021 ਵਿੱਚ 22,786 ਤੋਂ ਵਧ ਕੇ 2022 ਵਿੱਚ 23,301, 2023 ਵਿੱਚ 23,818, 2024 ਵਿੱਚ 24,369 ਅਤੇ 2025 ਵਿੱਚ 24,886 ਹੋ ਗਈਆਂ। ਇਸਦਾ ਮਤਲਬ ਹੈ ਕਿ ਹਰ ਸਾਲ ਪੰਜਾਬ ਵਿੱਚ ਲਗਭਗ 25,000 ਲੋਕ ਕੈਂਸਰ ਨਾਲ ਮਰ ਰਹੇ ਹਨ — ਇੱਕ ਅੰਕੜਾ ਜੋ ਰੋਜ਼ਾਨਾ ਲਗਭਗ 68 ਮੌਤਾਂ ਵਿੱਚ ਬਦਲਦਾ ਹੈ।

**ਲਗਾਤਾਰ ਵਧ ਰਹੀ ਗਿਣਤੀ**

ਸਿਹਤ ਮੰਤਰਾਲੇ ਦੇ ਅੰਕੜਿਆਂ ਨੇ ਖੁਲਾਸਾ ਕੀਤਾ ਹੈ ਕਿ ਉੱਤਰੀ ਰਾਜਾਂ ਵਿੱਚ ਕੈਂਸਰ ਦੇ ਕੇਸਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਪੰਜਾਬ ਵਿੱਚ ਕੇਸ 2021 ਵਿੱਚ 39,251 ਤੋਂ ਵਧ ਕੇ 2025 ਵਿੱਚ 43,196 ਹੋ ਗਏ ਅਤੇ ਹਰਿਆਣਾ ਵਿੱਚ ਇਸੇ ਮਿਆਦ ਦੌਰਾਨ ਇਹ ਗਿਣਤੀ 30,015 ਤੋਂ ਵਧ ਕੇ 33,395 ਹੋ ਗਈ।

ਪਹਾੜੀ ਖੇਤਰ ਵਿੱਚ ਕੈਂਸਰ ਦਾ ਕਹਿਰ ਜਾਰੀ ਹੈ, ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਸਾਲ 9,761 ਕੇਸ ਦਰਜ ਕੀਤੇ ਗਏ ਅਤੇ 5,382 ਮੌਤਾਂ ਹੋਈਆਂ। ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਦੇ 2021 ਦੇ ਇੱਕ ਅਧਿਐਨ ਅਨੁਸਾਰ ਹਰਿਆਣਾ ਵਿੱਚ ਕੈਂਸਰ ਨਾਲ ਹੋਣ ਵਾਲੀਆਂ ਮੌਤਾਂ 2021 ਵਿੱਚ 16,543 ਤੋਂ ਵਧ ਕੇ 2025 ਵਿੱਚ 18,387 ਹੋ ਗਈਆਂ। (ਬਾਕੀ ਸਫ਼ਾ 27 'ਤੇ)

# ਗੁਰੂ ਹਰਿਰਾਏ ਜੀ ਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾ.ਗ ਲਗਾ ਕੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ : ਗਿ. ਬਲਜੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਤਵੇਂ ਪਾਤਸ਼ਾਹ ਗੁਰੂ ਹਰਿਰਾਏ ਜੀ ਦਾ ਗੁਰਗੱਦੀ ਦਿਵਸ ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਣ ਦਿਵਸ ਵਜੋਂ ਮਨਾਇਆ ਗਿਆ। ਇਸ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਅਖੰਡ ਪਾਠ ਦੇ ਭੋਗ ਪਾਏ ਗਏ।



ਇਸ ਮੌਕੇ ਭਾਈ ਬਲਵਿੰਦਰ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ।ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ ਅਤੇ ਗੁਰੂ ਹਰਿਰਾਏ ਜੀ ਦੇ ਜੀਵਨ ਇਤਿਹਾਸ ਸਬੰਧੀ ਵਿਚਾਰਾਂ ਕੀਤੀਆਂ।ਉਨ੍ਹਾਂ ਕਿਹਾ ਕਿ ਸੱਤਵੇਂ ਗੁਰੂ ਨੇ ਸ੍ਰੀ ਕੀਰਤਪੁਰ ਸਾਹਿਬ ਵਿਖੇ ਬਾ.ਗ ਲਗਾ ਕੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੱਤਾ। ਨੁਮਾਇੰਦਾ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਸਾਹਿਬ ਦੇ ਗੁਰਤਾਗੱਦੀ ਦਿਵਸ ਨੂੰ ਹਰ ਸਾਲ ਵਾਤਾਵਰਣ ਦਿਵਸ ਵਜੋਂ ਮਨਾ ਕੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਆ ਜਾਂਦਾ ਹੈ।ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਹਰਿਰਾਏ ਸਾਹਿਬ ਦੇ ਗੁਰਗੱਦੀ ਦਿਵਸ ਦੀ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪ੍ਰੇਰਨਾ ਦਿੱਤੀ।

ਇਸੇ ਦੌਰਾਨ, ਗਿਆਨੀ ਬਲਜੀਤ ਸਿੰਘ ਤੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਚਕਾਰ ਸਥਿਤ ਗੁਰੂ ਕੇ ਬਾਗ ਵਿੱਚ ਬੂਟੇ ਲਗਾ ਕੇ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਮਥਰੇਵਾਲ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਜਗਦੀਸ਼ ਸਿੰਘ ਬੁੱਟਰ, ਗੁਰਪ੍ਰਤਾਪ ਸਿੰਘ ਆਦਿ ਮੌਜੂਦ ਸਨ।

# ਸਰਕਾਰ ਵੱਲੋਂ ਠੋਸ ਏ.ਆਈ.ਨੀਤੀ ਬਣਾਈ ਜਾਵੇ : ਜਥੇਦਾਰ ਗੜਗੱਜ


ਅੰਮ੍ਰਿਤਸਰ/ਏ.ਟੀ.ਨਿਊਜ਼: ਸੋਸ਼ਲ ਮੀਡੀਆ ਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ ਕਰ ਕੇ ਸਿੱਖ ਧਰਮ ਅਸਥਾਨਾਂ ਅਤੇ ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਸਮੱਗਰੀ ਪੇਸ਼ ਕਰਨ ਦੇ ਵਧ ਰਹੇ ਰੁਝਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਧਿਆਨ ਵਿੱਚ ਆਇਆ ਹੈ ਕਿ ਅਕਸਰ ਹੀ ਜਦੋਂ ਕੋਈ ਏ ਆਈ ਨਾਲ ਬਣੀ ਇਤਰਾਜ਼ਯੋਗ ਵੀਡੀਓ, ਫੋਟੋ ਆਦਿ ਸਾਹਮਣੇ ਆਉਂਦੀ ਹੈ ਤਾਂ ਲੋਕ ਉਸ ਸਮੱਗਰੀ ਨੂੰ ਆਪਣੇ ਸੋਸ਼ਲ ਮੀਡੀਆ ਮੰਚਾਂ ਉੱਤੇ ਅਪਲੋਡ ਜਾਂ ਸਾਂਝਾ ਕਰ ਕੇ ਹੋਰ ਵੀ ਅਗਾਂਹ ਫੈਲਾ ਦਿੰਦੇ ਹਨ, ਜਿਸ ਨਾਲ ਸ਼ਰਾਰਤੀ ਅਨਸਰਾਂ ਦਾ ਮੰਤਵ ਪੂਰਾ ਹੁੰਦਾ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਵਧੇਰੇ ਸੱਟ ਵੱਜਦੀ ਹੈ।



ਇਸ ਦੀ ਬਜਾਏ ਵੀਡੀਓ, ਫੋਟੋ ਨੂੰ ਤੁਰੰਤ ਰਿਪੋਰਟ ਕੀਤਾ ਜਾਵੇ ਅਤੇ ਉਸ ਨੂੰ ਕਿਤੇ ਵੀ ਸਾਂਝਾ ਨਾ ਕੀਤਾ ਜਾਵੇ ਤਾਂ ਜੋ ਉਹ ਸਮੱਗਰੀ ਖਤਮ ਹੋ ਸਕੇ।ਉਨ੍ਹਾਂ ਕਿਹਾ ਕਿ ਮੀਡੀਆ, ਸੋਸ਼ਲ ਮੀਡੀਆ ਅਤੇ ਵੈੱਬ ਚੈਨਲਾਂ ਨੂੰ ਵੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਏ ਆਈ ਸਮੱਗਰੀ ਨੂੰ (**ਬਾਕੀ ਸਫ਼ਾ 27 'ਤੇ**)

# ਬੇਅਦਬੀਆਂ ਰੋਕਣ ਲਈ ਸਖਤ ਕਾਨੂੰਨ ਬਣਾਵੇ ਸਰਕਾਰ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਲਗਾਤਾਰ ਹੋ ਰਹੀਆਂ ਬੇਅਦਬੀਆਂ ਸਿੱਖ ਮਾਨਸਿਕਤਾ ਉੱਤੇ ਡੂੰਘੀ ਸੱਟ ਮਾਰਦੀਆਂ ਹਨ ਜਿਸ ਕਰਕੇ ਸਰਕਾਰਾਂ ਨੂੰ ਤੁਰੰਤ ਬੇਅਦਬੀਆਂ ਰੋਕਣ ਲਈ ਸਖਤ ਕਾਨੂੰਨੀ ਵਿਵਸਥਾ ਸਥਾਪਿਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਹਰੇਕ ਧਰਮ ਦੇ ਧਾਰਮਿਕ ਗ੍ਰੰਥ ਸਤਿਕਾਰਯੋਗ ਹਨ ਪਰ ਸਿਰਫ ਸਿੱਖ ਧਰਮ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕੋ-ਇਕ ਅਜਿਹੇ ਪਾਵਨ ਧਾਰਮਿਕ ਗ੍ਰੰਥ ਹਨ, ਜਿਨ੍ਹਾਂ ਨੂੰ ਜਾਗਤ-ਜੋਤਿ ਗੁਰਤਾਗੱਦੀ ਮਿਲੀ ਹੈ।



ਉਨ੍ਹਾਂ ਕਿਹਾ ਕਿ ਭਾਰਤੀ ਸੁਪਰੀਮ ਕੋਰਟ ਤੱਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਗਤ-ਜੋਤਿ ਗੁਰਿਆਈ ਨੂੰ ਸਤਿਕਾਰ ਭੇਟ ਕੀਤਾ ਹੈ ਪਰ ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਤੋਂ ਸ਼ੁਰੂ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਹਿਰਦੇ ਵੇਦਕ ਵਰਤਾਰਾ ਹੁਣ ਰੋਜ਼ਾਨਾ ਦੀ ਗੱਲ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਰੇਕ ਬੇਅਦਬੀ ਦੀ ਘਟਨਾ ਸਿੱਖ ਮਨਾਂ ਨੂੰ ਛਲਣੀ-ਛਲਣੀ ਕਰ ਦਿੰਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋ ਸਕੀਆਂ। ਬਾਬਾ ਬਲਬੀਰ ਸਿੰਘ ਨੇ ਇਹ ਵੀ ਆਖਿਆ ਕਿ ਮੌਜੂਦਾ ਕਾਨੂੰਨੀ ਧਾਰਾਵਾਂ ਬੇਅਦਬੀਆਂ ਦੇ ਅਪਰਾਧੀਆਂ ਨੂੰ ਸਖਤ ਸਜ਼ਾਵਾਂ ਦੇਣ 'ਚ ਅਸਰਦਾਰ ਸਾਬਿਤ ਨਹੀਂ ਹੋ ਰਹੀਆਂ ਹਨ ਜਿਸ ਕਰਕੇ ਇਨ੍ਹਾਂ ਕਾਨੂੰਨੀ ਧਾਰਾਵਾਂ ਵਿੱਚ ਸੋਧ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਾਗਤ-ਜੋਤਿ ਗੁਰਤਾਗੱਦੀ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਨਵਾਂ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ।

# ਮੈਰੀਲੈਂਡ ਅਤੇ ਵਰਜੀਨੀਆ ਵਿਖੇ ਸਾਲਾਨਾ ਬਸੰਤ ਕੀਰਤਨ ਦਰਬਾਰ ਕਰਵਾਇਆ

ਮੈਰੀਲੈਂਡ/ਵਰਜੀਨੀਆ/ਏ.ਟੀ.ਨਿਊਜ਼ : ਮੈਰੀਲੈਂਡ ਅਤੇ ਵਰਜੀਨੀਆ ਵਿਖੇ ਤਿੰਨ ਦਿਨਾਂ ਸਾਲਾਨਾ 'ਬਸੰਤ ਕੀਰਤਨ ਦਰਬਾਰ' ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ, ਜਿੱਥੇ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਪੁਰਬ ਅਤੇ ਨਾਨਕਸ਼ਾਹੀ ਨਵਾਂ ਸਾਲ 558 ਮਨਾਇਆ।ਗੁਰੂ ਰਾਮ ਦਾਸ ਫਾਊਂਡੇਸ਼ਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਕੈਡਮੀ ਵੱਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਅਧਿਆਤਮਿਕ ਸਮਾਗਮ ਦਾ ਮੁੱਖ ਉਦੇਸ਼ ਗੁਰੂ ਸਾਹਿਬ ਦੀ ਲਾਸਾਨੀ ਵਿਰਾਸਤ ਨੂੰ ਯਾਦ ਕਰਨਾ ਸੀ।




ਇਸ ਮੌਕੇ ਭਾਈ ਸਵਿੰਦਰ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਕੀਰਤਨ ਦਰਬਾਰ ਦਾ ਮੁੱਖ ਮਕਸਦ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੇ ਇਲਾਹੀ ਮਾਧਿਅਮ ਰਾਹੀਂ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਸੀ। ਉਹਨਾਂ ਦੀ ਯੋਗ ਅਗਵਾਈ ਸਦਕਾ ਇਹ ਪ੍ਰੋਗਰਾਮ ਨਾ ਸਿਰਫ਼ ਇੱਕ ਯਾਦਗਾਰੀ ਸਮਾਗਮ ਸਾਬਤ ਹੋਇਆ, ਸਗੋਂ ਇਸ ਨੇ ਪੂਰੇ ਖੇਤਰ ਦੇ ਸਿੱਖ ਪਰਿਵਾਰਾਂ ਅਤੇ ਧਾਰਮਿਕ ਆਗੂਆਂ ਨੂੰ ਆਪਸੀ ਸਾਂਝ ਦੇ ਇੱਕ ਮਜ਼ਬੂਤ ਸੂਤਰ ਵਿੱਚ ਪਰੋਇਆ।

ਸਮਾਗਮ ਦੇ ਪਹਿਲੇ ਦਿਨ ਰੈਂਡਲਸਟਾਊਨ ਸਥਿਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਗੁਰਦੁਆਰਾ ਸਾਹਿਬ ਵਿਖੇ ਮੈਰੀਲੈਂਡ ਦੇ ਗਵਰਨਰ ਦੇ ਕਮਿਊਨਿਟੀ ਇਨੀਸ਼ੀਏਟਿਵਜ਼ ਦਫ਼ਤਰ ਦੇ ਉੱਚ ਅਧਿਕਾਰੀਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਡਾ. ਲੋਰਾ ਹਾਰਗਰੋਵ ਨੇ ਕਈ ਕਮਿਸ਼ਨ ਮੈਂਬਰਾਂ ਸਮੇਤ ਸੰਗਤਾਂ ਵਿੱਚ ਬੈਠ ਕੇ ਕੀਰਤਨ ਸਰਵਣ ਕੀਤਾ। ਮੈਰੀਲੈਂਡ ਸਟੇਟ ਦਾ 'ਕਮਿਊਨਿਟੀ ਇਨੀਸ਼ੀਏਟਿਵਜ਼' ਦਫ਼ਤਰ ਨਾਗਰਿਕਾਂ ਨੂੰ ਆਰਥਿਕ, ਵਲੰਟੀਅਰ ਅਤੇ ਸਮਾਜਿਕ ਸੇਵਾਵਾਂ ਨਾਲ ਜੋੜਨ ਅਤੇ ਸਰਕਾਰ ਦੇ ਕਾਰਜਕਾਰੀ ਵਿਭਾਗ ਰਾਹੀਂ ਭਾਈਚਾਰਕ ਸਾਂਝ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।ਉਹਨਾਂ ਦੀ ਇਸ ਸ਼ਮੂਲੀਅਤ ਨੇ ਰਾਜ ਸਰਕਾਰ ਦੀ ਵੱਖ-ਵੱਖ ਧਰਮਾਂ ਪ੍ਰਤੀ ਸਤਿਕਾਰ ਦੀ ਭਾਵਨਾ ਅਤੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਮਹਾਨ ਕੁਰਬਾਨੀ ਦੇ ਵਿਸ਼ਵਵਿਆਪੀ ਮਹੱਤਵ ਨੂੰ ਦਰਸਾਇਆ।

ਇਸ ਤਿੰਨ ਦਿਨਾਂ ਦਰਬਾਰ ਵਿੱਚ ਵਿਸ਼ਵ ਪ੍ਰਸਿੱਧ ਰਾਗੀ ਜਥਿਆਂ ਨੇ ਆਪਣੀ ਰਸ ਭਿੰਨੀ ਕੀਰਤਨ ਸੇਵਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਕੀਰਤਨ ਕਰਨ ਵਾਲੇ ਜਥਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਵਿੰਦਰ ਸਿੰਘ , ਭਾਈ ਹਰਪ੍ਰੀਤ ਸਿੰਘ ਅਤੇ ਭਾਈ ਸਿਰੀਪਾਲ ਸਿੰਘ ਸ਼ਾਮਲ ਸਨ।

(**ਬਾਕੀ ਸਫ਼ਾ 26 'ਤੇ**)

# ਪਾਕਿਸਤਾਨ ਦੇ ਇਸਾਈ ਸਕੂਲ ਵਿੱਚ ਅੰਮ੍ਰਿਤਧਾਰੀ ਸਿੱਖ ਲੜਕੀ ਦੀ ਕੁੱਟਮਾਰ, ਦਸਤਾਰ ਦੀ ਕੀਤੀ ਬੇਅਦਬੀ

ਫ਼ੈਸਲਾਬਾਦ/ਏ.ਟੀ.ਨਿਊਜ਼: ਪਾਕਿਸਤਾਨ ਦੇ ਫੈਸਲਾਬਾਦ ਜ਼ਿਲ੍ਹੇ ਤੋਂ ਇੱਕ ਅਤਿ ਮੰਦਭਾਗੀ ਅਤੇ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ ਮਾਨਤਾ ਪ੍ਰਾਪਤ ਕ੍ਰਿਸਚੀਅਨ ਸਕੂਲ ਵਿੱਚ ਇੱਕ ਅੰਮ੍ਰਿਤਧਾਰੀ ਸਿੱਖ ਬੱਚੀ ਦੀ ਦਸਤਾਰ ਜਬਰੀ ਉਤਾਰਨ ਅਤੇ ਉਸ ਨਾਲ ਬੇਰਹਿਮੀ ਨਾਲ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਵਾਰਿਸਪੁਰਾ ਇਲਾਕੇ ਦੇ 'ਸੇਂਟ ਕੈਥਰੀਨ ਗਰਲਜ਼ ਹਾਈ ਸਕੂਲ' ਦੀ ਹੈ। ਪੀੜਤ ਬੱਚੀ ਦੀ ਮਾਂ ਨੇ ਦੋਸ਼ ਲਾਇਆ ਹੈ ਕਿ ਸਕੂਲ ਪ੍ਰਸ਼ਾਸਨ ਨੇ ਉਸ ਦੀ ਧੀ ਦੀ ਦਸਤਾਰ ਜਬਰੀ ਉਤਾਰ ਦਿਤੀ। ਇੰਨਾ ਹੀ ਨਹੀਂ, ਜਦੋਂ ਬੱਚੀ ਨੇ ਸਕੂਲ ਵਿੱਚ ਹੋਣ ਵਾਲੀ ਇਸਾਈ ਪ੍ਰਾਰਥਨਾ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿਤਾ ਤਾਂ ਉਸ ਦੇ ਪੇਟ 'ਚ ਲੱਤਾਂ ਅਤੇ ਮੁੱਕੇ ਮਾਰੇ ਗਏ।

ਪੀੜਤ ਬੱਚੀ ਦਮੇ ਦੀ ਮਰੀਜ਼ ਹੈ। ਜਦੋਂ ਉਸ ਦੀ ਭੈਣ ਨੇ ਉਸ ਦੀ ਹਾਲਤ ਵਿਗੜਦੀ ਦੇਖ ਕੇ ਮਦਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਅਧਿਆਪਕਾਂ ਨੇ ਉਸ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਉਹ ਬਿਮਾਰ ਹੋਣ ਦਾ ਨਾਟਕ ਕਰ ਰਹੀ ਹੈ। ਪੀੜਤ ਬੱਚੀ ਦੀ ਮਾਂ ਨੇ ਪਾਕਿਸਤਾਨੀ ਸਿੱਖ ਆਗੂਆਂ 'ਤੇ ਵੀ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਵਾਰ-ਵਾਰ ਗੁਹਾਰ ਲਗਾਉਣ ਦੇ ਬਾਵਜੂਦ ਕਿਸੇ ਨੇ ਵੀ ਉਨ੍ਹਾਂ ਦੀ ਮਦਦ ਨਹੀਂ ਕੀਤੀ। 'ਸਿੱਖ ਬ੍ਰਦਰਹੁੱਡ ਇੰਟਰਨੈਸ਼ਨਲ' ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਸਕੂਲ ਪ੍ਰਸ਼ਾਸਨ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

IN LOVING MEMORY



August 26, 1967 - March 21, 2026

TEJINDERPAL SINGH BHULLAR
Brother of Professor Devinderpal Singh Bhullar

Funeral Service
Sunday, March 29 at 11am
Chapel of Twin Cities
715 Shasta St. Yuba City, CA 95991

Followed by Paat da Bhog & Antim Ardas at
Sri Guru Nanak Sikh Temple
2269 Bogue Rd. Yuba City, CA 95993

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਪੰਜਾਬ ਦੇ ਮੁੱਖ ਮਸਲੇ ਬਨਾਮ ਸਿਆਸੀ ਪਾਰਟੀਆਂ

ਪੰਜਾਬ ਵਿੱਚ ਇੱਕ ਵਾਰ ਫੇਰ 'ਚੋਣਾਂ ਦਾ ਮੇਲਾ' ਸ਼ੁਰੂ ਹੋ ਗਿਆ ਹੈ। ਭਾਵੇਂ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਗਲੇ ਸਾਲ ਹੋਣੀਆਂ ਹਨ ਪਰ ਇਹਨਾਂ ਚੋਣਾਂ ਲਈ ਪੰਜਾਬ ਵਿੱਚ ਵਿਚਰ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ, ਜੋ ਦਿਨੋਂ ਦਿਨ ਤੇਜ਼ ਹੋ ਰਹੀਆਂ ਹਨ। ਇਹਨਾਂ ਚੋਣਾਂ ਲਈ ਸਿਆਸੀ ਪਾਰਟੀਆਂ ਵਿੱਚ ਏਨਾ ਜ਼ਿਆਦਾ ਉਤਸ਼ਾਹ ਪਾਇਆ ਜਾ ਰਿਹਾ ਹੈ ਕਿ ਉਹਨਾਂ ਵੱਲੋਂ ਜਿੱਤ ਪ੍ਰਾਪਤ ਕਰਕੇ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣ ਲਈ ਪੰਜਾਬੀਆਂ ਨਾਲ ਵੱਡੇ -ਵੱਡੇ ਵਾਅਦੇ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸਿਆਸੀ ਪਾਰਟੀਆਂ ਨੂੰ ਪੰਜਾਬੀਆਂ ਅਤੇ ਪੰਜਾਬ ਦੇ ਮੁੱਖ ਮਸਲੇ ਅਤੇ ਮੁੱਦੇ ਇੱਕ ਵਾਰ ਫੇਰ ਯਾਦ ਆ ਗਏ ਹਨ। ਇਸ ਸਮੇਂ ਪੰਜਾਬ ਦੇ ਦਰਿਆਈ ਪਾਣੀਆਂ ਦਾ ਮੁੱਦਾ ਭਖਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਤੋਂ 'ਗੰਗ ਨਹਿਰ' ਰਾਹੀਂ ਰਾਜਸਥਾਨ ਜਾਂਦੇ ਦਰਿਆਈ ਪਾਣੀ ਦੀ ਰਾਇਲਟੀ ਰਾਜਸਥਾਨ ਸਰਕਾਰ ਤੋਂ ਮੰਗੀ ਜਾ ਰਹੀ ਹੈ, ਜੋਕਿ ਕਰੋੜਾਂ ਵਿੱਚ ਹੈ ਪਰ ਰਾਜਸਥਾਨ ਸਰਕਾਰ ਵੱਲੋਂ ਇਹ ਰਾਇਲਟੀ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਗਿਆ ਹੈ। ਜਿਸ ਕਾਰਨ ਇਹ ਮੁੱਦਾ ਭੜਕ ਗਿਆ ਹੈ।

ਪੰਜਾਬ ਵਿੱਚ ਇਸ ਸਮੇਂ ਨਸ਼ੇ, ਪੀਣ ਵਾਲੇ ਪਾਣੀ ਦੀ ਘਾਟ, ਪ੍ਰਦੂਸ਼ਣ, ਚੰਡੀਗੜ੍ਹ ਪੰਜਾਬ ਨੂੰ ਦੇਣ, ਪੰਜਾਬੀਆਂ ਦਾ ਪਰਵਾਸ ਅਤੇ ਦੂਜੇ ਰਾਜਾਂ ਦੇ ਲੋਕਾਂ ਦੀ ਪੰਜਾਬ ਵਿੱਚ ਆਮਦ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਗੈਂਗਸਟਰਵਾਦ, ਵਾਤਾਵਰਣ ਵਿੱਚ ਆ ਰਿਹਾ ਵਿਗਾੜ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ, ਝੂਠੇ ਸੱਚੇ ਪੁਲਿਸ ਮੁਕਾਬਲੇ, ਪੁਲਿਸ ਦਾ ਦਮਨ ਚੱਕਰ, ਉਦਯੋਗਾਂ ਦੀ ਦੂਜੇ ਰਾਜਾਂ ਨੂੰ ਹਿਜਰਤ, ਹਰ ਦਿਨ ਵਾਂਗ ਹੋ ਰਹੀਆਂ ਬੇਅਦਬੀਆਂ, ਖ਼ੂਨ ਪੀਣੀਆਂ ਸੜਕਾਂ, ਵੱਧ ਰਹੇ ਸੜਕ ਹਾਦਸੇ ਵੱਡੇ ਮਸਲੇ ਹਨ, ਜਿਨ੍ਹਾਂ ਨੂੰ ਹੱਲ ਕਰਨ ਬਾਰੇ ਅਕਸਰ ਸਿਆਸੀ ਪਾਰਟੀਆਂ ਦੇ ਆਗੂ ਚੁੱਪ ਰਹਿੰਦੇ ਹਨ। ਭਾਵੇਂ ਸੱਤਾਧਾਰੀ ਧਿਰ ਵੱਲੋਂ ਪੰਜਾਬ ਦੇ ਉਪਰੋਕਤ ਮੁੱਖ ਮਸਲਿਆਂ ਨੂੰ ਹੱਲ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਇਹ ਸਾਰੇ ਮਸਲੇ ਅਜੇ ਵੀ ਪਹਿਲਾਂ ਨਾਲੋਂ ਵਿਕਰਾਲ ਰੂਪ ਵਿੱਚ ਮੌਜੂਦ ਹਨ।

ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਹਾਲ ਇਹ ਹੈ ਕਿ ਲੰਬਾ ਸਮਾਂ ਪੰਜਾਬ ਦੇ ਮੁੱਖ ਮਸਲਿਆਂ ਤੋਂ ਸਿਆਸੀ ਆਗੂ ਦੂਰੀ ਬਣਾਈ ਰੱਖਦੇ ਹਨ ਪਰ ਜਿਵੇਂ ਹੀ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਹਨ ਤਾਂ ਸਿਆਸੀ ਪਾਰਟੀਆਂ ਅਤੇ ਉਹਨਾਂ ਦੇ ਆਗੂਆਂ ਨੂੰ ਪੰਜਾਬ ਦੇ ਮੁੱਖ ਮਸਲੇ ਯਾਦ ਆ ਜਾਂਦੇ ਹਨ ਅਤੇ ਸਾਰੀਆਂ ਸਿਆਸੀ ਧਿਰਾਂ ਦੇ ਆਗੂ ਆਪੋ ਆਪਣੀ ਪਾਰਟੀ ਦੀ ਸਰਕਾਰ ਬਣਨ 'ਤੇ ਇਹ ਮਸਲੇ ਹੱਲ ਕਰਨ ਦੇ ਦਾਅਵੇ ਕਰਦੇ ਹਨ। ਪੰਜਾਬ ਵਿੱਚ ਅਜਿਹਾ ਕਈ ਵਾਰ ਹੋਇਆ ਹੈ ਕਿ ਪੰਜਾਬ ਦੇ ਮੁੱਖ ਮਸਲਿਆਂ ਨੂੰ ਉਭਾਰ ਕੇ ਸਿਆਸੀ ਪਾਰਟੀਆਂ ਪੰਜਾਬ ਵਿੱਚ ਸੱਤਾ ਪ੍ਰਾਪਤ ਕਰ ਲੈਂਦੀਆਂ ਹਨ ਪਰ ਸਰਕਾਰ ਦਾ ਸੁੱਖ ਮਾਣਨ ਤੋਂ ਬਾਅਦ ਉਹ ਪੰਜਾਬ ਦੇ ਮੁੱਖ ਮਸਲਿਆਂ ਨੂੰ ਭੁੱਲ ਜਾਂਦੀਆਂ ਹਨ। ਜਦੋਂ ਸਰਕਾਰ ਚਲਾ ਰਹੀ ਸਿਆਸੀ ਪਾਰਟੀ ਪੰਜਾਬ ਦੇ ਮੁੱਖ ਮਸਲਿਆਂ ਤੋਂ ਮੁੱਖ ਮੋੜ ਲੈਂਦੀ ਹੈ ਤਾਂ ਦੂਜੀਆਂ ਸਿਆਸੀ ਪਾਰਟੀਆਂ ਦੇ ਆਗੂ ਵੀ ਪੰਜਾਬ ਦੇ ਮਸਲਿਆਂ ਤੋਂ ਦੂਰੀ ਬਣਾ ਲੈਂਦੇ ਹਨ। ਜਿਸ ਕਾਰਨ ਪੰਜਾਬ ਦੇ ਇਹ ਮਸਲੇ ਪਿਛਲੇ ਕਈ ਦਹਾਕਿਆਂ ਤੋਂ ਲਮਕ ਰਹੇ ਹਨ, ਜਿਨ੍ਹਾਂ ਦੇ ਹੱਲ ਦੀ ਅਜੇ ਵੀ ਕੋਈ ਆਸ ਨਹੀਂ ਹੈ।

ਜਦੋਂ ਵੀ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਆਉਂਦੀਆਂ ਹਨ ਤਾਂ ਪੰਜਾਬੀਆਂ ਨੂੰ ਆਸ ਹੁੰਦੀ ਹੈ ਕਿ ਇਸ ਵਾਰ ਚੋਣਾਂ ਵਿੱਚ ਕੋਈ ਅਜਿਹੀ ਪਾਰਟੀ ਸਾਹਮਣੇ ਆਵੇਗੀ ਜੋ ਕਿ ਪੰਜਾਬ ਅਤੇ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਵਿੱਚ ਆਪਣਾ ਵੱਡਾ ਯੋਗਦਾਨ ਪਾਵੇਗੀ। ਇਹਨਾਂ ਚੋਣਾਂ ਦੌਰਾਨ ਵੱਖ- ਵੱਖ ਸਿਆਸੀ ਪਾਰਟੀਆਂ ਪੰਜਾਬ ਦੇ ਮੁੱਖ ਮਸਲੇ ਉਭਾਰ ਕੇ ਵੋਟਾਂ ਲੈ ਜਾਂਦੀਆਂ ਹਨ ਅਤੇ ਸੱਤਾ ਪ੍ਰਾਪਤ ਕਰ ਜਾਂਦੀਆਂ ਹਨ ਪਰ ਬਾਅਦ ਵਿੱਚ ਉਹ ਪੰਜਾਬ ਦੇ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੰਦੀਆਂ ਹਨ ਭਾਵ ਅਗਲੀਆਂ ਚੋਣਾਂ ਲਈ ਸੰਭਾਲ ਕੇ ਰੱਖ ਲੈਂਦੀਆਂ ਹਨ।

ਪੰਜਾਬ ਦੇ ਵੱਡੀ ਗਿਣਤੀ ਲੋਕ ਇਸ ਸਮੇਂ ਇਹ ਸਮਝ ਰਹੇ ਹਨ ਕਿ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਦੇ ਨਾਂਅ 'ਤੇ ਵੱਖ- ਵੱਖ ਸਿਆਸੀ ਪਾਰਟੀਆਂ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਇਹ ਸਿਆਸੀ ਪਾਰਟੀਆਂ ਪੰਜਾਬ ਦੇ ਮੁੱਖ ਮਸਲੇ ਉਭਾਰ ਕੇ ਪੰਜਾਬੀਆਂ ਦੀਆਂ ਵੋਟਾਂ ਲੈ ਕੇ ਸਰਕਾਰ ਤਾਂ ਬਣਾ ਲੈਂਦੀਆਂ ਹਨ ਪਰ ਸਰਕਾਰ ਵਿੱਚ ਹੁੰਦਿਆਂ ਪੰਜਾਬ ਦੇ ਮਸਲੇ ਹਲ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਉਂਦੀਆਂ। ਜਿਸ ਕਾਰਨ ਇਹ ਮਸਲੇ ਦਹਾਕਿਆਂ ਤੋਂ ਲਮਕਦੇ ਆ ਰਹੇ ਹਨ। ਪੰਜਾਬ ਦੇ ਲੋਕ ਹੁਣ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਸਿਆਸੀ ਪਾਰਟੀਆਂ ਦਾ ਮਕਸਦ ਸਿਰਫ਼ ਵੋਟਾਂ ਪ੍ਰਾਪਤ ਕਰਨਾ ਹੁੰਦਾ ਹੈ ਅਤੇ ਉਹ ਸਿਰਫ਼ ਪੰਜਾਬੀਆਂ ਦੀਆਂ ਵੋਟਾਂ ਲੈਣ ਲਈ ਹੀ ਪੰਜਾਬ ਦੇ ਮਸਲੇ ਉਭਾਰਦੀਆਂ ਹਨ ਅਤੇ ਇਨ੍ਹਾਂ ਨੂੰ ਹੱਲ ਕਰਨ ਦਾਅਵੇ ਅਤੇ ਵਾਅਦੇ ਕਰਦੀਆਂ ਹਨ। ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਇਹ ਪਾਰਟੀ ਵੀ ਪੰਜਾਬੀਆਂ ਨਾਲ ਵੱਡੇ- ਵੱਡੇ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ ਪਰ ਇਹ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ, ਜਿਸ ਕਾਰਨ ਇਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਵੱਡੀ ਗਿਣਤੀ ਪੰਜਾਬੀ ਨਿਰਾਸ਼ ਦੱਸੇ ਜਾਂਦੇ ਹਨ। ਇਸ ਸਥਿਤੀ ਨੂੰ ਸਮਝਦਿਆਂ ਹੁਣ 'ਆਪ' ਸਰਕਾਰ ਨੇ ਪੰਜਾਬ ਦੇ ਮਸਲਿਆਂ ਬਾਰੇ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ, ਇਸੇ ਨੀਤੀ ਤਹਿਤ ਰਾਜਸਥਾਨ ਸਰਕਾਰ ਤੋਂ 'ਗੰਗ ਨਹਿਰ' ਰਾਹੀਂ ਰਾਜਸਥਾਨ ਜਾਂਦੇ ਪੰਜਾਬ ਦੇ ਪਾਣੀ ਦੀ ਰਾਇਲਟੀ ਮੰਗੀ ਗਈ ਹੈ। ਪੰਜਾਬ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਲਗਾਏ ਗਏ ਐਂਟਰੀ ਟੈਕਸ ਦੇ ਕੀਤੇ ਜਾ ਰਹੇ ਵਿਰੋਧ ਨੂੰ ਵੀ ਇਸ ਲੜੀ ਵਿੱਚ ਪਰੋ ਕੇ ਵੇਖਿਆ ਜਾ ਰਿਹਾ ਹੈ।


ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਅਜਿਹੀ ਸਿਆਸੀ ਪਾਰਟੀ ਦੀ ਚੋਣ ਕਰਨ, ਜੋ ਕਿ ਅਸਲੀ ਅਤੇ ਠੋਸ ਰੂਪ ਵਿੱਚ ਪੰਜਾਬ ਦੇ ਮੁੱਖ ਮਸਲਿਆਂ ਨੂੰ ਹੱਲ ਕਰੇ ਤਾਂ ਕਿ ਪੰਜਾਬ ਦੇ ਹੱਕਾਂ ਦਾ ਰਾਖੀ ਹੋ ਸਕੇ।

## ਵਿਧਾਨ ਸਭਾ ਚੋਣਾਂ-2027

# ਆਤਮਿਕ ਅਤੇ ਮਾਨਸਿਕ ਤੌਰ 'ਤੇ ਹਾਰ ਚੁੱਕੇ ਪੰਜਾਬ ਨੂੰ ਇਸ ਵਾਰ ਕੌਣ ਜਿੱਤੇਗਾ ?



ਬਘੇਲ ਸਿੰਘ ਧਾਲੀਵਾਲ
99142-58142



ਪੰਜਾਬ ਦੀ ਹਰ ਪੱਖ ਤੋਂ ਡੁੱਬਦੀ ਜਾ ਰਹੀ ਬੇੜੀ ਨੂੰ ਪਾਰ ਲਾਉਣ ਦੇ ਦਾਅਵੇ ਅਤੇ ਵਾਅਦੇ ਕਰਨ ਵਾਲੇ ਖ਼ੁਦ ਹੀ ਗਲਤ ਦਿਸ਼ਾ ਵੱਲ ਨੂੰ ਮੁੜ ਜਾਂਦੇ ਰਹੇ ਹਨ। ਅਜਿਹਾ ਇੱਕ ਵਾਰ ਨਹੀਂ ਬਲਕਿ ਵਾਰ-ਵਾਰ ਹੋਇਆ ਹੈ, ਲਿਹਾਜ਼ਾ ਪੰਜਾਬ ਆਤਮਿਕ ਅਤੇ ਮਾਨਸਿਕ ਤੌਰ 'ਤੇ ਅਸਲੋਂ ਥੱਕਿਆ ਅਤੇ ਹਾਰਿਆ ਦਿਖਾਈ ਦਿੰਦਾ ਹੈ। ਪੰਜਾਬ ਦੀ ਰਾਜਨੀਤੀ ਇਸ ਵੇਲੇ ਇੱਕ ਅਜਿਹੇ ਡਗਮਗਾਉਂਦੇ ਮੋੜ 'ਤੇ ਖੜ੍ਹੀ ਹੈ ਜਿੱਥੇ ਇਹ ਮਹਿਜ਼ ਪਾਰਟੀਆਂ ਦੀ ਰਾਜਨੀਤਕ ਟੱਕਰ ਤੋਂ ਪਾਸੇ ਹੋ ਕੇ ਵਿਸ਼ਵਾਸ ਤੇ ਨਿਰਾਸ਼ਾ ਦੀ ਲੜਾਈ ਲੜ ਰਹੀ ਹੈ।

2022 ਵਿੱਚ ਜਿਹੜੀ ਲਹਿਰ ਨੇ ਆਮ ਆਦਮੀ ਪਾਰਟੀ ਨੂੰ ਸੱਤਾ ਦੀ ਚੋਟੀ 'ਤੇ ਪਹੁੰਚਾਇਆ ਸੀ, ਉਹ ਅੱਜ ਸਵਾਲਾਂ ਦੇ ਘੇਰੇ ਵਿੱਚ ਖੜ੍ਹੀ ਹੈ। ਲੋਕਾਂ ਨੇ ਪੁਰਾਣੀਆਂ ਪਾਰਟੀਆਂ ਨੂੰ ਰੱਦ ਕਰਕੇ ਨਵੀਂ ਉਮੀਦ ਨੂੰ ਚੁਣਿਆ ਸੀ, ਕਿਉਂਕਿ ਲੋਕ ਬਦਲਾਅ ਚਾਹੁੰਦੇ ਸਨ, ਜਿਸ ਦਾ ਭਰੋਸਾ ਆਮ ਆਦਮੀ ਪਾਰਟੀ ਵੱਲੋਂ ਡੰਕੇ ਦੀ ਚੋਟ ਨਾਲ ਦਿੱਤਾ ਗਿਆ ਸੀ। ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਜਿਹੜੇ ਵੀ.ਆਈ.ਪੀ. ਸੱਭਿਆਚਾਰ ਨੂੰ ਖ਼ਤਮ ਕਰਨ, ਜਿਵੇਂ ਸਰਕਾਰੀ ਨੁਮਾਇੰਦਿਆਂ ਦਾ ਆਮ ਵਿਅਕਤੀ ਵਾਂਗ ਵਿਚਰਨਾ, ਸਰਕਾਰੀ ਕੋਠੀਆਂ, ਗੱਡੀਆਂ ਅਤੇ ਗੰਨਮੈਨ ਆਦਿ ਨਾ ਲੈਣ ਵਰਗੇ ਬਦਲਾਵਾਂ ਦੀ ਗੱਲ ਕਰਕੇ ਸੱਤਾ ਵਿੱਚ ਆਈ ਸੀ, ਉਸ ਤੋਂ ਮੁੱਖ ਹੀ ਨਹੀਂ ਮੋੜਿਆ ਬਲਕਿ ਵੀ.ਆਈ.ਪੀ. ਸੱਭਿਆਚਾਰ ਨੂੰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਵੱਧ ਉਤਸ਼ਾਹਿਤ ਕੀਤਾ ਗਿਆ ਹੈ।

ਭ੍ਰਿਸ਼ਟਾਚਾਰ ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਬਹੁਤ ਵੱਧ ਗਿਆ ਹੈ, ਦਿਨ-ਦਿਹਾੜੇ ਕਤਲ, ਮਾਰਧਾੜ ਅਤੇ ਲੁੱਟ-ਮਾਰ, ਫਿਰੌਤੀਆਂ ਦੀਆਂ ਵਾਰਦਾਤਾਂ ਵਿੱਚ ਅਥਾਹ ਵਾਧਾ ਹੋ ਗਿਆ ਹੈ। ਲੋਕਾਂ ਦੇ ਜਾਇਜ਼ ਕੰਮ-ਧੰਦੇ ਵੀ ਪੈਸੇ ਅਤੇ ਸਿਫ਼ਾਰਿਸ਼ ਤੋਂ ਬਿਨਾਂ ਸੰਭਵ ਨਹੀਂ ਹਨ, ਅਫ਼ਸਰਸ਼ਾਹੀ ਲੋਕਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੈ, ਥਾਣੇ ਦਰਬਾਰੇ ਪੈਸੇ ਦੀ ਖੇਡ ਪਹਿਲਾਂ ਦੇ ਮੁਕਾਬਲੇ ਕਾਫ਼ੀ ਮਹਿੰਗੀ ਹੋ ਗਈ ਹੈ। ਨਸ਼ੇ, ਭ੍ਰਿਸ਼ਟਾਚਾਰ, ਲੁੱਟਮਾਰ ਅਤੇ ਕਤਲੋਗਰਦ ਦੀਆਂ ਖ਼ਬਰਾਂ ਲੋਕਾਂ ਦੇ ਮਨਾਂ ਵਿੱਚ ਡਰ ਅਤੇ ਨਿਰਾਸ਼ਾ ਪੈਦਾ ਕਰ ਰਹੀਆਂ ਹਨ।

ਆਮ ਆਦਮੀ ਪਾਰਟੀ ਨੇ ਬਦਲਾਅ ਦੇ ਨਾਅਰੇ ਨਾਲ ਪੰਜਾਬ ਵਿੱਚ ਇਤਿਹਾਸ ਬਣਾਇਆ ਸੀ। ਭਗਵੰਤ ਸਿੰਘ ਮਾਨ ਦੀ ਲੋਕਪ੍ਰਿਯਤਾ ਅਤੇ ਅਰਵਿੰਦ ਕੇਜਰੀਵਾਲ ਦੀ ਤੇਜ਼-ਤਰਾਰ ਰਣਨੀਤੀ ਨੇ ਲੋਕ ਮਨਾਂ ਨੂੰ ਇੱਕ ਨਵੇਂ ਰਾਹ ਦੀ ਉਮੀਦ ਦਿੱਤੀ ਸੀ, ਪਰ ਅੱਜ ਹਾਲਾਤ ਇਹ ਹਨ ਕਿ ਉਹੀ ਸਰਕਾਰ ਆਪਣੇ ਵਾਅਦਿਆਂ ਦੇ ਬੋਝ ਹੇਠ ਦੱਬਦੀ ਨਜ਼ਰ ਆ ਰਹੀ ਹੈ। ਨਸ਼ਿਆਂ ਦਾ ਮਸਲਾ, ਜੋ ਚੋਣਾਂ ਦਾ ਸਭ ਤੋਂ ਵੱਡਾ ਮੁੱਦਾ ਸੀ, ਅਜੇ ਵੀ ਪੂਰੀ ਤਰ੍ਹਾਂ ਕਾਬੂ ਵਿੱਚ ਨਹੀਂ ਆ ਸਕਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਇਨਸਾਫ਼ ਦਾ ਮਸਲਾ ਜਿਉਂ ਦਾ ਤਿਉਂ ਖੜ੍ਹਾ ਹੈ। ਪਿੰਡਾਂ ਦੇ ਗਲੀਆਂ-ਮੁਹੱਲਿਆਂ ਵਿੱਚ ਅਜੇ ਵੀ 'ਚਿੱਟਾ' ਖ਼ਤਰਨਾਕ ਹੱਦ ਤੱਕ ਪੈਰ ਪਸਾਰ ਚੁੱਕਾ ਹੈ ਅਤੇ ਨੌਜਵਾਨ ਪੀੜ੍ਹੀ ਹੌਲੀ-ਹੌਲੀ ਖ਼ਤਮ ਹੋ ਰਹੀ ਹੈ। ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟੋਲਰੈਂਸ ਦਾ ਦਾਅਵਾ ਕੀਤਾ ਗਿਆ ਸੀ, ਪਰ ਹਕੀਕਤ ਵਿੱਚ ਲੋਕ ਅਜੇ ਵੀ ਦਫ਼ਤਰਾਂ ਵਿੱਚ ਰਿਸ਼ਵਤ ਦੇਣ ਲਈ ਮਜਬੂਰ ਹਨ। ਕਾਨੂੰਨ-ਵਿਵਸਥਾ ਦੀ ਗੱਲ ਕਰੀਏ ਤਾਂ ਲੁੱਟਮਾਰ, ਗੈਂਗਸਟਰਵਾਦ ਅਤੇ ਕਤਲੋਗਰਦ ਦੀਆਂ ਘਟਨਾਵਾਂ ਨੇ ਆਮ ਇਨਸਾਨ ਦੇ ਮਨ ਵਿੱਚ ਡਰ ਅਤੇ ਸਹਿਮ ਪੈਦਾ ਕੀਤਾ ਹੈ। ਸਭ ਤੋਂ ਵੱਡੀ ਗੱਲ ਕਿ ਸਰਕਾਰ ਦੇ ਫ਼ੈਸਲਿਆਂ ਵਿੱਚ ਬਾਹਰੀ ਦਖ਼ਲਅੰਦਾਜ਼ੀ ਦਾ ਦੋਸ਼ ਵੀ ਵਿਰੋਧੀ ਧਿਰਾਂ ਵੱਲੋਂ ਲਗਾਤਾਰ ਲਾਇਆ ਜਾ ਰਿਹਾ ਹੈ, ਜੋ ਇਸ ਦੀ ਸਾਖ਼ ਨੂੰ ਝਟਕਾ ਦੇ ਰਿਹਾ ਹੈ।

ਕਾਂਗਰਸ ਪਾਰਟੀ ਪੰਜਾਬ ਵਿੱਚ ਅਜੇ ਵੀ ਇੱਕ ਵੱਡੀ ਤਾਕਤ ਹੈ, ਪਰ ਇਹ ਆਪਣੇ ਹੀ ਘਰੇਲੂ ਝਗੜਿਆਂ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਹੈ। ਤਤਕਾਲੀ ਸੂਬਾ ਪ੍ਰਧਾਨ ਨਵਜੋਤ ਸਿੱਧੂ ਦੀ ਤਿੱਖੀ ਬੋਲੀ ਤੋਂ ਲੈ ਕੇ ਮੌਜੂਦਾ ਪ੍ਰਧਾਨ ਰਾਜਾ ਵੜਿੰਗ ਦੀ ਬੇਲਗਾਮ ਭਾਸ਼ਾ ਤੱਕ ਨੇ ਪੰਜਾਬ ਕਾਂਗਰਸ ਨੂੰ ਮਜ਼ਾਕ ਦਾ ਪਾਤਰ ਬਣਾਇਆ ਹੋਇਆ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਲੋਕਪ੍ਰਿਯਤਾ ਅਤੇ ਹੋਰ ਆਗੂਆਂ ਦੇ ਅਲੱਗ-ਅਲੱਗ ਧੜੇ, ਇਹ ਸਭ ਹੀ ਮਿਲ ਕੇ ਕਾਂਗਰਸ ਨੂੰ ਇੱਕਜੁੱਟ ਹੋਣ ਤੋਂ ਰੋਕਦੇ ਹਨ। ਪਰ ਜੇ ਕਾਂਗਰਸ ਆਪਣੀ ਅੰਦਰੂਨੀ ਲੜਾਈ ਨੂੰ ਖ਼ਤਮ ਕਰਕੇ ਇੱਕਜੁੱਟ ਹੋ ਜਾਂਦੀ ਹੈ, ਤਾਂ ਇਹ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦੀ ਨਾਰਾਜ਼ਗੀ ਦਾ ਸਭ ਤੋਂ ਵੱਡਾ ਲਾਭ ਲੈ ਸਕਦੀ ਹੈ।

ਜੇਕਰ ਗੱਲ ਅਕਾਲੀ ਦਲ ਦੀ ਕੀਤੀ ਜਾਵੇ ਤਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਆਪਣਾ ਪੁਰਾਣਾ ਅਧਾਰ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਬੇਅਦਬੀ ਮਾਮਲੇ ਅਤੇ ਪਿਛਲੇ ਸ਼ਾਸਨ ਦੀ ਛਾਪ ਅਜੇ ਵੀ ਇਸ ਦੇ ਨਾਲ ਜੁੜੀ ਹੋਈ ਹੈ, ਇਹੀ ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਹੈ। ਸ਼੍ਰੋਮਣੀ ਅਕਾਲੀ ਦਲ ਕਦੇ ਪੰਜਾਬ ਦੀ ਰਾਜਨੀਤੀ ਦਾ ਕੇਂਦਰ ਹੁੰਦਾ ਸੀ। ਅਕਾਲੀ ਦਲ ਦੀ ਰਾਜਨੀਤਕ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਲਈ ਸੁਖਬੀਰ ਸਿੰਘ ਬਾਦਲ ਸਿਰਤੋੜ ਯਤਨ ਕਰ ਰਹੇ ਹਨ। ਉਨ੍ਹਾਂ ਵੱਲੋਂ ਅਤੀਤ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਅਪਣਾਈ ਰਣਨੀਤੀ ਆਪਣੀ ਛਾਪ ਛੱਡ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਵੱਖ-ਵੱਖ ਹਲਕਿਆਂ ਵਿੱਚ ਲਗਾਤਾਰ ਕੀਤੀਆਂ ਜਾ ਰਹੀਆਂ ਰੈਲੀਆਂ ਲੋਕਾਂ ਦਾ ਧਿਆਨ ਖਿੱਚਣ ਵਿੱਚ ਸਫ਼ਲ ਹੋ ਰਹੀਆਂ ਹਨ। ਉਨ੍ਹਾਂ ਦੀ ਇਹ ਪਹਿਲਕਦਮੀ ਦੂਜੀਆਂ ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਸੋ ਅਕਾਲੀ ਦਲ ਲਈ 2027 ਦੀ ਚੋਣ ਸਿਰਫ਼ ਸੱਤਾ ਪ੍ਰਾਪਤੀ ਹੀ ਨਹੀਂ, ਸਗੋਂ ਉਸ ਦੇ ਸਿਆਸੀ ਕੈਰੀਅਰ ਦੀ ਬਹਾਲੀ ਦਾ ਸਵਾਲ ਵੀ ਹੈ, ਜਿਸ ਲਈ ਪਾਰਟੀ ਜ਼ੋਰ-ਸ਼ੋਰ ਨਾਲ ਮੈਦਾਨ ਵਿੱਚ ਨਿੱਤਰੀ ਹੋਈ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਦਾ ਪੰਥਕ ਰਾਜਨੀਤੀ ਵਿੱਚ ਅਧਾਰ ਹੈ, ਪਰ ਇਸ ਦੇ ਬਾਵਜੂਦ ਵੋਟ ਪ੍ਰਤੀਸ਼ਤ ਕਾਫ਼ੀ ਘੱਟ ਹੈ। ਦਲ ਖ਼ਾਲਸਾ ਨਾਲ ਉਨ੍ਹਾਂ ਦਾ ਸਿਧਾਂਤਕ ਗੱਠਜੋੜ ਬਣਿਆ ਹੋਇਆ ਹੈ। ਜੇਕਰ ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋ ਦਸੰਬਰ ਦੇ ਫ਼ੈਸਲੇ ਤੋਂ ਬਾਅਦ ਹੋਂਦ ਵਿੱਚ ਆਏ 'ਅਕਾਲੀ ਦਲ ਪੁਨਰ ਸੁਰਜੀਤ' ਨਾਲ ਇਨ੍ਹਾਂ ਧਿਰਾਂ ਦਾ ਗੱਠਜੋੜ ਹੋ ਜਾਂਦਾ ਹੈ, ਤਾਂ ਪੰਜਾਬ ਅੰਦਰ ਰਾਜਨੀਤੀ ਦੇ ਸਮੀਕਰਨ ਬਦਲ ਜਾਣਗੇ।

ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਹਾਲੇ ਪੂਰੀ ਤਰ੍ਹਾਂ ਸਵੀਕਾਰ ਨਹੀਂ ਕੀਤੀ ਗਈ। ਕਿਸਾਨ ਅੰਦੋਲਨ ਤੋਂ ਬਾਅਦ ਇਸ ਦੇ ਵਿਰੁੱਧ ਨਾਰਾਜ਼ਗੀ ਅਜੇ ਵੀ ਮੌਜੂਦ ਹੈ। ਪਰ ਇਹ ਪਾਰਟੀ ਹੌਲੀ-ਹੌਲੀ ਆਪਣਾ ਆਧਾਰ ਵਧਾ ਰਹੀ ਹੈ। ਖ਼ਾਸ ਕਰਕੇ ਸ਼ਹਿਰੀ ਵਰਗਾਂ ਵਿੱਚ ਇਸ ਨੇ ਆਪਣਾ ਅਧਾਰ ਕਾਫ਼ੀ ਵਧਾ ਲਿਆ ਹੈ।


2027 ਵਿੱਚ ਇਹ ਸਿੱਧੀ ਜਿੱਤ ਨਾ ਵੀ ਹਾਸਲ ਕਰੇ, ਪਰ ਅਸਰਦਾਰ ਭੂਮਿਕਾ ਨਿਭਾ ਸਕਦੀ ਹੈ। ਆਪਣੇ ਬਲਬੂਤੇ ਪੰਜਾਬ ਅੰਦਰ ਸਰਕਾਰ ਬਣਾਉਣਾ ਭਾਜਪਾ ਲਈ ਅਜੇ ਮੁਸ਼ਕਿਲ ਲੱਗਦਾ ਹੈ।

ਏਸੇ ਤਰ੍ਹਾਂ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਦਲਿਤ ਵੋਟ ਬੈਂਕ 'ਤੇ ਆਪਣੀ ਪਕੜ ਰੱਖਦੀ ਹੈ, ਪਰ ਇਸ ਦੇ ਬਾਵਜੂਦ ਵੀ ਇਸ ਦਾ ਪ੍ਰਭਾਵ ਘਟਿਆ ਹੈ। ਇਸ ਦਾ ਕਾਰਨ ਇਹ ਹੈ ਕਿ ਬਸਪਾ ਹਾਈਕਮਾਂਡ ਸਾਹਿਬ ਸ੍ਰੀ ਕਾਂਸੀ ਰਾਮ ਤੋਂ ਬਾਅਦ ਉਨ੍ਹਾਂ ਦੀ ਅਸਲ ਵਿਚਾਰਧਾਰਾ ਤੋਂ ਥਿੜਕ ਚੁੱਕੀ ਹੈ, ਜਿਸ ਕਰਕੇ ਇਹ ਪਾਰਟੀ ਸਿਰਫ਼ ਦਲਿਤ ਸਮਾਜ ਤੱਕ ਹੀ ਸਿਮਟ ਕੇ ਰਹਿ ਗਈ ਹੈ। ਪਰ ਦੋਆਬਾ ਖੇਤਰ ਵਿੱਚ ਅਜੇ ਵੀ ਬਸਪਾ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ। ਜੇ ਇਹ ਪਾਰਟੀ ਸਹੀ ਰਣਨੀਤੀ ਨਾਲ ਮੈਦਾਨ ਵਿੱਚ ਉਤਰਦੀ ਹੈ, ਤਾਂ ਕਈ ਸੀਟਾਂ 'ਤੇ ਖੇਡ ਬਦਲ ਸਕਦੀ ਹੈ।

ਅਕਾਲੀ ਦਲ ਵਾਰਿਸ ਪੰਜਾਬ ਦੇ ਵੀ ਪੰਜਾਬ ਅੰਦਰ ਜ਼ਿਕਰਯੋਗ ਸਥਾਨ ਰੱਖਦੀ ਹੈ। ਸਿੱਖ ਜੁਆਨੀ ਸਮੇਤ ਵੱਡਾ ਹਿੱਸਾ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਜਜ਼ਬਾਤੀ ਤੌਰ 'ਤੇ ਜੁੜਿਆ ਹੋਇਆ ਹੈ। ਪਰ ਸੱਚਾਈ ਇਹ ਹੈ ਕਿ ਅਜੇ ਤੱਕ ਇਹ ਵੀ ਰਵਾਇਤੀ ਰਾਜਨੀਤੀ ਤੋਂ ਬਾਹਰ ਦੀ ਤਾਕਤ ਹੀ ਜਾਪਦੀ ਹੈ, ਜੋ ਸਿਸਟਮ ਦੇ ਖ਼ਿਲਾਫ਼ ਗੁੱਸੇ ਨੂੰ ਆਵਾਜ਼ ਦਿੰਦੀ ਹੈ। ਹਾਲਾਂਕਿ ਇਹ ਅੱਜ ਦੀ ਤਰੀਕ ਤੱਕ ਭਾਵੇਂ ਸਿੱਧੀ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੈ, ਪਰ ਇਹ ਵੋਟਾਂ ਦੀ ਦਿਸ਼ਾ ਬਦਲ ਸਕਣ ਦੇ ਸਮਰੱਥ ਹੋ ਸਕਦੀ ਹੈ। ਖ਼ਾਸ ਕਰਕੇ ਨੌਜਵਾਨ ਵੋਟਰਾਂ ਵਿੱਚ ਇਹ ਧਿਰ ਆਪਣਾ ਅਧਾਰ ਰੱਖਦੀ ਹੈ। ਅਸਲ ਵਿੱਚ ਇਹ ਸਾਰਾ ਵਰਤਾਰਾ ਅਕਾਲੀ ਰਾਜਨੀਤੀ ਦੀ ਟੁੱਟ ਨੂੰ ਦਰਸਾਉਂਦਾ ਹੈ। ਇਨ੍ਹਾਂ ਦਾ ਵੱਡਾ ਅਸਰ ਭਾਵੇਂ ਘੱਟ ਹੋਵੇ, ਪਰ ਇਹ ਵੋਟਾਂ ਦੀ ਵੰਡ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਜੋ ਅਕਾਲੀ ਦਲ ਦੇ ਮੁੱਖ ਧੜੇ ਨੂੰ ਹੋਰ ਕਮਜ਼ੋਰ ਕਰਦਾ ਹੈ। ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਜੇਕਰ ਅਕਾਲੀ ਦਲ ਦੀਆਂ ਵੱਖ-ਵੱਖ ਧਿਰਾਂ ਚੋਣ ਗੱਠਜੋੜ ਕਰਨ ਵਿੱਚ ਸਫ਼ਲ ਹੋ ਜਾਂਦੀਆਂ ਹਨ, ਤਾਂ ਇਹ 2027 ਦੀ ਵਿਧਾਨ ਸਭਾ ਚੋਣ ਦੇ ਨਤੀਜਿਆਂ ਨੂੰ ਬਦਲ ਵੀ ਸਕਦੇ ਹਨ।

ਸੋ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬ ਵਿੱਚ 2027 ਦੀ ਚੋਣ ਵਿੱਚ ਕਿਸੇ ਦੋ ਪਾਰਟੀਆਂ ਵਿੱਚ ਸਿੱਧੀ ਟੱਕਰ ਹੁੰਦੀ ਦਿਖਾਈ ਨਹੀਂ ਦਿੰਦੀ, ਬਲਕਿ ਅੱਜ ਦੀ ਘੜੀ ਇੱਥੇ ਬਹੁ-ਕੋਣਾ ਮੁਕਾਬਲਾ ਹੋਣ ਦੇ ਆਸਾਰ ਬਣੇ ਹੋਏ ਹਨ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਕਿਹੋ ਜਿਹੇ ਫੇਰਬਦਲ ਹੁੰਦੇ ਹਨ, ਇਸ ਦੇ ਬਾਰੇ ਕਹਿਣਾ ਅਜੇ ਵਾਜਬ ਨਹੀਂ ਹੋਵੇਗਾ।

# ਇਰਾਨ ਜੰਗ ਵਿੱਚ ਫ਼ਸਣ ਤੋਂ ਬਾਅਦ ਅਮਰੀਕਾ ਲਈ ਕੀ ਖ਼ਤਰੇ ਹਨ ?



ਅਭੈ ਕੁਮਾਰ ਦੂਬੇ

ਭਾਵੇਂ ਖਾੜੀ ਵਿੱਚ ਯੁੱਧ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁਰੂ ਕੀਤਾ ਸੀ, ਪਰ ਹੁਣ ਉਸ ਨੂੰ ਖ਼ਤਮ ਕਰਨ ਲਈ ਸ਼ਰਤਾਂ ਇਰਾਨ ਲਗਾ ਰਿਹਾ ਹੈ। ਜਦੋਂ 28 ਫ਼ਰਵਰੀ ਨੂੰ ਤਹਿਰਾਨ 'ਤੇ ਪਹਿਲਾ ਹਮਲਾ ਹੋਇਆ ਸੀ ਤਾਂ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਇਰਾਨ ਦਾ ਨਵਾਂ ਸੁਪਰੀਮ ਲੀਡਰ ਅਯਾਤੁੱਲਾ ਮੁਜਤਬਾ ਖਮੇਨੇਈ ਟਰੰਪ ਸਾਹਮਣੇ ਅਜਿਹੀਆਂ ਸ਼ਰਤਾਂ ਰੱਖ ਕੇ ਇਨ੍ਹਾਂ ਦੀ ਪਾਲਣਾ ਕਰਨ ਲਈ 30 ਤੋਂ 60 ਦਿਨ ਦਾ ਸਮਾਂ ਦੇਵੇਗਾ। ਖਮੇਨੇਈ ਦੇ ਬਿਆਨ ਤੋਂ ਬਾਅਦ ਚੀਨ ਤੇ ਰੂਸ ਦੇ ਖੁੱਲ੍ਹ ਕੇ ਉਸ ਦੇ ਸਮਰਥਨ ਵਿੱਚ ਆਉਣ ਨਾਲ ਇਜ਼ਰਾਇਲੀ ਤੇ ਅਮਰੀਕੀ ਕੈਂਪਾਂ ਵਿੱਚ ਦਹਿਸ਼ਤ ਪੈਦਾ ਹੋ ਗਈ ਹੈ। ਮੱਧ ਪੂਰਬ ਵਿੱਚ ਅਮਰੀਕੀ ਦਬਦਬੇ ਨੂੰ ਚੁਣੌਤੀ ਮਿਲਣ ਨਾਲ ਟਰੰਪ ਬੁਰੀ ਤਰ੍ਹਾਂ ਫ਼ਸ ਗਿਆ ਹੈ, ਜੇਕਰ ਉਹ ਖਮੇਨੇਈ ਦੀਆਂ ਸ਼ਰਤਾਂ 'ਤੇ ਗੱਲਬਾਤ ਸ਼ੁਰੂ ਕਰਦਾ ਹੈ ਤਾਂ ਦੁਨੀਆ ਭਰ 'ਚ ਅਮਰੀਕਾ ਦੀ ਹਾਲਤ ਵੀਅਤਨਾਮ, ਇਰਾਕ ਤੇ ਅਫ਼ਗਾਨਿਸਤਾਨ 'ਚ ਮਿਲੀਆਂ ਹਾਰਾਂ ਤੋਂ ਵੀ ਮਾੜੀ ਹੋ ਜਾਵੇਗੀ। ਜੇਕਰ ਟਰੰਪ ਜੰਗ ਰੋਕ ਕੇ ਗੱਲਬਾਤ ਸ਼ੁਰੂ ਨਹੀਂ ਕਰੇਗਾ ਤਾਂ ਉਹ ਆਪਣੇ ਦੇਸ਼ ਤੇ ਪੂਰੀ ਦੁਨੀਆ ਨੂੰ ਇੱਕ ਅਜਿਹੀ ਲੜਾਈ ਵਿੱਚ ਉਲਝਾ ਦੇਵੇਗਾ, ਜਿਸ ਨੂੰ ਜਿੱਤਣਾ ਸੰਭਵ ਨਹੀਂ ਹੈ।

ਪਿਛਲੇ 40 ਸਾਲਾਂ ਤੋਂ ਮਤਲਬ 1979 ਵਿੱਚ ਇਰਾਨ ਦੀ ਇਸਲਾਮੀ ਕ੍ਰਾਂਤੀ ਦੇ ਬਾਅਦ ਤੋਂ ਮੱਧ ਪੂਰਬ ਵਿੱਚ ਸਾਰੇ 'ਤਰੁਪ ਦੇ ਪੱਤੇ' ਅਮਰੀਕਾ ਦੇ ਹੱਥ 'ਚ ਸਨ, ਪਰ ਸਹੀ ਯੋਜਨਾਬੰਦੀ ਤੇ ਜ਼ਮੀਨੀ ਹਕੀਕਤਾਂ ਨੂੰ ਅਣਡਿੱਠ ਕਰਨ ਨਾਲ ਅਮਰੀਕਾ ਲਈ ਅਜਿਹੀ ਸਥਿਤੀ ਪੈਦਾ ਹੋ ਗਈ ਹੈ, ਜਿਸ ਬਾਰੇ ਉਸ ਨੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਅਮਰੀਕਾ ਦੇ 7 ਸੈਨਿਕਾਂ ਦੀਆਂ ਲਾਸ਼ਾਂ ਵਾਸ਼ਿੰਗਟਨ ਪਹੁੰਚ ਚੁੱਕੀਆਂ ਹਨ, ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 121 ਡਾਲਰ ਤੱਕ ਪਹੁੰਚ ਗਈਆਂ ਹਨ। ਅਮਰੀਕੀ ਰੱਖਿਆ ਮੰਤਰਾਲੇ ਦੇ ਦਸਤਾਵੇਜ਼ ਸਪੱਸ਼ਟ ਕਰਦੇ ਹਨ ਕਿ ਇਹ ਜੰਗ ਜਿੱਤੀ ਨਹੀਂ ਜਾ ਸਕਦੀ। ਸ਼ਾਇਦ ਇਸੇ ਲਈ ਮੁਜਤਬਾ ਖਮੇਨੇਈ ਅਮਰੀਕਾ ਨੂੰ ਜੰਗ ਬੰਦ ਕਰਨ ਅਤੇ ਗੱਲਬਾਤ ਸ਼ੁਰੂ ਕਰਨ ਦੀ ਅਪੀਲ ਕਰਨ ਦੀ ਬਜਾਏ ਅਲਟੀਮੇਟਮ ਦੇ ਰਹੇ ਹਨ। ਮੁਜਤਬਾ ਦੇ ਆਪਣੇ ਸ਼ਹੀਦ ਪਿਤਾ ਅਯਾਤੁੱਲਾ ਅਲੀ ਖਮੇਨੇਈ ਦਾ ਉੱਤਰਾਧਿਕਾਰੀ ਬਣਨ ਤੋਂ ਬਾਅਦ ਆਪਣਾ ਪਹਿਲਾ 12 ਮਿੰਟ ਦਾ ਬਿਆਨ ਜਾਰੀ ਕੀਤਾ, ਜੋ ਟੀ.ਵੀ. 'ਤੇ ਪੜ੍ਹਿਆ ਗਿਆ ਸੀ। ਮੁਜਤਬਾ ਖੁਦ ਕੈਮਰੇ 'ਤੇ ਨਹੀਂ ਦਿੱਸੇ, ਉਨ੍ਹਾਂ ਦਾ ਹਰ ਸ਼ਬਦ ਇਰਾਨੀ ਲੋਕਾਂ ਦੀ ਬਜਾਏ ਅਮਰੀਕਾ ਨੂੰ ਸੰਬੋਧਿਤ ਸੀ। ਉਨ੍ਹਾਂ ਆਪਣੇ ਬਿਆਨ ਦੇ ਪਹਿਲੇ 6 ਮਿੰਟਾਂ 'ਚ ਇਰਾਨ ਵਿਰੁੱਧ ਅਮਰੀਕੀ ਅੱਤਿਆਚਾਰਾਂ ਦਾ ਵੇਰਵਾ ਦਿੰਦਿਆਂ ਆਪਣੇ ਪਿਤਾ ਤੇ ਇਰਾਨ ਦੇ ਵਿਗਿਆਨੀਆਂ ਦੀਆਂ ਹੱਤਿਆਵਾਂ ਦਾ ਜ਼ਿਕਰ ਕੀਤਾ। ਅਗਲੇ 6 ਮਿੰਟਾਂ 'ਚ ਮੁਜਤਬਾ ਨੇ ਅਤੀਤ ਤੋਂ ਹਟ ਕੇ ਭਵਿੱਖ ਦੀ ਗੱਲ ਕਰਦਿਆਂ 3 ਮੰਗਾਂ ਰੱਖੀਆਂ, ਜਿਨ੍ਹਾਂ ਦਾ ਪੂਰਾ ਖਰੜਾ ਇਰਾਨ ਵੱਲੋਂ ਸਵਿਟਜ਼ਰਲੈਂਡ ਰਾਹੀਂ ਅਮਰੀਕੀ ਵਿਦੇਸ਼ ਵਿਭਾਗ ਨੂੰ ਭੇਜਿਆ ਗਿਆ ਹੈ। ਕਈ ਨਿਊਜ਼ ਆਊਟਲੇਟਾਂ ਅਨੁਸਾਰ ਇਰਾਨ ਵੱਲੋਂ ਮੁਜਤਬਾ ਨੇ ਅਮਰੀਕਾ ਨੂੰ ਮੱਧ ਪੂਰਬ ਤੋਂ ਆਪਣੀਆਂ ਫ਼ੌਜਾਂ ਵਾਪਸ ਬੁਲਾਉਣ ਦਾ ਪ੍ਰਸਤਾਵ ਭੇਜਿਆ ਹੈ। ਜਦਕਿ ਸੱਚਾਈ ਇਹ ਹੈ ਕਿ ਖਮੇਨੇਈ ਨੇ ਅਮਰੀਕਾ ਨੂੰ ਸਾਰੇ ਮੱਧ ਪੂਰਬੀ ਦੇਸ਼ਾਂ (ਇਰਾਕ, ਸੀਰੀਆ, ਕੁਵੈਤ, ਬਹਿਰੀਨ, ਕਤਰ, ਸੰਯੁਕਤ ਅਰਬ ਅਮੀਰਾਤ ਤੇ ਸਾਊਦੀ ਅਰਬ) ਤੋਂ ਆਪਣੀਆਂ ਫ਼ੌਜਾਂ ਵਾਪਸ ਬੁਲਾਉਣ ਤੇ 3 ਦਿਨਾਂ ਅੰਦਰ ਸੈਨਿਕ ਅੱਡਿਆਂ ਨੂੰ ਹਟਾਉਣ ਦਾ ਅਲਟੀਮੇਟਮ ਦਿੱਤਾ ਹੈ। ਇਰਾਨ ਨੇ ਕਿਸੇ ਵੀ ਗੱਲਬਾਤ ਤੋਂ ਇਨਕਾਰ ਕਰਦਿਆਂ ਅਮਰੀਕਾ ਨੂੰ ਮੱਧ ਪੂਰਬੀ ਦੇਸ਼ਾਂ 'ਚੋਂ ਆਪਣੀ ਫ਼ੌਜੀ ਮੌਜੂਦਗੀ ਖ਼ਤਮ ਕਰਨ ਲਈ ਆਖਦਿਆਂ ਖਾੜੀ ਦੇਸ਼ਾਂ ਨੂੰ ਅਮਰੀਕੀ ਅੱਡੇ ਬੰਦ ਕਰਨ ਦੀ ਅਪੀਲ ਕੀਤੀ ਹੈ, ਨਹੀਂ ਤਾਂ ਇਰਾਨ ਦੇ ਉਨ੍ਹਾਂ 'ਤੇ ਹਮਲੇ ਜਾਰੀ ਰਹਿਣਗੇ। ਟਰੰਪ ਨੂੰ ਮੁਜਤਬਾ ਵੱਲੋਂ ਭੇਜੇ ਗਏ ਅਲਟੀਮੇਟਮ ਦੀ ਇਹ ਪਹਿਲੀ ਮੰਗ ਹੈ। ਜਦਕਿ ਦੂਜੀ ਮੰਗ ਵਿੱਚ ਅਮਰੀਕਾ ਨੂੰ 1979 ਤੋਂ ਇਰਾਨ 'ਤੇ ਲਗਾਈਆਂ ਸਭ ਪਾਬੰਦੀਆਂ ਤੁਰੰਤ ਹਟਾਉਣ ਲਈ ਕਿਹਾ ਗਿਆ ਹੈ, ਪਹਿਲੀ ਮੰਗ ਲਈ ਅਮਰੀਕਾ ਨੂੰ 30 ਦਿਨ ਤੇ ਦੂਜੀ ਮੰਗ ਲਈ 60 ਦਿਨਾਂ ਦਾ ਅਲਟੀਮੇਟਮ ਦਿੱਤਾ ਹੈ। ਉਨ੍ਹਾਂ ਤੀਜੀ ਮੰਗ ਵਿੱਚ ਜੰਗ ਤੇ ਪਾਬੰਦੀਆਂ ਕਾਰਨ ਹੋਏ ਆਰਥਿਕ ਨੁਕਸਾਨ ਦਾ ਮੁਆਵਜ਼ਾ ਮੰਗਦਿਆਂ ਅਮਰੀਕਾ ਨੂੰ ਇਰਾਨ ਨੂੰ 800 ਅਰਬ ਡਾਲਰ ਦਾ ਭੁਗਤਾਨ ਕਰਨ ਲਈ ਕਿਹਾ ਹੈ। ਖਮੇਨੇਈ ਨੇ ਉਕਤ 3 ਮੰਗਾਂ ਪੂਰੀਆਂ ਨਾ ਹੋਣ 'ਤੇ 3 ਕਦਮ ਉਠਾਉਣ ਦੀ ਚਿਤਾਵਨੀ ਦਿੱਤੀ ਹੈ। ਪਹਿਲਾ ਉਹ 30 ਦਿਨਾਂ ਬਾਅਦ ਹੋਰਮੁਜ਼ ਜਲਡਮਰੂ ਨੂੰ ਸਾਰੇ ਵਪਾਰਕ ਜਹਾਜ਼ਾਂ ਲਈ ਬੰਦ ਕਰ ਦੇਵੇਗਾ। ਦੂਜਾ ਉਹ ਰੂਸ ਤੇ ਚੀਨ ਨਾਲ ਇੱਕ ਫ਼ੌਜੀ ਭਾਈਵਾਲੀ ਸ਼ੁਰੂ ਕਰ ਕੇ ਇਰਾਨੀ ਧਰਤੀ 'ਤੇ ਵਿਦੇਸ਼ੀ ਫ਼ੌਜੀ ਟਿਕਾਣਿਆਂ ਦੀ ਆਗਿਆ ਦੇ ਦੇਵੇਗਾ। ਤੀਜਾ ਇਰਾਨ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਪ੍ਰਮਾਣੂ ਰੋਕਥਾਮ ਸਮਰੱਥਾ ਵਿਕਸਤ ਕਰੇਗਾ, ਇਸ ਦਾ ਮਤਲਬ ਇਹ ਹੋਇਆ ਕਿ ਇਰਾਨ ਸੰਭਾਵੀ ਪ੍ਰਮਾਣੂ ਹਮਲੇ ਨੂੰ ਰੋਕਣ ਦੀ ਸ਼ਕਤੀ ਪ੍ਰਾਪਤ ਕਰੇਗਾ।

ਖਮੇਨੇਈ ਨੇ ਇਹ ਨਹੀਂ ਕਿਹਾ ਕਿ ਉਹ ਪ੍ਰਮਾਣੂ ਬੰਬ ਬਣਾਉਣਗੇ, ਸਗੋਂ ਬੰਬ ਤਾਇਨਾਤ ਕਰਨ ਬਾਰੇ ਕਿਹਾ ਹੈ। ਇਸ ਦਾ ਮਤਲਬ ਕਿ ਜਾਂ ਤਾਂ ਇਰਾਨ ਕੋਲ ਪਹਿਲਾਂ ਹੀ ਪ੍ਰਮਾਣੂ ਬੰਬ ਹੈ, ਜਾਂ ਰੂਸ ਤੇ ਚੀਨ 'ਚੋਂ ਕਿਸੇ ਨੇ ਉਸ ਨੂੰ ਦੇਣ ਦਾ ਵਾਅਦਾ ਕੀਤਾ ਹੈ। ਜ਼ਿਕਰਯੋਗ ਹੈ ਕਿ ਖਮੇਨੇਈ ਦਾ ਸੁਨੇਹਾ ਜਾਰੀ ਹੋਣ ਤੋਂ ਸਿਰਫ਼ ਡੇਢ ਘੰਟੇ ਬਾਅਦ ਚੀਨ ਨੇ ਅਧਿਕਾਰਤ ਤੌਰ 'ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਆਪਣੀ ਸੁਰੱਖਿਆ ਤੇ ਕਿਸੇ ਵੀ ਵਿਦੇਸ਼ੀ ਹਮਲੇ ਤੋਂ ਆਪਣੇ ਆਪ ਨੂੰ ਬਚਾਉਣ ਦੇ ਅਧਿਕਾਰ ਬਾਰੇ ਇਰਾਨ ਦੀਆਂ ਚਿੰਤਾਵਾਂ ਦਾ ਚੀਨ ਸਮਰਥਨ ਕਰਦਾ ਹੈ। ਚੀਨੀ ਬਿਆਨ ਤੋਂ 40 ਮਿੰਟ ਬਾਅਦ ਰੂਸ ਵੱਲੋਂ ਇਰਾਨ ਦੇ ਪੱਖ 'ਚ ਚੀਨ ਜਿਹਾ ਹੀ ਬਿਆਨ ਆ ਗਿਆ। ਦੋਵੇਂ ਦੇਸ਼ਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਰਾਨ ਦੇ ਨਾਲ ਖੜ੍ਹੇ ਹਨ। ਖਮੇਨੇਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਰਾਨ ਵੱਲੋਂ ਅਮਰੀਕੀ ਹਮਲੇ ਵਿੱਚ ਮਾਰੇ ਗਏ ਲੋਕਾਂ ਦੇ ਖ਼ੂਨ ਦਾ ਬਦਲਾ ਲਿਆ ਜਾਵੇਗਾ। ਜੇਕਰ ਦੁਸ਼ਮਣ (ਅਮਰੀਕਾ/ਇਜ਼ਰਾਇਲ) 800 ਅਰਬ ਡਾਲਰ ਦਾ ਮੁਆਵਜ਼ਾ ਨਹੀਂ ਦਿੰਦੇ ਤਾਂ ਇਰਾਨ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਵੇਗਾ ਜਾਂ ਤਬਾਹ ਕਰ ਦੇਵੇਗਾ।

ਮਾਹਿਰਾਂ ਅਨੁਸਾਰ ਮੁਜਤਬਾ ਖਮੇਨੇਈ ਦੀ ਰਾਜਨੀਤਕ ਸ਼ੈਲੀ ਆਪਣੇ ਪਿਤਾ ਨਾਲੋਂ ਵੱਖਰੀ ਹੈ। ਉਸ ਦੇ ਪਿਤਾ ਵੱਖ-ਵੱਖ ਸਮੂਹਾਂ ਨਾਲ ਸਲਾਹ ਮਸ਼ਵਰਾ ਕਰਦੇ ਰਹਿੰਦੇ ਸਨ, ਪਰ ਮੁਜਤਬਾ ਨੇ ਉਸ ਕੋਲ ਸਮਾਂ ਨਾ ਹੋਣ ਕਰਕੇ ਤੁਰੰਤ ਨਤੀਜਿਆਂ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਮੁਜਤਬਾ ਨੇ ਅਹੁਦਾ ਸੰਭਾਲਦਿਆਂ ਰੈਵੋਲਿਊਸ਼ਨਰੀ ਗਾਰਡਾਂ (ਆਈ.ਆਰ.ਜੀ.ਸੀ.) ਨਾਲ ਲੰਬੀ ਮੀਟਿੰਗ ਕਰ ਕੇ ਫ਼ੈਸਲਾ ਲਿਆ ਹੈ ਕਿ ਹੁਣ ਪੂਰੇ ਖਾੜੀ ਖੇਤਰ 'ਤੇ ਅਮਰੀਕੀ ਪਕੜ ਖ਼ਤਮ ਕਰਨ ਦਾ ਸਮਾਂ ਆ ਗਿਆ ਹੈ। ਮੁਜਤਬਾ ਤੇ ਇਰਾਨੀ ਰੈਵੋਲਿਊਸ਼ਨਰੀ ਗਾਰਡ ਕੋਰ ਨਾਲ ਬਹੁਤ ਡੂੰਘੇ ਤੇ ਮਜ਼ਬੂਤ ਸੰਬੰਧ ਹਨ, ਇਸੇ ਰਿਸ਼ਤੇ ਨੇ ਉਸ ਦੇ ਰਾਜਨੀਤਿਕ ਉਭਾਰ, ਸੱਤਾ ਸੰਭਾਲਣ ਤੇ ਇਰਾਨ ਦੀਆਂ ਮੌਜੂਦਾ ਨੀਤੀਆਂ 'ਤੇ ਉਸ ਦੇ ਪ੍ਰਭਾਵ 'ਚ ਕੇਂਦਰੀ ਭੂਮਿਕਾ ਨਿਭਾਈ ਹੈ। ਰੈਵੋਲਿਊਸ਼ਨਰੀ ਗਾਰਡਾਂ ਨੇ ਅਲੀ ਖਾਮੇਨੇਈ ਦੀ ਹੱਤਿਆ ਤੋਂ ਬਾਅਦ ਮੁਜਤਬਾ ਨੂੰ ਸੁਪਰੀਮ ਲੀਡਰ ਚੁਣਨ 'ਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦਿਆਂ ਅਸੈਂਬਲੀ ਦੇ ਮੈਂਬਰਾਂ ਨੂੰ ਮੁਜਤਬਾ ਦੇ ਹੱਕ ਵਿੱਚ ਵੋਟ ਪਾਉਣ ਪ੍ਰੇਰਿਆ ਹੈ। ਮੁਜਤਬਾ ਖੁਦ 1980 ਦੇ ਦਹਾਕੇ ਵਿੱਚ ਇਰਾਨ-ਇਰਾਕ ਯੁੱਧ ਦੌਰਾਨ ਰੈਵੋਲਿਊਸ਼ਨਰੀ ਗਾਰਡਾਂ ਨਾਲ ਸੈਨਿਕ ਸੇਵਾ ਨਿਭਾਅ ਚੁੱਕਾ ਹੈ। ਉਨ੍ਹਾਂ ਨੇ ਸਾਬਕਾ ਖੁਫ਼ੀਆ ਮੁਖੀ ਹੁਸੈਨ ਤੈਯਬ ਨਾਲ ਮਿਲ ਕੇ ਕੰਮ ਕਰਦਿਆਂ ਆਪਣੇ ਪਿਤਾ ਦੇ ਦਫ਼ਤਰ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਦਰਅਸਲ ਰੈਵੋਲਿਊਸ਼ਨਰੀ ਗਾਰਡ ਇਰਾਨ ਸਭ ਤੋਂ ਸ਼ਕਤੀਸ਼ਾਲੀ ਸੰਗਠਨ ਹੈ ਅਤੇ ਮੁਜਤਬਾ ਦੇ ਸੁਪਰੀਮ ਲੀਡਰ ਬਣਨ ਨਾਲ ਇਸ ਦਾ ਪ੍ਰਭਾਵ ਹੋਰ ਵਧੇਗਾ। ਜੋ ਅਮਰੀਕਾ ਤੇ ਇਸ ਦੇ ਸਹਿਯੋਗੀਆਂ (ਇਜ਼ਰਾਇਲ ਤੇ ਯੂਰਪੀਅਨ ਦੇਸ਼ਾਂ) ਲਈ ਬਹੁਤ ਚਿੰਤਾਜਨਕ ਹੋ ਸਕਦਾ ਹੈ।

**-ਲੇਖਕ ਅੰਬੇਡਕਰ ਯੂਨੀਵਰਸਿਟੀ, ਦਿੱਲੀ ਵਿਖੇ ਭਾਰਤੀ ਭਾਸ਼ਾਵਾਂ 'ਚ ਪੁਰਾਲੇਖ ਖੋਜ ਪ੍ਰੋਗਰਾਮ ਦੇ ਸਾਬਕਾ ਪ੍ਰੋਫ਼ੈਸਰ ਤੇ ਨਿਰਦੇਸ਼ਕ ਰਹਿ ਚੁੱਕੇ ਹਨ।**



# ਵਿਸ਼ਵ ਆਰਥਿਕਤਾ ਦੀ 'ਸ਼ਾਹ ਰਗ' ਹੈ 'ਹੋਰਮੁਜ਼ ਜਲਡਮਰੂ'



ਗੁਰ ਕ੍ਰਿਪਾਲ ਸਿੰਘ ਅਸ਼ਕ

ਹੋਰਮੁਜ਼ ਜਲਡਮਰੂ ਇਸ ਵੇਲੇ ਦੁਨੀਆ ਦੇ ਸਭ ਤੋਂ ਸੰਵੇਦਨਸ਼ੀਲ ਸਮੁੰਦਰੀ ਖੇਤਰਾਂ ਵਿੱਚੋਂ ਇੱਕ ਬਣ ਚੁੱਕਾ ਹੈ ਜਿਸ 'ਤੇ ਸਮੁੱਚੇ ਵਿਸ਼ਵ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਮੱਧ-ਪੂਰਬ ਵਿੱਚ ਇਸ ਸਮੇਂ ਚੱਲ ਰਹੇ ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਕਾਰ ਤਣਾਅ ਨੂੰ ਜੇਕਰ ਕੂਟਨੀਤੀ ਰਾਹੀਂ ਨਾ ਰੋਕਿਆ ਗਿਆ ਤਾਂ ਇਸ ਸਮੁੰਦਰੀ ਰਸਤੇ ਵਿੱਚ ਲੱਗੀ ਅੱਗ ਪੂਰੀ ਦੁਨੀਆ ਦੇ ਚੁੱਲ੍ਹਿਆਂ ਨੂੰ ਠੰਢੇ ਕਰ ਸਕਦੀ ਹੈ।

ਉੱਤਰ ਵਿੱਚ ਇਰਾਨ ਅਤੇ ਦੱਖਣ ਵਿੱਚ ਓਮਾਨ ਅਤੇ ਸੰਯੁਕਤ ਅਰਬ ਅਮੀਰਾਤ ਨਾਲ ਘਿਰਿਆ ਲਗਪਗ 167 ਕਿੱਲੋਮੀਟਰ ਲੰਬਾ ਸਟਰੇਟ ਆਫ ਹੋਰਮੁਜ਼ ਨਾਂ ਨਾਲ ਜਾਣਿਆ ਜਾਂਦਾ ਇਹ ਜਲਮਾਰਗ ਇਰਾਨ ਦੇ ਲਾਰਕ ਟਾਪੂ ਅਤੇ ਓਮਾਨ ਦੇ ਮੁਸੰਦਮ ਤੱਟ ਵਿਚਕਾਰ ਆ ਕੇ ਸਿਰਫ਼ ਲਗਪਗ 33 ਕਿੱਲੋਮੀਟਰ ਚੌੜਾ ਰਹਿ ਜਾਂਦਾ ਹੈ।

ਇਹ ਦੁਨੀਆ ਦਾ ਸਭ ਤੋਂ ਮਹੱਤਵਪੂਰਨ ਤੇਲ ਟਰਾਂਜ਼ਿਟ ਪੁਆਇੰਟ ਮੰਨਿਆ ਜਾਂਦਾ ਹੈ। ਹੋਰਮੁਜ਼ ਫ਼ਾਰਸ ਦੀ ਖਾੜੀ ਨੂੰ ਓਮਾਨ ਦੀ ਖਾੜੀ ਅਤੇ ਅਰਬ ਸਾਗਰ ਨਾਲ ਜੋੜਦਾ ਹੈ। ਮੰਨਿਆ ਜਾਂਦਾ ਹੈ ਕਿ 'ਹੋਰਮੁਜ਼' ਨਾਂਅ ਫ਼ਾਰਸੀ ਦੇ ਸ਼ਬਦ 'ਹੁਰਮੁਜ਼' ਤੋਂ ਆਇਆ ਹੈ ਜੋ ਕਿ ਇਕ ਪ੍ਰਾਚੀਨ ਬੰਦਰਗਾਹ ਦਾ ਨਾਂਅ ਸੀ।

ਇਸ ਮਾਰਗ ਰਾਹੀਂ ਹਰ ਰੋਜ਼ ਲਗਪਗ 120 ਵੱਡੇ ਵਪਾਰਕ ਜਹਾਜ਼ ਲੰਘਦੇ ਹਨ ਅਤੇ ਕਰੀਬ 20 ਤੋਂ 21 ਮਿਲੀਅਨ ਬੈਰਲ ਤੇਲ ਦੀ ਆਵਾਜਾਈ ਹੁੰਦੀ ਹੈ ਜੋ ਵਿਸ਼ਵ ਦੇ ਸਮੁੰਦਰੀ ਤੇਲ ਵਪਾਰ ਦਾ ਲਗਪਗ 25 ਤੋਂ 30 ਫ਼ੀਸਦੀ ਹੈ। ਹੁਣ ਇਸ ਮਾਰਗ 'ਤੇ ਤਣਾਅ ਅਤੇ ਖ਼ਤਰਾ ਕਾਫ਼ੀ ਵਧ ਗਿਆ ਹੈ। ਆਵਾਜਾਈ ਪਹਿਲਾਂ ਵਾਂਗ ਨਹੀਂ ਰਹੀ। ਯਾਦ ਰਹੇ ਕਿ ਇਸ ਜਲਮਾਰਗ ਵਿੱਚ ਆਈ ਇੱਕ ਛੋਟੀ ਰੁਕਾਵਟ ਵੀ ਵਿਸ਼ਵ ਦੀ ਊਰਜਾ ਸਪਲਾਈ ਨੂੰ ਹਿਲਾਉਣ ਦੇ ਸਮਰੱਥ ਹੈ ਅਤੇ ਪੂਰੀ ਦੁਨੀਆ ਦੀ ਆਰਥਿਕਤਾ ਨੂੰ ਗੋਡਿਆਂ ਭਾਰ ਲਿਆ ਸਕਦੀ ਹੈ।

ਇੰਨੇ ਵੱਡੇ ਸਮੁੰਦਰੀ ਟਰੈਫਿਕ ਲਈ ਵਰਤਿਆ ਜਾਣ ਵਾਲਾ ਅਸਲ ਸ਼ਿਪਿੰਗ ਚੈਨਲ ਸਿਰਫ਼ 6 ਕੁ ਕਿੱਲੋਮੀਟਰ ਚੌੜਾ ਹੈ। ਇਸ ਦੀ ਡੂੰਘਾਈ ਲਗਪਗ 50 ਤੋਂ 100 ਮੀਟਰ ਹੈ ਜਿਸ ਕਾਰਨ ਬਹੁਤ ਵੱਡੇ ਤੇਲ ਟੈਂਕਰਾਂ ਨੂੰ ਚੱਲਣ ਲਈ ਸੀਮਤ ਜਗ੍ਹਾ ਮਿਲਦੀ ਹੈ। ਇੱਥੇ ਜਹਾਜ਼ਾਂ ਲਈ ਆਉਣ ਅਤੇ ਜਾਣ ਦੇ ਵੱਖੋ-ਵੱਖਰੇ ਰਸਤੇ ਬਣਾਏ ਗਏ ਹਨ। ਇਸ ਵਿਵਸਥਾ ਨੂੰ ਟਰੈਫਿਕ ਸੈਪਰੇਸ਼ਨ ਸਕੀਮ ਦਾ ਨਾਂ ਦਿੱਤਾ ਹੋਇਆ ਹੈ। ਇਹ ਰਸਤੇ ਸਿਰਫ਼ 3-3 ਕਿੱਲੋਮੀਟਰ ਚੌੜੇ ਹਨ। ਇਨ੍ਹਾਂ ਦੋਵਾਂ ਰਸਤਿਆਂ ਦੇ ਵਿਚਕਾਰ ਇੱਕ ਬਫਰ ਜ਼ੋਨ ਰੱਖਿਆ ਗਿਆ ਹੈ ਤਾਂ ਜੋ ਜਹਾਜ਼ ਆਪਸ ਵਿੱਚ ਨਾ ਟਕਰਾਉਣ। ਸਾਊਦੀ ਅਰਬ, ਇਰਾਕ, ਕੁਵੈਤ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਵੱਡੇ ਤੇਲ ਉਤਪਾਦਕ ਦੇਸ਼ ਆਪਣੇ ਤੇਲ ਦੀ ਬਰਾਮਦ ਲਈ ਇਸ ਮਾਰਗ 'ਤੇ ਨਿਰਭਰ ਹਨ।

ਦੁਨੀਆ ਦੀ ਤਰਲ ਕੁਦਰਤੀ ਗੈਸ ਦਾ ਲਗਪਗ 20-25 ਫ਼ੀਸਦੀ ਹਿੱਸਾ ਵੀ ਇਸੇ ਰਸਤੇ ਰਾਹੀਂ ਜਾਂਦਾ ਹੈ ਅਤੇ ਸਭ ਤੋਂ ਵੱਡਾ ਤਰਲ ਕੁਦਰਤੀ ਗੈਸ ਨਿਰਯਾਤਕ ਦੇਸ਼ ਕਤਰ ਆਪਣੀ ਜ਼ਿਆਦਾਤਰ ਗੈਸ ਇਸੇ ਰਸਤੇ ਰਾਹੀਂ ਭੇਜਦਾ ਹੈ।

ਇਹ ਉਹ ਬਿੰਦੂ ਹੈ ਜਿਸ 'ਤੇ ਇਰਾਨ ਦੀ ਸਭ ਤੋਂ ਮਜ਼ਬੂਤ ਪਕੜ ਹੈ। ਇਰਾਨ ਦੇ ਤੱਟਵਰਤੀ ਹਿੱਸੇ ਅਤੇ ਟਾਪੂ-ਜਿਵੇਂ ਕਿ ਕਿਸ਼ਮ ਅਤੇ ਹੋਰਮੁਜ਼-ਇਸ ਤੰਗ ਰਸਤੇ ਦੇ ਬਿਲਕੁਲ ਉੱਪਰ ਸਥਿਤ ਹਨ ਜਿਸ ਕਾਰਨ ਉਹ ਇੱਥੋਂ ਲੰਘਣ ਵਾਲੇ ਜਹਾਜ਼ਾਂ 'ਤੇ ਨਿਗਰਾਨੀ ਰੱਖ ਸਕਦਾ ਹੈ ਅਤੇ ਲੋੜ ਪੈਣ 'ਤੇ ਰਸਤਾ ਰੋਕਣ ਦੀ ਸਮਰੱਥਾ ਵੀ ਰੱਖਦਾ ਹੈ। ਇਸ ਰਸਤੇ ਦੇ ਬੰਦ ਹੋਣ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆ ਸਕਦਾ ਹੈ।

ਕੁਝ ਅੰਤਰਰਾਸ਼ਟਰੀ ਵਿਸ਼ਲੇਸ਼ਕਾਂ ਅਨੁਸਾਰ ਕੱਚੇ ਤੇਲ ਦੀ ਕੀਮਤ 150 ਤੋਂ 200 ਡਾਲਰ ਪ੍ਰਤੀ ਬੈਰਲ ਤੱਕ ਵੀ ਪਹੁੰਚ ਸਕਦੀ ਹੈ। ਭਾਰਤ ਆਪਣੀ ਲੋੜ ਦਾ 85 ਫ਼ੀਸਦੀ ਤੋਂ ਵੱਧ ਕੱਚਾ ਤੇਲ ਦਰਾਮਦ ਕਰਦਾ ਹੈ ਪਰ ਰੂਸ ਤੋਂ ਦਰਾਮਦ ਵਧਣ ਕਾਰਨ ਖਾੜੀ ਦੇਸ਼ਾਂ ਦੀ ਹਿੱਸੇਦਾਰੀ ਕੁਝ ਸਾਲਾਂ ਵਿੱਚ ਕਰੀਬ 50-55 ਫ਼ੀਸਦੀ ਤੱਕ ਰਹਿ ਗਈ ਸੀ। ਪਿੱਛੇ ਜਿਹੇ ਜਦੋਂ ਭਾਰਤ ਨੇ ਰੂਸ ਤੋਂ ਤੇਲ ਦੀ ਖ਼ਰੀਦ ਘਟਾਈ ਤਾਂ ਉਸ ਦੀ ਪੂਰਤੀ ਮੁੱਖ ਤੌਰ 'ਤੇ ਇਰਾਕ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਖਾੜੀ ਦੇਸ਼ਾਂ ਤੋਂ ਕੀਤੀ ਗਈ।

ਇਸ ਕਾਰਨ ਹੋਰਮੁਜ਼ ਜਲਡਮਰੂ ਦੀ ਮਹੱਤਤਾ ਭਾਰਤ ਲਈ ਹੋਰ ਵੀ ਵਧ ਜਾਂਦੀ ਹੈ। ਕੁਝ ਵਿਸ਼ਲੇਸ਼ਕਾਂ ਅਨੁਸਾਰ ਜੇਕਰ ਇੱਥੇ ਤਣਾਅ ਵਧਦਾ ਹੈ ਤਾਂ ਭਾਰਤ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ 20-30 ਰੁਪਏ ਪ੍ਰਤੀ ਲੀਟਰ ਤੱਕ ਵਾਧਾ ਹੋ ਸਕਦਾ ਹੈ ਜੋ ਦੇਸ਼ ਦੀ ਆਰਥਿਕਤਾ ਲਈ ਵੱਡਾ ਝਟਕਾ ਹੋਵੇਗਾ। ਢੋਆ-ਢੁਆਈ ਮਹਿੰਗੀ ਹੋਣ ਕਾਰਨ ਮਹਿੰਗਾਈ ਦਰ ਵੀ ਤੇਜ਼ੀ ਨਾਲ ਵਧ ਸਕਦੀ ਹੈ। ਇਸ ਤੋਂ ਇਲਾਵਾ ਖਾੜੀ ਦੇਸ਼ਾਂ ਵਿੱਚ ਵਸਦੇ ਲੱਖਾਂ ਭਾਰਤੀਆਂ ਦੀ ਸੁਰੱਖਿਆ ਵੀ ਇੱਕ ਵੱਡੀ ਚਿੰਤਾ ਬਣ ਸਕਦੀ ਹੈ।

ਪੁਰਾਣੇ ਸਮਿਆਂ ਤੋਂ ਹੀ ਇਹ ਰਸਤਾ ਵਪਾਰ ਲਈ ਬਹੁਤ ਮਹੱਤਵਪੂਰਨ ਰਿਹਾ ਹੈ। ਪ੍ਰਾਚੀਨ ਕਾਲ ਵਿੱਚ ਇਹ ਜਲਮਾਰਗ ਭਾਰਤ ਅਤੇ ਚੀਨ ਤੋਂ ਯੂਰਪ ਤੱਕ ਮਸਾਲੇ ਅਤੇ ਰੇਸ਼ਮ ਲੈ ਕੇ ਜਾਣ ਵਾਲੇ ਜਹਾਜ਼ਾਂ ਲਈ ਇੱਕ ਮਹੱਤਵਪੂਰਨ ਰਸਤਾ ਸੀ ਤੇ 16ਵੀਂ ਅਤੇ 17ਵੀਂ ਸਦੀ ਵਿੱਚ ਪੁਰਤਗਾਲ ਨੇ ਇਸ ਖੇਤਰ 'ਤੇ ਕਬਜ਼ਾ ਕਰ ਕੇ ਮਸਾਲਿਆਂ ਦੇ ਵਪਾਰ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਬਾਅਦ ਵਿੱਚ ਬ੍ਰਿਟਿਸ਼ ਅਤੇ ਡੱਚਾਂ ਨੇ ਵੀ ਇਸ ਖੇਤਰ ਵਿੱਚ ਆਪਣਾ ਪ੍ਰਭਾਵ ਵਧਾਇਆ। ਜਦੋਂ ਵੀ ਅਮਰੀਕਾ ਅਤੇ ਇਰਾਨ ਦੇ ਸਬੰਧ ਵਿਗੜਦੇ ਹਨ, ਹੋਰਮੁਜ਼ ਵਿੱਚ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਇਹ ਪਹਿਲੀ ਵਾਰ ਨਹੀਂ ਕਿ ਇੱਥੇ ਜੰਗੀ ਹਾਲਾਤ ਬਣੇ ਹੋਣ। ਟੈਂਕਰ ਯੁੱਧ (1984-1988) ਦੌਰਾਨ ਲਗਪਗ 450 ਤੋਂ ਵੱਧ ਵਪਾਰਕ ਜਹਾਜ਼ਾਂ 'ਤੇ ਹਮਲੇ ਹੋਏ ਸਨ। ਅਠਾਰਾਂ ਅਪ੍ਰੈਲ 1988 ਨੂੰ ਅਪਰੇਸ਼ਨ ਪ੍ਰਾਇੰਗ ਮਾਂਟਿਸ ਦੌਰਾਨ ਅਮਰੀਕਾ ਨੇ ਇਰਾਨ ਵਿਰੁੱਧ ਵੱਡੀ ਸਮੁੰਦਰੀ ਕਾਰਵਾਈ ਕੀਤੀ ਸੀ।

ਇਹ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਅਮਰੀਕੀ ਜਲ ਸੈਨਾ ਦੀ ਸਭ ਤੋਂ ਵੱਡੀ ਲੜਾਈ ਮੰਨੀ ਜਾਂਦੀ ਹੈ। ਇਸ ਦੌਰਾਨ ਇਰਾਨ ਦੇ ਦੋ ਤੇਲ ਪਲੇਟਫਾਰਮ ਤਬਾਹ ਕੀਤੇ ਗਏ ਅਤੇ ਉਸ ਦੀ ਜਲ ਸੈਨਾ ਨੂੰ ਭਾਰੀ ਨੁਕਸਾਨ ਪਹੁੰਚਿਆ ਪਰ ਅੱਜ ਦੀ ਸਥਿਤੀ ਪਹਿਲਾਂ ਨਾਲੋਂ ਕਾਫ਼ੀ ਵਧੇਰੇ ਗੰਭੀਰ ਹੈ ਕਿਉਂਕਿ ਹੁਣ ਡ੍ਰੋਨ ਟੈਕਨਾਲੋਜੀ, ਸਮੁੰਦਰੀ ਸੁਰੰਗਾਂ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਨੇ ਯੁੱਧ ਦਾ ਰੂਪ ਬਦਲ ਦਿੱਤਾ ਹੈ।

ਇਸ ਤੋਂ ਇਲਾਵਾ ਹੂਤੀ ਵਿਦਰੋਹੀਆਂ ਵੱਲੋਂ ਲਾਲ ਸਾਗਰ ਵਿੱਚ ਕੀਤੇ ਜਾ ਰਹੇ ਹਮਲਿਆਂ ਨੇ ਖੇਤਰੀ ਸਥਿਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਅਤੇ ਜਹਾਜ਼ਾਂ ਦੇ ਬੀਮਾ ਖ਼ਰਚਿਆਂ ਵਿੱਚ ਕਈ ਗੁਣਾ ਵਾਧਾ ਹੋ ਗਿਆ ਹੈ। ਅੱਜ ਦੇ ਬਦਲੇ ਹੋਏ ਹਾਲਾਤ ਵਿੱਚ ਰੂਸ ਅਤੇ ਚੀਨ ਵਰਗੀਆਂ ਤਾਕਤਾਂ ਦੇ ਹਿੱਤ ਵੀ ਇਸ ਖੇਤਰ ਨਾਲ ਜੁੜੇ ਹੋਏ ਹਨ। ਇਸ ਲਈ ਅਮਰੀਕਾ ਲਈ ਵੀ ਰਸਤਾ ਆਸਾਨ ਨਹੀਂ ਰਹਿ ਗਿਆ। ਇਹ ਜੰਗ ਜਿੰਨੀ ਜਲਦੀ ਰੁਕ ਜਾਵੇ, ਓਨੀ ਹੀ ਦੁਨੀਆ ਲਈ ਚੰਗੀ ਗੱਲ ਹੋਵੇਗੀ, ਨਹੀਂ ਤਾਂ ਇਸ ਦਾ ਖ਼ਮਿਆਜ਼ਾ ਉਨ੍ਹਾਂ ਦੇਸ਼ਾਂ ਨੂੰ ਵੀ ਭੁਗਤਣਾ ਪੈ ਸਕਦਾ ਹੈ ਜਿਨ੍ਹਾਂ ਦਾ ਇਸ ਨਾਲ ਸਿੱਧਾ ਸਬੰਧ ਨਹੀਂ ਹੈ।



# ਹਮੇਸ਼ਾ ਦੁਖਦਾਈ ਹੁੰਦਾ ਹੈ ‘ਯੁੱਧ’ ਦਾ ਮੁਹਾਂਦਰਾ



ਨਿਕੋਲਸ ਕ੍ਰਿਸਟੋਫ਼

ਫ਼ਰਜ਼ ਕਰੋ ਕਿ ਇਰਾਨ ਆਪਣੇ ਏਜੰਟਾਂ ਨੂੰ ਮੈਕਸੀਕੋ ਵਿੱਚ ਉਤਾਰ ਦੇਵੇ ਅਤੇ ਉੱਥੇ ਉਹ ਟੈਕਸਾਸ ਦੀ ਸਰਹੱਦ ਤੋਂ ਅਮਰੀਕੀ ਫ਼ੌਜੀ ਟਿਕਾਣਿਆਂ ’ਤੇ ਇੱਕ ਮਿਜ਼ਾਈਲ ਦਾਗ ਦੇਣ। ਭਾਵੇਂ ਹੀ ਉਨ੍ਹਾਂ ਦੀ ਅਜਿਹੀ ਕੋਈ ਮਨਸ਼ਾ ਨਾ ਹੋਵੇ, ਪਰ ਇਸ ਦੌਰਾਨ ਲਾਪਰਵਾਹੀ ਕਾਰਨ ਅਜਿਹੇ ਹਮਲੇ ਵਿੱਚ ਕੋਈ ਅਮਰੀਕੀ ਸਕੂਲ ਨੇਸਤੋਨਾਬੂਦ ਹੋ ਜਾਵੇ ਜਿਸ ਵਿੱਚ 175 ਜਾਨਾਂ ਗੁਆਉਣੀਆਂ ਪੈ ਜਾਣ। ਇਸ ਤੋਂ ਬਾਅਦ ਉਹ ਤੇਲ ਦੇ ਡੀਪੂ ਨੂੰ ਸਾੜਨ ਲੱਗ ਜਾਣ ਅਤੇ ਲੋਕਾਂ ਨੂੰ ਰਸਾਇਣਕ ਬਾਰਿਸ਼ ਦਾ ਸ਼ਿਕਾਰ ਬਣਾਉਣ। ਅਜਿਹੇ ਹਾਲਾਤ ਵਿੱਚ ਸਕੂਲ, ਕਲੀਨਿਕ ਅਤੇ ਆਮ ਜਨਜੀਵਨ ਠੱਪ ਹੋ ਜਾਵੇ ਅਤੇ ਫ਼ਿਰ ਵੀ ਇਰਾਨੀ ਆਗੂ ਧਮਕਾਉਣ ਕਿ ਅਮਰੀਕਾ ਨੂੰ ਇਸ ਹੱਦ ਤੱਕ ਤਬਾਹ ਕਰ ਦੇਣਗੇ ਕਿ ਉਹ ਕਦੇ ਫ਼ਿਰ ਤੋਂ ਉੱਠ ਖੜ੍ਹਾ ਨਾ ਹੋ ਸਕੇ। ਨਿਸ਼ਚਿਤ ਤੌਰ ’ਤੇ ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਾਲ-ਨਾਲ ਅਸੀਂ ਸਾਰੇ ਲੋਕ ਬੇਗੁਨਾਹ ਨਾਗਰਿਕਾਂ ’ਤੇ ਹੋਏ ਇਸ ਨਫ਼ਰਤੀ ਹਮਲੇ ਨੂੰ ਲੈ ਕੇ ਆਪਣਾ ਗੁੱਸਾ ਪ੍ਰਗਟ ਕਰਾਂਗੇ ਅਤੇ ਅਜਿਹਾ ਕਰਨਾ ਬਿਲਕੁਲ ਸਹੀ ਵੀ ਹੋਵੇਗਾ।

ਯੁੱਧ ਦਾ ਮੁਹਾਂਦਰਾ ਹਮੇਸ਼ਾ ਦੁਖਦਾਈ ਹੁੰਦਾ ਹੈ। ਦੂਜੇ ਵਿਸ਼ਵ ਯੁੱਧ ਦੌਰਾਨ ਇਸ ਤ੍ਰਾਸਦੀ ਨੇ ਹੋਰ ਵਿਕਰਾਲ ਰੂਪ ਲੈ ਲਿਆ ਸੀ। ਉਸ ਸਮੇਂ ਅਮਰੀਕਾ ਨੇ ਆਪਣੀਆਂ ਮਾਰੂ ਸਮਰੱਥਾਵਾਂ ਨੂੰ ਦਰਸਾਇਆ ਕਿ ਕਿਵੇਂ ਕੁਝ ਹੀ ਘੰਟਿਆਂ ਵਿੱਚ ਉਹ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਸਕਦਾ ਹੈ। ਜੰਗ ਤੋਂ ਬਾਅਦ ਆਪਣੇ ਦਾਮਨ ’ਤੇ ਪਏ ਛਿੱਟਿਆਂ ਨੂੰ ਸਾਫ਼ ਕਰਨ ਦੀ ਮਨਸ਼ਾ ਨਾਲ ਆਤਮ-ਮੰਥਨ ਕਰਦੇ ਹੋਏ ਅਮਰੀਕਾ ਨੇ ਅਜਿਹੀਆਂ ਆਲਮੀ ਕੋਸ਼ਿਸ਼ਾਂ ਨੂੰ ਲੈ ਕੇ ਪਹਿਲ ਕੀਤੀ ਜਿਸ ਵਿੱਚ ਯੁੱਧ ਦੀ ਭਿਆਨਕਤਾ ਨਾ ਵਧੇ ਅਤੇ ਖ਼ਾਸ ਕਰਕੇ ਆਮ ਨਾਗਰਿਕਾਂ ਨੂੰ ਨੁਕਸਾਨ ਨਾ ਪਹੁੰਚੇ। ਉਸ ਸਮੇਂ ਜੈਨੇਵਾ ਕਨਵੈਂਸ਼ਨ ਵਰਗੇ ਪ੍ਰੋਟੋਕਾਲਾਂ ਤੋਂ ਇਲਾਵਾ ਹੋਰ ਕਈ ਉਪਾਅ ਕੀਤੇ ਗਏ ਕਿ ਯੁੱਧ ਦੌਰਾਨ ਪੀਣ ਵਾਲੇ ਪਾਣੀ ਦੇ ਸਰੋਤਾਂ ਵਰਗੇ ਢਾਂਚਿਆਂ ਨੂੰ ਹਰਗਿਜ਼ ਨਿਸ਼ਾਨਾ ਨਾ ਬਣਾਇਆ ਜਾਵੇ ਤਾਂ ਜੋ ਨਾਗਰਿਕਾਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਨਾ ਹੋਵੇ। ਹਾਲਾਂਕਿ, ਸੱਭਿਅਤਾ ਅਤੇ ਮਨੁੱਖਤਾ ਨੂੰ ਪੋਸ਼ਣ ਦੇਣ ਵਾਲੀ ਅਜਿਹੀ ਪਰੰਪਰਾ ਵੀ ਹਾਲੀਆ ਸਾਲਾਂ ਵਿੱਚ ਕਈ ਵਾਰ ਤਾਰ-ਤਾਰ ਹੋਈ ਹੈ। ਯੂਕ੍ਰੇਨ ’ਤੇ ਹਮਲੇ ਤੋਂ ਬਾਅਦ ਰੂਸ ਨੇ ਨਾਗਰਿਕਾਂ ਲਈ ਬਿਜਲੀ ਦੀ ਸਪਲਾਈ ਤੱਕ ਕੱਟ ਦਿੱਤੀ। ਇਸ ਨਾਲ ਹੱਡ ਕੰਬਾਉਣ ਵਾਲੀਆਂ ਸਰਦੀਆਂ ਯੂਕ੍ਰੇਨ ਦੇ ਲੋਕਾਂ ਲਈ ਹੋਰ ਵੀ ਬੇਰਹਿਮ ਸਾਬਿਤ ਹੋ ਗਈਆਂ।

ਸੰਯੁਕਤ ਰਾਸ਼ਟਰ ਸੰਘ ਮੁਤਾਬਕ ਇਜ਼ਰਾਇਲ ਨੇ ਗਾਜ਼ਾ ਵਿੱਚ ਫ਼ਲਸਤੀਨ ਦੇ ਲੋਕਾਂ ਨੂੰ ਦਾਣੇ-ਦਾਣੇ ਲਈ ਤਰਸਾ ਦਿੱਤਾ। ਉਸ ਨੇ ਸਿਹਤ ਕੇਂਦਰਾਂ ਤੋਂ ਲੈ ਕੇ ਵਿੱਦਿਅਕ ਸੰਸਥਾਵਾਂ ’ਤੇ ਭਿਆਨਕ ਬੰਬਾਰੀ ਕੀਤੀ ਅਤੇ ਬੱਚਿਆਂ ਨੂੰ ਵੀ ਨਿਸ਼ਾਨਾ ਬਣਾਉਣ ਤੋਂ ਗੁਰੇਜ਼ ਨਹੀਂ ਕੀਤਾ। ਸੰਯੁਕਤ ਅਰਬ ਅਮੀਰਾਤ ਨੇ ਸੂਡਾਨ ਵਿੱਚ ਅਜਿਹੀ ਮਿਲੀਸ਼ੀਆ ਨੂੰ ਸ਼ਹਿ ਦਿੱਤੀ ਜਿਸ ਨੇ ਸਮੂਹਿਕ ਜਬਰ-ਜਨਾਹਾਂ ਅਤੇ ਕਤਲੇਆਮ ਨੂੰ ਅੰਜਾਮ ਦਿੱਤਾ। ਉੱਥੇ ਪਹਿਲਾਂ ਤੋਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਲੋਕਾਂ ’ਤੇ ਆਫ਼ਤ ਦੀ ਇੱਕ ਨਵੀਂ ਬਾਰਿਸ਼ ਆ ਗਈ।

ਜਿੱਥੇ ਤੱਕ ਗਾਜ਼ਾ ਦੀ ਗੱਲ ਹੈ ਤਾਂ ਉੱਥੇ ਅਮਰੀਕਾ ਦੁਆਰਾ ਸਪਲਾਈ ਕੀਤੇ ਜਾ ਰਹੇ ਹਥਿਆਰਾਂ ਨਾਲ ਹੀ ਤਬਾਹੀ ਮਚਾਈ ਗਈ ਅਤੇ ਵਾਸ਼ਿੰਗਟਨ ਨੇ ਆਪਣੇ ਸਹਿਯੋਗੀ ਦੀ ਨਿੰਦਾ ਕਰਨ ਤੋਂ ਵੀ ਗੁਰੇਜ਼ ਹੀ ਕੀਤਾ। ਇਸ ਦੇ ਬਾਵਜੂਦ, ਉਸ ਨੇ ਅੱਧੇ-ਅਧੂਰੇ ਮਨ ਨਾਲ ਹੀ ਸਹੀ, ਪਰ ਉੱਥੇ ਯੁੱਧ ਦੌਰਾਨ ਵੀ ਆਮ ਤੌਰ-ਤਰੀਕਿਆਂ ਨੂੰ ਕਾਇਮ ਰੱਖਣ ਦੀ ਵਕਾਲਤ ਜਾਰੀ ਰੱਖੀ। ਜਦਕਿ ਇਰਾਨ ਦੇ ਮਾਮਲੇ ਵਿੱਚ ਮੈਨੂੰ ਇਸ ਗੱਲ ਦਾ ਡਰ ਹੈ ਕਿ ਉਹ ਆਪਣੇ ਇਸ ਰੁਖ਼ ਤੋਂ ਵੀ ਪਲਟ ਜਾਵੇ



ਤਾਂ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਇਸ ਯੁੱਧ ਵਿੱਚ ਉਨ੍ਹਾਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਿਆ ਜਾ ਸਕਦਾ ਹੈ ਜਿਨ੍ਹਾਂ ਨਾਲ ਸਾਰੇ ਸੱਭਿਅਕ ਦੇਸ਼ ਆਪਣੇ-ਆਪ ਨੂੰ ਬੱਝੇ ਹੋਏ ਮਹਿਸੂਸ ਕਰਦੇ ਸਨ। ਉਹ ਕਦਰਾਂ-ਕੀਮਤਾਂ ਜੋ ਸਾਡੀ ਸਾਂਝੀ ਮਾਨਵਤਾ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਜ਼ਰੂਰੀ ਸਮਝੀਆਂ ਗਈਆਂ ਹਨ। ਇਰਾਨ ’ਤੇ ਹਮਲਾ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਹੀ ਪ੍ਰਤੀਤ ਹੁੰਦਾ ਹੈ ਕਿਉਂਕਿ ਨਾ ਤਾਂ ਸੰਯੁਕਤ ਰਾਸ਼ਟਰ ਨੇ ਇਸ ਦੀ ਆਗਿਆ ਦਿੱਤੀ ਹੈ ਅਤੇ ਨਾ ਹੀ ਆਤਮ-ਰੱਖਿਆ ਲਈ ਇਸ ਦੀ ਕੋਈ ਲੋੜ ਸੀ। ਇਰਾਨ ਦਾ ਦੋਸ਼ ਹੈ ਕਿ ਉਸ ਦੇ ਉਸ ਪਲਾਂਟ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ ਜਿਸ ਜ਼ਰੀਏ 30 ਪਿੰਡਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਹੁੰਦੀ ਸੀ। ਹਾਲਾਂਕਿ ਅਮਰੀਕਾ ਅਤੇ ਇਜ਼ਰਾਇਲ ਨੇ ਇਸ ਦੋਸ਼ ਨੂੰ ਖ਼ਾਰਜ ਕੀਤਾ ਹੈ। ਇਸ ਦੇ ਨਾਲ ਹੀ, ਇਰਾਨੀ ਰੈੱਡ ਕਰੈਸੈਂਟ ਸੁਸਾਇਟੀ ਦਾ ਇਹ ਵੀ ਕਹਿਣਾ ਹੈ ਕਿ ਦੇਸ਼ ਵਿੱਚ 14 ਮੈਡੀਕਲ ਕਾਲਜ, 65 ਸਕੂਲ ਅਤੇ 17,000 ਘਰ ਹਮਲਿਆਂ ਦੇ ਸ਼ਿਕਾਰ ਬਣੇ ਹਨ। ਮੌਜੂਦਾ ਮੁਹਾਂਦਰੇ ਨੂੰ ਲੈ ਕੇ ਯੂਨੀਸੈਫ਼ ਦਾ ਕਹਿਣਾ ਹੈ ਕਿ ਵੱਖ-ਵੱਖ ਦੇਸ਼ਾਂ ਵਿੱਚ ਛਿੜੀ ਜੰਗ ਕਾਰਨ ਹੁਣ ਤੱਕ 1,100 ਤੋਂ ਵੱਧ ਬੱਚੇ ਮਾਰੇ ਜਾ ਚੁੱਕੇ ਹਨ। ਮੈਂ ਇਸ ਗੱਲ ਨੂੰ ਲੈ ਕੇ ਹੋਰ ਜ਼ਿਆਦਾ ਚਿੰਤਤ ਹਾਂ ਕਿ ਜੇ ਟਰੰਪ ਦੀ ਹਤਾਸ਼ਾ ਵਧਦੀ ਗਈ ਅਤੇ ਪਹਿਲਾਂ ਤੋਂ ਨਿਰਧਾਰਤ ਟੀਚਿਆਂ ’ਤੇ ਨਿਸ਼ਾਨੇ ਨਾਲ ਉਨ੍ਹਾਂ ਦੇ ਮਨਸੂਬੇ ਪੂਰੇ ਨਹੀਂ ਹੁੰਦੇ, ਤਾਂ ਉਹ ਫ਼ੌਜੀ ਟਿਕਾਣਿਆਂ ਦੇ ਨਾਲ-ਨਾਲ ਇਲੈਕਟ੍ਰਿਕ ਗ੍ਰਿਡਾਂ, ਹਾਈਵੇ ਅਤੇ ਪੁਲਾਂ ਵਰਗੀਆਂ ਨਾਗਰਿਕ ਸੁਵਿਧਾਵਾਂ ਨਾਲ ਜੁੜੇ ਢਾਂਚਿਆਂ ’ਤੇ ਵੀ ਹਮਲਾ ਕਰ ਸਕਦੇ ਹਨ ਤਾਂ ਜੋ ਇਰਾਨ ਨੂੰ ਭਾਰੀ ਨੁਕਸਾਨ ਪਹੁੰਚਾਇਆ ਜਾ ਸਕੇ। ਇਸ ਨਾਲ ਨਾਗਰਿਕਾਂ ਦੀਆਂ ਮੁਸ਼ਕਿਲਾਂ ਵਧਣਗੀਆਂ ਅਤੇ ਅਸੰਤੋਸ਼ ਭੜਕ ਸਕਦਾ ਹੈ। ਰਾਸ਼ਟਰਪਤੀ ਅਤੇ ਉਨ੍ਹਾਂ ਦੇ ਆਸ-ਪਾਸ ਜਮ੍ਹਾ ਜੁੰਡਲੀ ਨੇ ਅਜਿਹੇ ਇਰਾਦੇ ਜ਼ਾਹਰ ਵੀ ਕੀਤੇ ਹਨ। ਟਰੰਪ ਨੇ ਪ੍ਰੈੱਸ ਨੂੰ ਬਾਕਾਇਦਾ ਇਹ ਕਿਹਾ ਹੈ, ‘ਜੇ ਉਨ੍ਹਾਂ ਨੇ ਕੋਈ ਹਿਮਾਕਤ ਕੀਤੀ ਤਾਂ ਉਨ੍ਹਾਂ ਨੂੰ ਅਜਿਹਾ ਸਬਕ ਸਿਖਾਇਆ ਜਾਵੇਗਾ ਕਿ ਉਸ ਤੋਂ ਉੱਭਰਨ ਲਈ ਦੁਨੀਆ ਵਿਚ ਉਨ੍ਹਾਂ ਦੀ ਕੋਈ ਮਦਦ ਨਹੀਂ ਕਰ ਸਕੇਗਾ।’

ਪੂਰੀ ਦੁਨੀਆ ਇਹ ਦੇਖ ਰਹੀ ਹੈ। ਜਿੱਥੇ ਕੁਝ ਦੇਸ਼ਾਂ ਨੇ ਇਰਾਨ ’ਤੇ ਹਮਲੇ ਨੂੰ ਸਹੀ ਦੱਸਿਆ ਹੈ, ਉੱਥੇ ਹੀ ਇਸ ਦਾ ਵਿਰੋਧ ਕਰਨ ਵਾਲੇ ਵੀ ਘੱਟ ਨਹੀਂ ਹਨ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਇਰਾਨ ’ਤੇ ਅਮਰੀਕੀ-ਇਜ਼ਰਾਇਲੀ ਹਮਲੇ ਨੂੰ ਬੇਪਰਵਾਹੀ ਨਾਲ ਭਰਿਆ ਅਤੇ ਗ਼ੈਰ-ਕਾਨੂੰਨੀ ਦੱਸਿਆ ਹੈ। ਸਵਿਸ ਰੱਖਿਆ ਮੰਤਰੀ ਨੇ ਕਿਹਾ ਕਿ ਅਮਰੀਕੀ ਹਮਲਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਫ਼ਰਾਂਸ ਦੇ ਸਾਬਕਾ ਪ੍ਰਧਾਨ ਮੰਤਰੀ ਡੋਮੀਨਿਕ ਡੀ ਵਿਲੇਪਿਨ ਨੇ ਅਮਰੀਕੀ ਯੁੱਧ ਨੂੰ ‘ਗ਼ੈਰ-ਕਾਨੂੰਨੀ, ਅਨੈਤਿਕ, ਬੇਅਸਰ ਅਤੇ ਘਾਤਕ’ ਦੱਸਦੇ ਹੋਏ ਉਸ ’ਤੇ ਰੋਕ ਲਗਾਉਣ ਦੀ ਅਪੀਲ ਕੀਤੀ ਹੈ। ਕੁਝ ਲੋਕਾਂ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ ਟਰੰਪ ਅਮਰੀਕਾ ਨੂੰ ਦਿਸ਼ਾਹੀਣ ਅਤੇ ਅਰਾਜਕ ਦੇਸ਼ ਬਣਾਉਣ ’ਤੇ ਉਤਾਰੂ ਹਨ।

ਟਰੰਪ ਦੇ ਛੇੜੇ ਇਸ ਯੁੱਧ ਦਾ ਵਿਰੋਧ ਕਰਨ ਦੇ ਹੋਰ ਵੀ ਕਈ ਵਿਵਹਾਰਕ ਕਾਰਨ ਹਨ। ਇਸ ਨਾਲ ਇਰਾਨ ਦੀ ਮੁੱਲਾਸ਼ਾਹੀ ਦਾ ਆਧਾਰ ਢਹਿ-ਢੇਰੀ ਹੋਣ ਦੀ ਬਜਾਏ ਹੋਰ ਮਜ਼ਬੂਤ ਹੋ ਗਿਆ ਹੈ। ਮੋਜਤਬਾ ਖਮਨੇਈ ਦੀ ਤਾਜਪੋਸ਼ੀ ਦੇ ਰੂਪ ਵਿੱਚ ਅਸੀਂ ਇੱਕ ਅਜਿਹੇ ਆਗੂ ਨੂੰ ਸਥਾਪਤ ਕਰਨ ਦਾ ਮਾਧਿਅਮ ਬਣ ਗਏ ਜੋ ਆਪਣੇ ਪਿਤਾ ਦੀ ਤੁਲਨਾ ਵਿੱਚ ਕਾਫ਼ੀ ਵੱਧ ਕੱਟੜ ਹੈ। ਹੋਰਮੁਜ਼ ਜਲਮਾਰਗ ’ਚ ਅੜਿੱਕਾ ਪੈਣ ਨਾਲ ਤੇਲ-ਗੈਸ ਦੀ ਕੀਮਤਾਂ ਦੇ ਚੜ੍ਹਨ ਨਾਲ ਹੀ ਰਸਾਇਣਕ ਖਾਦਾਂ ਦੀ ਸਪਲਾਈ ’ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਜਿੱਥੇ ਤੱਕ ਜਾਨ-ਮਾਲ ਦੇ ਨੁਕਸਾਨ ਦਾ ਸਵਾਲ ਹੈ ਤਾਂ ਯੁੱਧ ਤੋਂ ਬਾਅਦ ਅਮਰੀਕਾ ਅਤੇ ਇਰਾਨ, ਦੋਵੇਂ ਜਗ੍ਹਾ ਹਾਲਾਤ ਹੋਰ ਖ਼ਰਾਬ ਹੋਣ ਦੀ ਸੰਭਾਵਨਾ ਵਧ ਗਈ ਹੈ। ਇਸ ਯੁੱਧ ਨੂੰ ਬਾਅਦ ਵਿੱਚ ਇਸ ਲਈ ਵੀ ਯਾਦ ਕੀਤਾ ਜਾਵੇਗਾ ਕਿ ਯੁੱਧ ਦੀ ਭਿਆਨਕਤਾ ਅਤੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਲਈ ਇੱਕ ਸਮੇਂ ਜੋ ਯਤਨ ਕੀਤੇ ਗਏ, ਉਹ ਬੀਤੇ ਵਿੱਚ ਕਿਵੇਂ ਮਲੀਆਮੇਟ ਹੋ ਗਏ ਸਨ। ਜੇ ਅਜਿਹਾ ਹੁੰਦਾ ਹੈ ਤਾਂ ਮਨੁੱਖਤਾ ਹੀ ਇਸ ਦੀ ਸਭ ਤੋਂ ਵੱਡੀ ਭੁਗਤ-ਭੋਗੀ ਹੋਵੇਗੀ।

**(ਲੇਖਕ ‘ਦਿ ਨਿਊਯਾਰਕ ਟਾਈਮਜ਼’ ਦਾ ਕਾਲਮਕਾਰ ਹੈ)।**

# ਭਾਰਤ ਦੀ ਪ੍ਰਭੂਸੱਤਾ ਨੂੰ ਪ੍ਰਭਾਵਿਤ ਕਰੇਗਾ ਅਮਰੀਕੀ ਵਪਾਰ ਸਮਝੌਤਾ



ਡਾ. ਅਮਨਪ੍ਰੀਤ ਸਿੰਘ ਬਰਾੜ

ਪਿਛਲੇ ਦਿਨੀਂ ਭਾਰਤ-ਅਮਰੀਕਾ ਸੌਦੇ ਨੂੰ ਬਹੁਤ ਪ੍ਰਚਾਰਿਆ ਗਿਆ ਤੇ ਸਰਕਾਰੀ ਤੰਤਰ ਇਸ ਦੇ ਫਾਇਦੇ ਗਣਾਉਂਦਾ ਨਹੀਂ ਥੱਕਦਾ ਸੀ। ਇਸ ਸੌਦੇ ਬਾਰੇ ਦੋਹਾਂ ਦੇਸ਼ਾਂ ਨੇ ਸਾਂਝਾ ਵਾਰਤਾ ਪੱਤਰ ਵੀ ਜਾਰੀ ਕੀਤਾ ਸੀ, ਜੋ ਹੁਣ ਮੁਲਤਵੀ ਕਰ ਦਿੱਤਾ ਗਿਆ ਹੈ। ਇਸ ਦੀ ਵਜ੍ਹਾ ਅਮਰੀਕਾ ਦੀ ਸੁਪਰੀਮ ਕੋਰਟ ਦਾ ਉਹ ਫ਼ੈਸਲਾ ਹੈ ਜਿਸ ਨੇ ਰਾਸ਼ਟਰਪਤੀ ਟਰੰਪ ਦੁਆਰਾ ਦੁਨੀਆ ’ਤੇ ਲਗਾਏ ਟੈਰਿਫ਼ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਹੈ ਕਿ ਟੈਰਿਫ਼ ਲਾਉਣ ਦਾ ਅਧਿਕਾਰ ਰਾਸ਼ਟਰਪਤੀ ਦਾ ਨਹੀਂ, ਸਗੋਂ ਅਮਰੀਕੀ ਕਾਂਗਰਸ (ਸੰਸਦ) ਦਾ ਹੈ। ਰਾਸ਼ਟਰਪਤੀ ਟਰੰਪ ਨੇ 1974 ਦੇ ਟਰੇਡ ਐਕਟ ਦੀ ਧਾਰਾ 122 ਦੇ ਅਧੀਨ ਆਪਣੇ ਅਧਿਕਾਰ ਦੀ ਵਰਤੋਂ ਕਰਕੇ ਇਹ ਟੈਰਿਫ਼ ਲਾਇਆ ਸੀ। ਅਮਰੀਕੀ ਸੁਪਰੀਮ ਕੋਰਟ ਵੱਲੋਂ 10 ਫ਼ੀਸਦੀ ਗਲੋਬਲ ਟੈਰਿਫ਼ ਨੂੰ ਗਲਤ ਦੱਸਣ ’ਤੇ ਟਰੰਪ ਨੇ ਇਸ ਨੂੰ ਵਧਾ ਕੇ 15 ਫ਼ੀਸਦੀ ਕਰਨ ਦਾ ਐਲਾਨ ਕਰ ਦਿੱਤਾ, ਪਰ ਅਜੇ ਇਸ ਨੂੰ ਲਾਗੂ ਨਹੀਂ ਕੀਤਾ ਗਿਆ। ਅਮਰੀਕਾ ਇਹ 10 ਫ਼ੀਸਦੀ ਗਲੋਬਲ ਟੈਰਿਫ਼ ਹਰੇਕ ਦੇਸ਼ ਤੋਂ ਆਯਾਤ ਹੋ ਕੇ ਆਪਣੇ ਦੇਸ਼ ’ਚ ਆਉਣ ਵਾਲੀ ਹਰ ਤਰ੍ਹਾਂ ਦੀ ਵਸਤੂ ’ਤੇ ਲਗਾਏਗਾ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਗਲੋਬਲ ਟੈਰਿਫ਼ 10 ਫ਼ੀਸਦੀ ਹੈ, ਜਦਕਿ ਭਾਰਤ ਨਾਲ ਡੀਲ ਵਿੱਚ ਅਮਰੀਕਾ ਨੇ 18 ਫ਼ੀਸਦੀ ਟੈਰਿਫ਼ ਲਗਾਇਆ ਗਿਆ ਸੀ। ਅਮਰੀਕਾ ਨੂੰ ਜਾਣ ਵਾਲੇ ਭਾਰਤੀ ਸਾਮਾਨ ’ਤੇ 0-5 ਫ਼ੀਸਦੀ ਡਿਊਟੀ ਲੱਗਦੀ ਸੀ, ਜਦਕਿ ਅਮਰੀਕਾ ਤੋਂ ਭਾਰਤ ਆਉਣ ਵਾਲੇ ਸਾਮਾਨ ’ਤੇ ਔਸਤ 37 ਫ਼ੀਸਦੀ ਡਿਊਟੀ ਲੱਗਦੀ ਸੀ। ਹੁਣ ਇਸ ਨੂੰ ਪਲਟਾ ਕੇ ਅਮਰੀਕਾ ਤੋਂ ਭਾਰਤ ਆਉਣ ਵਾਲੇ ਸਾਮਾਨ ’ਤੇ ਭਾਰਤ ਨੇ ਇਹ ਡਿਊਟੀ 0-5 ਫ਼ੀਸਦੀ ਕਰ ਦਿੱਤੀ ਹੈ, ਜਦਕਿ ਅਮਰੀਕਾ ਜਾਣ ਵਾਲੇ ਭਾਰਤੀ ਸਾਮਾਨ ’ਤੇ 18 ਫ਼ੀਸਦੀ ਲੱਗੇਗੀ। ਜੇਕਰ ਇਹ ਡੀਲ ਸਿਰੇ ਚੜ੍ਹਦੀ ਹੈ ਤਾਂ ਅਸੀਂ ਇਸ ’ਚੋਂ ਕੀ ਖੱਟਿਆ ਉਸ ਦਾ ਵਿਸ਼ਲੇਸ਼ਣ ਕਰਦੇ ਹਾਂ। ਪ੍ਰਭੂਸੱਤਾ ਸਾਡੇ ਸੰਵਿਧਾਨ ਦੀ ਮੂਲ ਵਿਸ਼ੇਸ਼ਤਾ ਹੈ, ਪਰ ਕੀ ਅਸੀਂ ਸੱਚਮੁੱਚ ਪ੍ਰਭੂਸੱਤਾ ਸੰਪੰਨ ਦੇਸ਼ ਹਾਂ? ਜਿਸ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਟਰੰਪ ਆਦੇਸ਼ ਦਿੰਦੇ ਹਨ ਕਿ ਤੁਸੀਂ ਤੇਲ ਰੂਸ ਜਾਂ ਇਰਾਨ ਤੋਂ ਨਹੀਂ ਖਰੀਦਣਾ, ਅਜਿਹੇ ਨਿਰਦੇਸ਼ਾਂ ਤੋਂ ਸਮਝ ਨਹੀਂ ਆਉਂਦੀ, ਕੀ ਅਸੀਂ ਐਨੇ ਕਮਜ਼ੋਰ ਹੋ ਗਏ ਹਾਂ?

ਟੈਰਿਫ਼ ਵਿੱਚ ਕਟੌਤੀ- ਇਹ ਗੱਲ ਪ੍ਰਚਾਰੀ ਜਾ ਰਹੀ ਹੈ ਕਿ ਇਸ ਸਮਝੌਤੇ ਤਹਿਤ ਟੈਰਿਫ਼ 50 ਫ਼ੀਸਦੀ ਤੋਂ ਘੱਟ ਕੇ 18 ਫ਼ੀਸਦੀ ਹੋਣਾ ਭਾਰਤ ਲਈ ਫ਼ਾਇਦੇ ਵਾਲੀ ਗੱਲ ਹੈ। ਦਰਅਸਲ 2025 ਵਿੱਚ 50 ਫ਼ੀਸਦੀ




ਰੈਸੀਪਰੋਕਲ ਟੈਰਿਫ਼ ਅਮਰੀਕਾ ਦੀ ਗੱਲ ਨਾ ਮੰਨਣ ਕਰਕੇ ਲੱਗਿਆ ਸੀ। ਜਿਸ 18 ਫ਼ੀਸਦੀ ਨੂੰ ਅਸੀਂ ਘੱਟ ਕਹਿ ਰਹੇ ਹਾਂ ਉਹ 2024-25 ਦੌਰਾਨ ਚੌਲਾਂ ’ਤੇ 10 ਫ਼ੀਸਦੀ ਤੇ ਕੱਪੜਾ ਉਦਯੋਗ ’ਤੇ 8.99 ਤੋਂ 12.06 ਫ਼ੀਸਦੀ ਸੀ, ਹਾਲਾਂਕਿ ਉਸ ਵਿੱਚ 50 ਫ਼ੀਸਦੀ ਰੈਸੀਪਰੋਕਲ ਟੈਕਸ ਜੋੜਨ ਨਾਲ ਉਹ ਕੱਪੜੇ ’ਤੇ 62.06 ਫ਼ੀਸਦੀ ਲੱਗਣ ਲੱਗਾ ਸੀ। ਹੁਣ ਇਹ 2024-25 ਦੇ ਮੁਕਾਬਲੇ ਕੱਪੜੇ ’ਤੇ 12.06 ਫ਼ੀਸਦੀ ਦੀ ਬਜਾਏ 18 ਫ਼ੀਸਦੀ ਹੋਣ ਨਾਲ 5.94 ਫ਼ੀਸਦੀ ਵਧ ਗਿਆ ਹੈ, ਜਦਕਿ ਚੌਲਾਂ ’ਤੇ 10 ਫ਼ੀਸਦੀ ਦੀ ਬਜਾਏ ਵੱਧ ਕੇ 18 ਫ਼ੀਸਦੀ ਹੋ ਗਿਆ ਹੈ। ਅਮਰੀਕਾ ਭਾਰਤ ਤੋਂ ਜ਼ਿਆਦਾਤਰ ਬਾਸਮਤੀ ਹੀ ਖਰੀਦਦਾ ਹੈ, ਉਸ ਨੇ 2024-25 ਦੌਰਾਨ ਭਾਰਤ ਤੋਂ 2,70,000 ਮੀਟਰਕ ਟਨ ਬਾਸਮਤੀ ਤੇ 64,000 ਮੀਟਰਕ ਟਨ ਪਰਮਲ ਚੌਲ ਆਯਾਤ ਕੀਤੇ ਸਨ।

ਕੀ ਭਾਰਤੀ ਖੇਤੀ ’ਚ ਨਵਾਂ ਪੈਸਾ ਆਵੇਗਾ- ਅਮਰੀਕਾ ਦੀ ਸਕੱਤਰ ਬਰੂਕ ਰੌਲਿਨਸ ਨੇ ਕਿਹਾ ਹੈ ਕਿ ਇਸ ਸਮਝੌਤੇ ਨਾਲ ਅਮਰੀਕਾ ਦਾ ਭਾਰਤ ਨਾਲ 1.3 ਅਰਬ ਡਾਲਰ ਦਾ ਵਪਾਰਕ ਘਾਟਾ ਘਟੇਗਾ, ਕਿਉਂਕਿ ਅਮਰੀਕਾ ਵੱਲੋਂ ਵਿਸ਼ਾਲ ਭਾਰਤੀ ਮਾਰਕੀਟ ਵਿੱਚ ਖੁੱਲ੍ਹ ਕੇ ਖੇਤੀ ਉਤਪਾਦ ਵੇਚਣ ਨਾਲ ਅਮਰੀਕੀ ਖੇਤੀ ਖੇਤਰ ਨੂੰ ਵੱਡਾ ਹੁਲਾਰਾ ਮਿਲੇਗਾ। ਪਰ ਦੂਜੇ ਪਾਸੇ ਇਹ ਸੌਦਾ ਭਾਰਤ ਦੀ ਖੇਤੀ ਲਈ ਵੱਡੀ ਚੁਣੌਤੀ ਖੜ੍ਹੀ ਕਰੇਗਾ, ਭਾਵੇਂ ਸਿੱਧੇ ਤੌਰ ’ਤੇ ਅਜੇ ਕੁਝ ਕੁ ਡਰਾਈਡ ਡਿਸਟਿਲਰਜ ਗ੍ਰੈਨ (ਡੀ.ਡੀ.ਜੀ.) ਵਸਤੂਆਂ ਹੀ ਖੋਹਲੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਹ ਡੀ.ਡੀ.ਜੀ. ਕਣਕ, ਮੱਕੀ ਤੇ ਚੌਲਾਂ ਨੂੰ ਪ੍ਰੋਸੈਸ ਕਰਕੇ ਖਾਸ ਕਰਕੇ ਮੱਕੀ ਨੂੰ ਪਸ਼ੂਆਂ ਦੀ ਫੀਡ ’ਚ ਵਰਤਿਆ ਜਾਵੇਗਾ। ਇਸ ਤੋਂ ਇਲਾਵਾ ਸੋਇਆਬੀਨ ਦਾ ਤੇਲ, ਰੈਡ ਸੋਰਗਮ, ਤਾਜ਼ਾ ਤੇ ਪ੍ਰੋਸੈਸਡ ਫਲ, ਵਾਈਨ ਤੇ ਸਪਿਰਟਸ ਸਮੇਤ ਹੋਰ ਵਸਤੂਆਂ ਦੀ ਆਯਾਤ ਵੀ ਸਮੇਂ ਮੁਤਾਬਿਕ ਵਧੇਗੀ। ਜੋ ਭਾਰਤੀ ਖੇਤੀ ਲਈ ਆਰਥਿਕ ਉਜਾੜਾ ਦੀ ਵਜ੍ਹਾ ਬਣੇਗੀ। ਅਮਰੀਕੀ ਮੱਕੀ ਤੇ ਸੋਆਬੀਨ ਜਨੈਟੀਕਲੀ ਮਾਡੀਫਾਈਡ (ਐਮ.ਜੀ.) ਹਨ, ਜਦਕਿ ਭਾਰਤ ’ਚ ਜੀ.ਐਮ. ਫ਼ਸਲਾਂ ’ਤੇ ਪਾਬੰਦੀ ਹੈ, ਕਿਉਂਕਿ ਇਹ ਸਿਹਤ ਤੇ ਵਾਤਾਵਰਣ ਲਈ ਹਾਨੀਕਾਰਕ ਮੰਨੀਆਂ ਜਾਂਦੀਆਂ ਹਨ। ਅਮਰੀਕਨ ਮੱਕੀ ਦਾ ਜੀ.ਐਮ. ਬੀਜ ਕੋਰਟੇਵਾ ਤੇ ਸੋਆਬੀਨ ਦਾ ਜੀ.ਐਮ. ਬੀਜ ਮਨਸੈਂਟੋ ਜਿਹੀਆਂ ਦੁਨੀਆ ਦੀਆਂ ਵੱਡੀਆਂ ਕੀਟਨਾਸ਼ਕ ਕੰਪਨੀਆਂ ਬਣਾਉਂਦੀਆਂ ਹਨ। ਜੀ.ਐਮ. ਮੱਕੀ ’ਚ ਸਿਹਤ ਲਈ ਹਾਨੀਕਾਰਕ ਸਟਾਰਲਿੰਕ ਟਰੇਟ ਪਾਇਆ ਜਾਂਦਾ ਹੈ, ਜਿਸ ਦੀ ਵਰਤੋਂ ਪਸ਼ੂਆਂ ਦੀ ਖੁਰਾਕ ਵਿੱਚ ਹੋਣ ਨਾਲ ਇਸ ਦਾ ਅਸਰ ਪਸ਼ੂਆਂ ’ਤੇ ਪੈਣ ਬਾਅਦ ਅੱਗੇ ਦੁੱਧ ਰਾਹੀਂ ਇਨਸਾਨਾਂ ’ਤੇ ਵੀ ਪਵੇਗਾ। ਸੋਆਬੀਨ ਦੇ ਜੀ.ਐਮ. ਤੇਲ ਦੇ ਭਾਰਤ ਆਉਣ ਬਾਰੇ ਵੱਡਾ ਵਿਵਾਦ ਹੈ, ਕਿਉਂਕਿ ਇਹ ਸਿਹਤ ਨੂੰ ਖ਼ਰਾਬ ਕਰਦਾ ਹੈ ਅਤੇ ਖਾਸ ਕਰਕੇ ਕੈਂਸਰ ਦਾ ਕਾਰਨ ਬਣਦਾ ਹੈ। ਇਸੇ ਕਰਕੇ ਭਾਰਤ ਨੇ ਜੀ.ਐਮ. ਫ਼ਸਲਾਂ ਦੀ ਖੇਤੀ ਦੀ ਆਗਿਆ ਭਾਰਤ ਵਿੱਚ ਨਹੀਂ ਦਿੱਤੀ, ਪਰ ਇਸ ਸਮਝੌਤੇ ਨਾਲ ਉਹ ਹੁਣ ਭਾਰਤ ਵਿੱਚ ਦਾਖਲ ਹੋ ਜਾਣਗੀਆਂ। ਸੇਬਾਂ ਤੇ ਕਪਾਹ ’ਤੇ ਅਸਰ-ਇਸ ਸਮਝੌਤੇ ਤਹਿਤ ਸੇਬ, ਕਪਾਹ-ਨਰਮਾ ਉਗਾਉਣ ਵਾਲੇ ਕਿਸਾਨਾਂ ’ਤੇ ਪੈਣ ਵਾਲੇ ਅਸਰ ਨੂੰ ਲੈ ਕੇ ਕਾਫ਼ੀ ਚਿੰਤਾ ਹੈ। ਭਾਵੇਂ ਸਰਕਾਰੀ ਦਾਅਵੇ ਹਨ ਕਿ ਅਮਰੀਕਾ ਤੋਂ ਆਉਣ ਵਾਲੇ ਸੇਬ ਦੀ ਕੀਮਤ ਆਯਾਤ ਡਿਊਟੀ ਲੱਗਣ ਤੋਂ ਬਾਅਦ ਵੀ 100 ਰੁਪਏ ਦੇ ਕਰੀਬ ਹੋਵੇਗੀ। ਭਾਰਤ ਦਾ ਆਪਣਾ ਸੇਬਾਂ ਦਾ ਉਤਪਾਦਨ 20-21 ਲੱਖ ਮੀਟਰਿਕ ਟਨ ਹੈ, ਜਦਕਿ ਸਾਲਾਨਾ ਖਪਤ 25-26 ਲੱਖ ਮੀਟਰਿਕ ਟਨ ਹੈ। ਇਸ ਲਈ ਹਰ ਸਾਲ ਅਮਰੀਕਾ ਤੇ ਹੋਰ ਦੇਸ਼ਾਂ ਤੋਂ ਤਕਰੀਬਨ 5.50 ਲੱਖ ਮੀਟਰਿਕ ਟਨ ਸੇਬ ਭਾਰਤ ਆਉਂਦਾਹੈ। ਭਾਰਤੀ ਕਿਸਾਨ ਇਸ ਲਈ ਨਿਰਾਸ਼ ਹਨ ਕਿ ਜਦੋਂ ਅਮਰੀਕਨ ਸੇਬ 250-300 ਰੁਪਏ ਕਿਲੋ ਵਿਕਦਾ ਸੀ ਤਾਂ ਲੋਕ 100-150 ਰੁਪਏ ਕਿਲੋ ਭਾਰਤੀ ਸੇਬ ਖਰੀਦ ਲੈਂਦੇ ਸਨ ਤਾਂ ਕਿਸਾਨਾਂ ਨੂੰ ਵੀ 45 ਤੋਂ 80 ਰੁਪਏ ਪ੍ਰਤੀ ਕਿਲੋ ਤੱਕ ਮਿਲ ਜਾਂਦੇ ਸਨ। ਪਰ ਅਮਰੀਕਨ ਸੇਬ ਦੇ 100 ਰੁਪਏ ’ਚ ਭਾਰਤੀ ਬਾਜ਼ਾਰ ਵਿਚ ਪਹੁੰਚਣ ਨਾਲ ਭਾਰਤੀ ਸੇਬ ਦਾ ਰੇਟ ਹੋਰ ਵੀ ਘਟ ਜਾਵੇਗਾ। ਕਪਾਹ ’ਤੇ ਇਸ ਸਮਝੌਤੇ ਦਾ ਅਸਰ ਸਿੱਧਾ ਪੈਣ ਦੀ ਬਜਾਏ ਅਸਿੱਧਾ ਪਏਗਾ, ਕਿਉਂਕਿ ਸਾਡੇ ਕੱਪੜਾ ਉਦਯੋਗ ’ਤੇ 18 ਫ਼ੀਸਦੀ ਡਿਊਟੀ ਲੱਗੇਗੀ, ਜਦਕਿ ਅਮਰੀਕਾ ਨੇ ਬੰਗਲਾਦੇਸ਼ ਨਾਲ ਕੀਤੇ ਸਮਝੌਤਾ ’ਚ ਕਪਾਹ ਦੇ ਕੱਪੜਿਆਂ ’ਤੇ ਡਿਊਟੀ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ ਹੈ।

**(ਬਾਕੀ ਸਫ਼ਾ 27 ’ਤੇ)**

# ਕਿਸਾਨਾਂ ਦੇ ਵਿਕਾਸ ਲਈ ਕਿੰਨੇ ਕੁ ਜ਼ਰੂਰੀ ਕਿਸਾਨ ਕੈਂਪ ਤੇ ਮੇਲੇ ?

**ਭਗਵਾਨ ਦਾਸ**



ਖੇਤੀ ਪੱਖੋਂ ਮਾਰਚ ਦਾ ਮਹੀਨਾ ਤੇ ਇਸ ਦੌਰਾਨ ਲਗਾਏ ਜਾ ਰਹੇ ਕਿਸਾਨ ਕੈਂਪ ਤੇ ਮੇਲੇ ਬੜੇ ਮਹੱਤਵਪੂਰਨ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਨਾਗਕਲਾਂ ਜਹਾਂਗੀਰ (ਅੰਮ੍ਰਿਤਸਰ), ਰੌਣੀ (ਪਟਿਆਲਾ) ਤੇ ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਕਿਸਾਨ ਮੇਲੇ ਲਗਾਏ ਜਾ ਚੁੱਕੇ ਹਨ। ਪਿਛਲੇ ਦਿਨੀਂ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ (ਆਈ.ਏ.ਆਰ.ਆਈ.) ਤੇ ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵਲੋਂ ਰੱਖੜਾ (ਪਟਿਆਲਾ) ਵਿਖੇ ਕਿਸਾਨ ਕੈਂਪ (ਮਿੰਨੀ ਮੇਲਾ) ਲਗਾਇਆ ਗਿਆ ਹੈ। ਇੱਥੇ ਆਈ.ਏ.ਆਰ.ਆਈ. ਵੱਲੋਂ ਵਿਕਸਤ ਬਾਸਮਤੀ ਤੇ ਝੋਨੇ ਦੇ ਪੂਸਾ ਬਾਸਮਤੀ 1509, ਪੂਸਾ ਬਾਸਮਤੀ 1401, ਪੂਸਾ ਬਾਸਮਤੀ 1885 ਅਤੇ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਤੇ ਵਧੇਰੇ ਝਾੜ ਦੇਣ ਵਾਲੀਆਂ ਝੋਨੇ ਦੀਆਂ ਪੂਸਾ 2090 ਤੇ ਪੂਸਾ 1824 ਦੇ ਸੁਧਰੇ ਬੀਜ ਕਿਸਾਨਾਂ ਨੂੰ ਦਿੱਤੇ ਗਏ। ਇਸ ਮਿੰਨੀ ਮੇਲੇ ਦੀ ਪ੍ਰਧਾਨਗੀ ਡਾ. ਸੀ.ਐਚ. ਸ੍ਰੀਨਿਵਾਸਾ ਰਾਓ ਡਾਇਰੈਕਟਰ ਤੇ ਵਾਈਸ ਚਾਂਸਲਰ ਆਈ.ਏ.ਆਰ.ਆਈ. (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਨਵੀਂ ਦਿੱਲੀ) ਨੇ ਕੀਤੀ। ਉਨ੍ਹਾਂ ਦੇ ਨਾਲ ਕਿਸਾਨਾਂ ਨਾਲ ਸੰਪਰਕ ਕਰਨ ਲਈ ਸੰਯੁਕਤ ਡਾਇਰੈਕਟਰ (ਖੋਜ) ਡਾ. ਵਿਸ਼ਵਾਨਾਥਨ ਸੀ. ਤੇ ਹੋਰ ਮਾਹਿਰ ਵਿਗਿਆਨੀ ਵੀ ਆਏ ਸਨ।

ਪੀ.ਏ.ਯੂ. ਵੱਲੋਂ ਫਰੀਦਕੋਟ ਵਿਖੇ ਵੀ ਕਿਸਾਨ ਮੇਲਾ ਲਗਾਇਆ ਗਿਆ ਹੈ। ਇਹ ਕਿਸਾਨ ਮੇਲੇ ਤੇ ਕੈਂਪ ਕਿਸਾਨਾਂ ਨੂੰ ਖ਼ਰੀਫ਼ ਦੀ ਮੁੱਖ ਫ਼ਸਲ ਝੋਨੇ ਦੇ ਸੁਧਰੇ ਬੀਜ ਮੁਹੱਈਆ ਕਰਨ ਤੋਂ ਇਲਾਵਾ ਖ਼ਰੀਫ਼ ਦੀਆਂ ਹੋਰ ਫ਼ਸਲਾਂ ਸੰਬੰਧੀ ਗਿਆਨ ਵੀ ਦਿੰਦੇ ਹਨ। ਕਿਸਾਨਾਂ ਦੀ ਰਾਏ 'ਤੇ ਪਿਛਲੀਆਂ ਖੋਜ ਵਿਧੀਆਂ ਦਾ ਮੁਲਾਂਕਣ ਵੀ ਹੁੰਦਾ ਹੈ। ਨਵੀਆਂ ਖੇਤੀ ਤਕਨੀਕਾਂ ਤੇ ਖੋਜ ਵਿਧੀਆਂ ਦਾ ਪ੍ਰਦਰਸ਼ਨ ਵੀ ਇਨ੍ਹਾਂ ਮੇਲਿਆਂ ਤੇ ਕੈਂਪਾਂ ਦੌਰਾਨ ਕੀਤਾ ਜਾਂਦਾ ਹੈ। ਇਹ ਕਿਸਾਨ ਮੇਲੇ ਤੇ ਕੈਂਪ ਖੇਤੀ ਮਾਹਿਰਾਂ, ਵਿਗਿਆਨੀਆਂ ਤੇ ਕਿਸਾਨਾਂ ਦਾ ਸੁਮੇਲ ਹਨ। ਕਿਸਾਨ ਮੇਲੇ ਤੇ ਕੈਂਪਾਂ 'ਚ ਕਿਸਾਨ ਆਪੋ ਵਿਚ ਵਿਚਾਰ ਵਟਾਂਦਰਾ ਕਰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਆਪਣੀਆਂ ਸਮੱਸਿਆਵਾਂ ਦਾ ਹੱਲ ਤੇ ਵਿਗਿਆਨੀਆਂ ਨੂੰ ਖੋਜ ਲਈ ਪ੍ਰਤੀਕਿਰਿਆ ਮਿਲਦੀ ਹੈ। ਇਨ੍ਹਾਂ ਮੇਲਿਆਂ 'ਚ ਵਿਗਿਆਨੀਆਂ ਵੱਲੋਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਂਦੇ ਹਨ। ਆਮ ਕਿਸਾਨ ਇਨ੍ਹਾਂ ਮੇਲਿਆਂ 'ਚ ਮਿਆਰੀ ਬੀਜ ਖਰੀਦਦੇ ਹਨ। ਝੋਨਾ ਸਾਉਣੀ ਦੀ ਮੁੱਖ ਫ਼ਸਲ ਹੈ। ਕਿਸਾਨ ਇਸ ਦੀਆਂ ਵੱਖੋ ਵੱਖ ਕਿਸਮਾਂ ਦੇ ਬੀਜ ਇਨ੍ਹਾਂ ਮੇਲਿਆਂ ਤੋਂ ਖਰੀਦਦੇ ਹਨ। ਇਨ੍ਹਾਂ ਮੇਲਿਆਂ ਤੋਂ ਖਰੀਦੇ ਬੀਜਾਂ ਦੀ ਉੱਗਣ ਸ਼ਕਤੀ ਵਧੇਰੇ ਹੁੰਦੀ ਹੈ ਅਤੇ ਇਹ ਆਮ ਤੌਰ 'ਤੇ ਰੋਗ ਰਹਿਤ ਹੁੰਦੇ ਹਨ ਤੇ ਇਹ ਉਤਪਾਦਨ 'ਚ ਵਾਧਾ ਕਰਦੇ ਹਨ।

32 ਲੱਖ ਹੈਕਟੇਅਰ ਰਕਬੇ 'ਤੇ ਬੀਜਣ ਲਈ ਝੋਨੇ ਤੇ ਬਾਸਮਤੀ ਦੇ ਬੀਜ ਪ੍ਰਾਪਤੀ ਕਰਨ ਲਈ ਕਿਸਾਨ ਵਿਸ਼ੇਸ਼ ਤੌਰ 'ਤੇ ਕਾਹਲੇ ਹਨ। ਝੋਨੇ ਦੀ ਫ਼ਸਲ ਹੋਰ ਫ਼ਸਲਾਂ ਦੇ ਮੁਕਾਬਲੇ ਵਧੇਰੇ ਮੁਨਾਫ਼ਾ ਦੇਣ ਕਾਰਨ ਇਸ ਨੂੰ ਕਿਸਾਨ ਛੱਡ ਨਹੀਂ ਰਹੇ। ਸਰਕਾਰਾਂ ਵਲੋਂ ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਹਰ ਸਾਲ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਇਹ ਵਧਦਾ ਜਾ ਰਿਹਾ ਹੈ। ਬਾਸਮਤੀ ਦੀ ਕਾਸ਼ਤ ਹੇਠ ਕੁਝ ਰਕਬਾ ਪਿਛਲੇ ਸਾਲਾਂ 'ਚ ਜ਼ਰੂਰ ਆਇਆ ਹੈ, ਜਿਸ ਨਾਲ ਪਾਣੀ ਦੀ ਕੁਝ ਬੱਚਤ ਹੋਈ ਹੈ, ਕਿਉਂਕਿ ਬਾਸਮਤੀ ਦੀਆਂ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਪੂਸਾ ਬਾਸਮਤੀ 1509 ਵਰਗੀਆਂ ਕਿਸਮਾਂ ਕਈ ਵਾਰ ਬਾਰਿਸ਼ ਦੇ ਪਾਣੀ ਨਾਲ ਹੀ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਫੇਰ ਝੋਨੇ ਦੀ ਸਰਕਾਰੀ ਖਰੀਦ ਅਤੇ ਐਮ.ਐਸ.ਪੀ. ਹੋਣ ਕਾਰਨ ਇਸ ਦੇ ਮੰਡੀਕਰਨ 'ਚ ਵੀ ਬਹੁਤੀ ਮੁਸ਼ਕਿਲ ਨਹੀਂ ਆਉਂਦੀ। ਖੇਤੀ ਪ੍ਰਸਾਰ ਸੇਵਾ ਵੱਲੋਂ ਪਿੰਡਾਂ 'ਚ ਨਵੀਂ ਖੋਜ 'ਤੇ ਆਧਾਰਿਤ ਤਕਨੀਕਾਂ ਵਿਸ਼ੇਸ਼ ਕਰਕੇ ਛੋਟੇ ਤੇ ਸੀਮਾਂਤ ਕਿਸਾਨਾਂ ਤੱਕ ਪਹੁੰਚਾਉਣ ਲਈ ਮਾਹਿਰ ਅਮਲੇ ਦੀ ਕਮੀ ਹੈ। ਕਿਸਾਨ ਮੇਲੇ ਤੇ ਕੈਂਪ ਹੀ ਇਸ ਕਮੀ ਨੂੰ ਪੂਰਾ ਕਰਦੇ ਹਨ। ਵਿਗਿਆਨੀਆਂ ਤੇ ਖੋਜ ਸੰਸਥਾਵਾਂ ਨੇ ਇਨ੍ਹਾਂ ਕਿਸਾਨ ਮੇਲਿਆਂ ਤੇ ਕੈਂਪਾਂ ਨੂੰ ਨਵੀਂ ਤਕਨਾਲੋਜੀ ਤੇ ਬੀਜ ਕਿਸਾਨਾਂ ਤੱਕ ਪਹੁੰਚਾਉਣ ਲਈ ਆਧਾਰ ਬਣਾਇਆ ਹੈ। ਪ੍ਰਬੰਧਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਮੇਲਿਆਂ ਤੇ ਕੈਂਪਾਂ ਨੂੰ ਰਾਜਨੀਤੀ ਤੇ ਵਪਾਰ ਦਾ ਕੇਂਦਰ ਨਾ ਬਣਨ ਦੇਣ। ਕਿਸਾਨਾਂ ਨੂੰ ਵੀ ਇਨ੍ਹਾਂ ਮੇਲਿਆ ਦੁਆਰਾ ਵਿਗਿਆਨੀਆਂ ਵਲੋਂ ਝੋਨੇ, ਬਾਸਮਤੀ ਦੀਆਂ ਕਿਸਮਾਂ ਦੀ ਚੋਣ ਸੰਬੰਧੀ ਸਿਫ਼ਾਰਸ਼ਾਂ ਮੰਨਣੀਆਂ ਚਾਹੀਦੀਆਂ ਹਨ ਅਤੇ ਪ੍ਰਮਾਣਿਤ ਸੰਸਥਾਵਾਂ ਦੇ ਵਿਕਰੇਤਾਵਾਂ ਅਤੇ ਖੇਤੀ ਯੂਨੀਵਰਸਿਟੀਆਂ ਵੱਲੋਂ ਵਿਕਸਤ ਕਿਸਮਾਂ ਦੇ ਬੀਜ ਹੀ ਖਰੀਦਣੇ ਚਾਹੀਦੇ ਹਨ।

ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਧੁਰਾ ਹੈ। ਕੇਂਦਰੀ ਅੰਨ ਭੰਡਾਰ 'ਚ ਇਹ 40 ਫ਼ੀਸਦੀ ਤੱਕ ਕਣਕ ਤੇ 31 32 ਫ਼ੀਸਦੀ ਤੱਕ ਚੌਲਾਂ ਦਾ ਯੋਗਦਾਨ ਪਾਉਂਦਾ ਹੈ। ਰਾਜ ਦੇ ਸਾਰੇ ਖੇਤਰਾਂ ਨਾਲੋਂ ਵੱਧ ਜਨਸੰਖਿਆ ਨੂੰ ਰੁਜ਼ਗਾਰ ਮੁਹੱਈਆ ਕਰਦਾ ਹੈ, ਜਦਕਿ ਇਸ ਦਾ ਰਕਬਾ ਭਾਰਤ ਦੀ ਕੁੱਲ ਜ਼ਮੀਨ ਦਾ 3 ਫ਼ੀਸਦੀ ਹੈ। ਇਨ੍ਹਾਂ ਕਿਸਾਨ ਮੇਲਿਆਂ 'ਚ ਵਿਗਿਆਨੀ ਪਾਣੀ ਦੀ ਬੱਚਤ ਦਾ ਪਹਿਲੂ ਧਿਆਨ 'ਚ ਰੱਖਦੇ ਹੋਏ ਕਿਸਾਨਾਂ ਨੂੰ ਝੋਨੇ ਤੇ ਬਾਸਮਤੀ ਸੰਬੰਧੀ ਯੋਗ ਕਿਸਮਾਂ ਤੇ ਤਕਨਾਲੋਜੀ ਨੂੰ ਅਪਣਾ ਕੇ ਵੱਧ ਤੋਂ ਵੱਧ ਝਾੜ ਪ੍ਰਾਪਤ ਕਰਨ ਦੇ ਯੋਗ ਬਣਾਉਣ ਤਾਂ ਜੋ ਉਨ੍ਹਾਂ ਦੀ ਆਮਦਨ 'ਚ ਵਾਧਾ ਹੋਵੇ ਅਤੇ ਕਿਸਾਨ ਮੇਲਿਆਂ 'ਤੇ ਕੀਤਾ ਜਾ ਰਿਹਾ ਖ਼ਰਚ ਅਤੇ ਵਿਗਿਆਨੀਆਂ ਵੱਲੋਂ ਖੋਜ ਤੇ ਖ਼ਰਚ ਕੀਤਾ ਜਾ ਰਿਹਾ ਸਮਾਂ ਕਿਸਾਨਾਂ ਨੂੰ ਫ਼ਾਇਦਾ ਪਹੁੰਚਾ ਸਕੇ।

# ਮੁ.ਫਤ ਤੋਹ.ਫੇ, ਰੁਜ਼ਗਾਰ ਅਤੇ ਖ਼ਰੀਦ ਸ਼ਕਤੀ ਲਈ ਨੁਕਸਾਨਦਾਇਕ



**ਡਾ. ਐਸ. ਐਸ. ਛੀਨਾ**



ਸਰਕਾਰ ਜਾਂ ਰਾਜ ਇੱਕ ਸਮਾਜਿਕ ਸਮਝੌਤਾ ਹੈ, ਜਿਸ 'ਚ ਲੋਕ ਭਲਾਈ ਸਭ ਤੋਂ ਵੱਡਾ ਉਦੇਸ਼ ਹੈ। ਲੋਕ ਭਲਾਈ ਆਰਥਿਕ ਅਤੇ ਸਮਾਜਿਕ ਬਰਾਬਰੀ 'ਤੇ ਆਧਾਰਿਤ ਹੈ। ਜਦੋਂ ਤੋਂ ਚੋਣ ਪ੍ਰਕਿਰਿਆ ਸ਼ੁਰੂ ਹੋਈ ਹੈ, ਉਦੋਂ ਤੋਂ ਹੀ ਕਈ ਆਰਥਿਕ ਰਿਆਇਤਾਂ ਤੇ ਵਾਅਦੇ ਕੀਤੇ ਜਾਂਦੇ ਰਹੇ ਹਨ। ਪਰ ਪਿਛਲੇ ਸਮਿਆਂ ਤੋਂ ਸਿੱਧੇ ਲਾਭ ਜਿਵੇਂ ਮੁਫ਼ਤ ਬਿਜਲੀ, ਔਰਤਾਂ ਲਈ ਮੁਫ਼ਤ ਬੱਸ ਸਫ਼ਰ ਤੇ ਭੱਤੇ ਆਦਿ ਐਲਾਨਾਂ ਕਰਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਿਹੜੇ ਵਰਗ ਆਰਥਿਕ ਤੌਰ 'ਤੇ ਕਮਜ਼ੋਰ ਹਨ, ਉਹ ਇਨ੍ਹਾਂ ਸਹੂਲਤਾਂ ਨਾਲ ਉਪਰਲੇ ਵਰਗ ਦੇ ਬਰਾਬਰ ਹੋ ਜਾਣਗੇ, ਜਦਕਿ ਇਹ ਮੁਫ਼ਤ ਦੇ ਗੱਫਿਆਂ ਦੀ ਕੀਮਤ ਵੀ ਉਨ੍ਹਾਂ ਹੀ ਲੋਕਾਂ ਨੂੰ ਟੈਕਸ ਦੇ ਕੇ ਜਾਂ ਉਨ੍ਹਾਂ ਦੀ ਭਲਾਈ ਲਈ ਲੋੜੀਂਦੀ ਵਿਵਸਥਾ ਨੂੰ ਘਟਾ ਕੇ ਹੀ ਅਦਾ ਕਰਨੀ ਪੈਂਦੀ ਹੈ। ਭਾਰਤੀ ਸੰਵਿਧਾਨ 'ਚ ਸਮਾਜਵਾਦ ਦੀ ਸਥਾਪਨਾ ਦੀ ਗੱਲ ਕੀਤੀ ਗਈ ਹੈ, ਜਿਸ ਦਾ ਅਰਥ ਹੀ ਆਰਥਿਕ ਤੇ ਸਮਾਜਿਕ ਬਰਾਬਰੀ ਹੈ। ਪਰ ਉਸ ਸੰਬੰਧੀ ਕਦੇ ਵੀ ਕਿਸੇ ਰਾਜਨੀਤਕ ਪਾਰਟੀ ਨੇ ਏਜੰਡਾ ਨਹੀਂ ਅਪਣਾਇਆ, ਨਾ ਹੀ ਕਦੇ ਚੋਣ ਮਨੋਰਥ ਪੱਤਰ ਵਿੱਚ ਰੱਖਿਆ।

ਲੋਕਤੰਤਰ ਦੁਨੀਆ ਵਿੱਚ ਰਾਜਤੰਤਰ ਦੀ ਸਭ ਤੋਂ ਉੱਤਮ ਪ੍ਰਣਾਲੀ ਹੈ ਪਰ ਇਸ ਲਈ ਮੁਢਲੀਆਂ ਦੋ ਸ਼ਰਤਾਂ ਖੁਸ਼ਹਾਲੀ ਅਤੇ ਪੜ੍ਹਾਈ ਤੋਂ ਬਗੈਰ ਯੋਗ ਸਿੱਟੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਹ ਦੋਵੇਂ ਸ਼ਰਤਾਂ ਦਾ ਆਧਾਰ ਹੀ ਆਰਥਿਕ ਬਰਾਬਰੀ ਹੈ। ਜੇ ਆਰਥਿਕ ਬਰਾਬਰੀ ਨਹੀਂ, ਤਾਂ ਨਾ ਖੁਸ਼ਹਾਲੀ ਹੋ ਸਕਦੀ ਹੈ ਤੇ ਨਾ ਹੀ 100 ਫ਼ੀਸਦੀ ਸਾਖ਼ਰਤਾ। ਅਸਲ ਵਿੱਚ ਦੁਨੀਆ ਦਾ ਕੋਈ ਵੀ ਅਜਿਹਾ ਵਿਕਸਿਤ ਦੇਸ਼ ਨਹੀਂ, ਜਿੱਥੇ ਆਰਥਿਕ ਬਰਾਬਰੀ ਨਾ ਹੋਵੇ ਜਾਂ ਜਿੱਥੇ ਆਰਥਿਕ ਬਰਾਬਰੀ ਹੋਵੇ ਤੇ ਉਹ ਖੁਸ਼ਹਾਲ ਦੇਸ਼ ਨਾ ਹੋਵੇ। ਭਾਰਤ ਦਾ ਕੁੱਲ ਘਰੇਲੂ ਉਤਪਾਦਨ ਹਰ ਸਾਲ ਵਧ ਰਿਹਾ ਹੈ ਤੇ ਪ੍ਰਤੀ ਵਿਅਕਤੀ ਆਮਦਨ 'ਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਗਰੀਬੀ ਵੀ ਉਸ ਤਰ੍ਹਾਂ ਹੀ ਵਧ ਰਹੀ ਹੈ। ਬੇਰੁਜ਼ਗਾਰੀ ਪਿਛਲੇ 50 ਸਾਲਾਂ 'ਚ ਸਭ ਤੋਂ ਵੱਧ ਹੈ।

ਅਸਲ ਵਿੱਚ ਪ੍ਰਤੀ ਵਿਅਕਤੀ ਆਮਦਨ ਜਾਂ ਔਸਤ ਆਮਦਨ ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਮਾਪ ਨਹੀਂ, ਕਿਉਂਕਿ ਕਿਸੇ ਇਕ ਵਿਅਕਤੀ ਦੀ ਸਾਲਾਨਾ ਆਮਦਨ ਕਰੋੜਾਂ 'ਚ ਹੁੰਦੀ ਹੈ ਪਰ ਦੂਜੇ ਪਾਸੇ ਹਜ਼ਾਰਾਂ ਵਿਅਕਤੀਆਂ ਦੀ ਆਮਦਨ ਕੁਝ ਕੁ ਹਜ਼ਾਰ ਹੁੰਦੀ ਹੈ। ਭਾਰਤ ਦੀ ਪ੍ਰਤੀ ਵਿਅਕਤੀ ਆਮਦਨ 1 ਲੱਖ 72 ਹਜ਼ਾਰ ਰੁਪਏ ਸਾਲਾਨਾ ਹੈ ਪਰ ਗਰੀਬੀ ਦੀ ਪ੍ਰੀਭਾਸ਼ਾ ਅਨੁਸਾਰ ਦੇਸ਼ ਦੇ 22 ਫ਼ੀਸਦੀ ਲੋਕ ਜੋ ਗਰੀਬੀ ਰੇਖਾ ਤੋਂ ਹੇਠਾਂ ਹਨ, ਉਨ੍ਹਾਂ ਲਈ ਦੋ ਵਕਤ ਦੀ ਰੋਟੀ ਹਾਸਿਲ ਕਰਨਾ ਵੀ ਵੱਡੀ ਪ੍ਰਾਪਤੀ ਹੈ। ਭਾਰਤ ਜਿੱਥੇ ਦੁਨੀਆ ਦੀ ਸਭ ਤੋਂ ਵੱਧ ਵਸੋਂ ਰਹਿੰਦੀ ਹੈ, ਵਿੱਚ ਸਭ ਤੋਂ ਵੱਡੀ ਧਨ ਤੇ ਆਮਦਨ ਦੀ ਨਾ ਬਰਾਬਰੀ ਹੈ। ਇੱਥੇ ਸਭ ਤੋਂ ਵੱਧ ਗਰੀਬਾਂ ਦੀ ਗਿਣਤੀ ਹੈ, ਸਭ ਤੋਂ ਵੱਧ ਬਾਲ ਮਜ਼ਦੂਰ ਹਨ ਤੇ ਸਭ ਤੋਂ ਵੱਧ ਬੇਰੁਜ਼ਗਾਰਾਂ ਦੀ ਗਿਣਤੀ ਹੈ।

ਇਕ ਰਿਪੋਰਟ ਅਨੁਸਾਰ 2020 ਤੋਂ 2024 'ਚ ਭਾਰਤ ਦੇ ਇੱਕ ਫ਼ੀਸਦੀ ਲੋਕਾਂ ਕੋਲ ਦੇਸ਼ ਦਾ 62 ਫ਼ੀਸਦੀ ਧਨ ਸੀ, ਜਦਕਿ ਹੇਠਲੇ ਵਰਗ ਦੇ 50 ਫ਼ੀਸਦੀ ਲੋਕਾਂ ਕੋਲ ਸਿਰਫ 6.4 ਫ਼ੀਸਦੀ ਧਨ ਸੀ। ਦੇਸ਼ ਦੀ ਕੁੱਲ ਆਮਦਨ 'ਚੋਂ ਉਪਰਲੇ ਇੱਕ ਫ਼ੀਸਦੀ ਲੋਕਾਂ ਕੋਲ ਕੁੱਲ ਆਮਦਨ 58 ਫ਼ੀਸਦੀ ਸੀ, ਜਦਕਿ ਹੇਠਲੇ 50 ਫ਼ੀਸਦੀ ਦੇ ਹਿੱਸੇ ਸਿਰਫ 15.7 ਫ਼ੀਸਦੀ ਆਮਦਨ ਆਉਂਦੀ ਸੀ। 41.32 ਫ਼ੀਸਦੀ ਲੋਕਾਂ ਕੋਲ ਢੁਕਵੀਂ ਰਿਹਾਇਸ਼ ਨਹੀਂ ਤੇ 31.52 ਫ਼ੀਸਦੀ ਕੋਲ ਸੰਤੁਲਿਤ ਭੋਜਨ ਨਹੀਂ। 2022 'ਚ ਭਾਰਤ ਦੇ ਸ਼ਹਿਰਾਂ ਦੀ ਕੁੱਲ ਘਰੇਲੂ ਆਮਦਨ ਵਿੱਚ 67 ਫ਼ੀਸਦੀ ਹਿੱਸਾ ਸੀ, ਜਦਕਿ ਪੇਂਡੂ ਖੇਤਰ ਵਿੱਚ ਭਾਵੇਂ 68 ਫ਼ੀਸਦੀ ਵਸੋਂ ਰਹਿੰਦੀ ਹੈ, ਉਨ੍ਹਾਂ ਦਾ ਹਿੱਸਾ ਸਿਰਫ਼ 33 ਫ਼ੀਸਦੀ ਹੈ। ਖੇਤੀ ਭਾਵੇਂ ਦੇਸ਼ ਦਾ ਮੁੱਖ ਪੇਸ਼ਾ ਹੈ ਪਰ ਖੇਤੀ ਤੇ ਗ਼ੈਰ-ਖੇਤੀ ਆਮਦਨ 'ਚ ਵੱਡਾ ਫ਼ਰਕ ਹੈ। ਖੇਤੀ 'ਚ 55 ਫ਼ੀਸਦੀ ਤੋਂ ਉੱਪਰ ਲੱਗੀ ਵਸੋਂ ਦਾ ਦੇਸ਼ ਦੀ ਕੁੱਲ ਆਮਦਨ 'ਚ ਸਿਰਫ਼ 14 ਫ਼ੀਸਦੀ ਹਿੱਸਾ ਹੈ, ਜਦਕਿ 45 ਫ਼ੀਸਦੀ ਗ਼ੈਰ-ਖੇਤੀ ਵਸੋਂ ਦੇ ਹਿੱਸੇ 84 ਫ਼ੀਸਦੀ ਜਾਂ 6 ਗੁਣਾ ਵੱਧ ਆਮਦਨ ਆਉਂਦੀ ਹੈ। ਇਸ ਦਾ ਕਾਰਨ ਖੇਤੀ 'ਚ ਅਰਧ ਬੇਰੁਜ਼ਗਾਰੀ ਹੈ। ਇਹ ਅਰਧ ਬੇਰੁਜ਼ਗਾਰੀ ਪ੍ਰਤੀ ਵਿਅਕਤੀ ਭੂਮੀ ਦੀ ਔਸਤ ਘਟਣ ਕਰਕੇ ਹੋਰ ਘਟ ਰਹੀ ਹੈ।

1917 'ਚ ਰੂਸ ਵਿੱਚ ਹੋਈ ਰਾਜਨੀਤਕ ਤਬਦੀਲੀ, ਜਿਸ 'ਚ ਆਮਦਨ ਬਰਾਬਰੀ ਨੂੰ ਆਧਾਰ ਬਣਾਇਆ ਗਿਆ ਸੀ, ਤੋਂ ਪ੍ਰਾਪਤ ਹੋਏ ਵਿਕਾਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਰੂਸ ਦੁਨੀਆ ਦਾ ਵਿਸ਼ਾਲ ਦੇਸ਼ ਹੈ ਪਰ ਉਹ ਆਪਣੀਆਂ ਖ਼ੁਰਾਕੀ ਲੋੜਾਂ ਪੂਰੀਆਂ ਕਰਨ ਯੋਗ ਨਹੀਂ ਸੀ। ਇਸ ਦਾ ਕਾਰਨ ਭੂਮੀ ਵਿੱਚ ਜ਼ਿਮੀਦਾਰੀ ਪ੍ਰਣਾਲੀ ਕਰਕੇ ਧਨ ਦੀ ਵੱਡੀ ਨਾ ਬਰਾਬਰੀ ਸੀ। ਕਿਰਤੀ ਤੇ ਖੇਤੀ ਕਰਨ ਵਾਲੇ ਮੁਜ਼ਾਰੇ ਆਪਣੀ ਖ਼ੁਰਾਕ ਲਈ ਵੀ ਸਵੈ-ਨਿਰਭਰ ਨਹੀਂ ਸਨ। 1917 'ਚ ਆਈ ਤਬਦੀਲੀ ਨੇ ਦੁਨੀਆ ਭਰ 'ਚ ਆਮਦਨ ਬਰਾਬਰੀ ਦੇ ਪੱਖ ਵਿੱਚ ਰਾਇ ਪੈਦਾ ਕੀਤੀ। ਪਰ ਪੱਛਮੀ ਦੇਸ਼ਾਂ ਨੇ ਕਿਸੇ ਰਾਜਨੀਤਕ ਤਬਦੀਲੀ ਤੋਂ ਬਗੈਰ ਹੀ ਆਮਦਨ ਬਰਾਬਰੀ ਨੂੰ ਉਦੇਸ਼ ਬਣਾ ਕੇ ਆਮਦਨ ਬਰਾਬਰੀ ਪੈਦਾ ਕਰ ਲਈ, ਜੋ ਉਨ੍ਹਾਂ ਦੇ ਵਿਕਾਸ ਦਾ ਆਧਾਰ ਬਣੀ। ਅਸਲ 'ਚ ਗ਼ੈਰ-ਬਰਾਬਰ ਆਮਦਨ ਵਾਲੇ ਸਮਾਜ ਦਾ ਵਿਕਾਸ ਲਗਾਤਾਰ ਚੱਲਣ ਵਾਲਾ ਵਿਕਾਸ ਹੋ ਹੀ ਨਹੀਂ ਸਕਦਾ। ਅਮੀਰ ਲੋਕਾਂ ਦੀ ਬਹੁਤੀ ਆਮਦਨ ਜਮ੍ਹਾਂ ਰਹਿੰਦੀ ਹੈ ਤੇ ਜਦੋਂ ਇਹ ਖ਼ਰਚੀ ਨਹੀਂ ਜਾਂਦੀ ਤਾਂ ਕਿਸੇ ਹੋਰ ਦੀ ਆਮਦਨ ਬਣ ਨਹੀਂ ਸਕਦੀ। ਸਾਰੀ ਆਮਦਨ ਖ਼ਰਚ ਹੋਵੇ ਤਾਂ ਵਸਤੂਆਂ ਤੇ ਸੇਵਾਵਾਂ ਦੀ ਮੰਗ ਵਧਦੀ ਹੈ, ਜਿਸ ਨਾਲ ਉਨ੍ਹਾਂ ਵਸਤੂਆਂ ਨੂੰ ਪੈਦਾ ਕਰਨ ਦੀ ਉਤੇਜਨਾ ਹੁੰਦੀ ਹੈ ਤੇ ਉਨ੍ਹਾਂ ਲਈ ਨਿਵੇਸ਼ ਹੁੰਦਾ ਹੈ, ਜਿਸ ਨਾਲ ਰੁਜ਼ਗਾਰ ਪੈਦਾ ਹੁੰਦਾ ਹੈ।

ਪੱਛਮੀ ਦੇਸ਼ਾਂ ਨੇ ਭਾਵੇਂ ਸਮਾਜਵਾਦ ਪ੍ਰਣਾਲੀ ਤਾਂ ਨਹੀਂ ਅਪਣਾਈ ਪਰ ਜਿਨ੍ਹਾਂ ਲੋਕਾਂ ਦੀ ਵੱਧ ਆਮਦਨ ਸੀ, ਸਰਕਾਰ ਨੇ ਉਨ੍ਹਾਂ 'ਤੇ ਵੱਡੇ ਟੈਕਸ ਲਾ ਕੇ ਉਸ ਆਮਦਨ ਨੂੰ ਲੋਕ ਭਲਾਈ ਸਕੀਮਾਂ ਜਾਂ ਨਿਵੇਸ਼ 'ਤੇ ਖ਼ਰਚ ਕੀਤਾ। ਇਸ ਨਾਲ ਵਸਤੂਆਂ ਤੇ ਸੇਵਾਵਾਂ ਦੀ ਮੰਗ ਲਗਾਤਾਰ ਬਣੀ ਰਹੀ ਤੇ ਰੁਜ਼ਗਾਰ ਲਗਾਤਾਰ ਚਲਦਾ ਰਿਹਾ, ਜੋ ਨਾ ਬਰਾਬਰ ਆਮਦਨ ਵਾਲੇ ਸਮਾਜ ਵਿਚ ਸੰਭਵ ਨਹੀਂ ਹੈ। ਜਦੋਂ ਵੋਟਾਂ ਦੀ ਪ੍ਰਾਪਤੀ ਲਈ ਮੁਫ਼ਤ ਤੋਹਫ਼ਿਆਂ ਦੇ ਵਾਅਦੇ ਕੀਤੇ ਜਾਂਦੇ ਹਨ ਤਾਂ ਜਨਤਕ ਵਿੱਤ 'ਤੇ ਭਾਰ ਪੈਂਦਾ ਹੈ। ਇਸ ਨਾਲ ਫ਼ਜ਼ੂਲ ਖ਼ਰਚੀ ਹੁੰਦੀ ਹੈ ਤੇ ਸਮਾਜ ਭਲਾਈ ਦੀਆਂ ਸਕੀਮਾਂ ਨੂੰ ਵਧਾਉਣ 'ਚ ਵੱਡੀ ਰੁਕਾਵਟ ਆਉਂਦੀ ਹੈ।

ਭਾਰਤ ਵਿੱਚ ਅਰਥਸ਼ਾਸਤਰ ਦੇ ਇਕੋ-ਇੱਕ 'ਨੋਬਲ ਪੁਰਸਕਾਰ' ਜੇਤੂ ਡਾ. ਅੰਮ੍ਰਿਤਾ ਸੈਨ ਦੇ ਉਸ ਦੀ ਖੋਜ ਦੇ ਸਿੱਟੇ ਦਾ ਜ਼ਿਕਰ ਵੀ ਇਥੇ ਜ਼ਰੂਰੀ ਹੈ, ਜਿਸ ਨੇ ਦੁਨੀਆ ਦੇ ਉਨ੍ਹਾਂ 26 ਦੇਸ਼ਾਂ 'ਚ ਪਏ ਕਾਲ ਦਾ ਅਧਿਐਨ ਕਰਕੇ ਇਹ ਸਿੱਟਾ ਕੱਢਿਆ ਸੀ ਕਿ ਜਦੋਂ ਵੀ ਵੱਖ-ਵੱਖ ਦੇਸ਼ਾਂ 'ਚ ਕਾਲ ਪਿਆ ਤੇ ਅਨਾਜ ਦੀ ਥੁੜ੍ਹ ਕਰਕੇ ਮੌਤਾਂ ਹੋਈਆਂ ਤਾਂ ਉਹ ਅਨਾਜ ਦੀ ਘਾਟ ਕਰਕੇ ਨਹੀਂ, ਸਗੋਂ ਅਨਾਜ ਨੂੰ ਖ਼ਰੀਦਣ ਲਈ ਖ਼ਰੀਦ ਸ਼ਕਤੀ ਜਾਂ ਪੈਸੇ ਦੀ ਘਾਟ ਕਰਕੇ ਹੋਈਆਂ। ਉਹ ਦੱਸਦਾ ਹੈ ਕਿ 1942 'ਚ ਜਦੋਂ ਉਹ ਬੱਚਾ ਸੀ ਤਾਂ ਬੰਗਾਲ ਵਿੱਚ ਕਾਲ ਪੈ ਗਿਆ, ਜਿਸ ਕਾਰਨ ਰੋਜ਼ਾਨਾ ਹਜ਼ਾਰਾਂ ਲੋਕ ਮਰਨ ਲੱਗੇ। ਪਰ ਉਹ ਆਪਣੇ ਘਰ ਦੀ ਛੱਤ ਤੋਂ ਵੇਖਦਾ ਸੀ ਕਿ ਪਿਛਲੇ ਪਾਸੇ ਗੁਦਾਮ 'ਚ ਸੈਂਕੜੇ ਬੋਰੀਆਂ ਕਣਕ ਪਈ ਸੀ। ਇਹ ਗੱਲ ਉਸ ਦੇ ਮਨ 'ਚ ਬੈਠ ਗਈ ਕਿ ਕਾਲ ਦੀ ਸਥਿਤੀ ਦਾ ਅਮੀਰ ਲੋਕਾਂ 'ਤੇ ਪ੍ਰਭਾਵ ਕਿਉਂ ਨਹੀਂ ਪੈਂਦਾ ?

ਖੁਸ਼ਹਾਲੀ ਤੇ ਆਮਦਨ ਬਰਾਬਰੀ ਦਾ ਸਭ ਤੋਂ ਠੋਸ ਆਧਾਰ ਹੈ ਰੁਜ਼ਗਾਰ। ਇਹ ਰੁਜ਼ਗਾਰ ਪੈਦਾ ਕਰਨ ਲਈ ਵਸਤੂਆਂ ਤੇ ਸੇਵਾਵਾਂ ਦੀ ਮੰਗ 'ਚ ਵਾਧਾ ਹੋਣਾ ਚਾਹੀਦਾ ਹੈ, ਜਿਸ ਲਈ ਖ਼ਰੀਦ ਸ਼ਕਤੀ ਹੋਵੇ। ਵਿਕਸਿਤ ਦੇਸ਼ 'ਚ ਜਦੋਂ ਬੇਰੁਜ਼ਗਾਰੀ ਫੈਲਦੀ ਹੈ ਤਾਂ ਬੇਰੁਜ਼ਗਾਰਾਂ ਨੂੰ ਭੱਤਾ ਦਿੱਤਾ ਜਾਂਦਾ ਹੈ ਤਾਂ ਕਿ ਉਨ੍ਹਾਂ ਦੀ ਖ਼ਰੀਦ ਸ਼ਕਤੀ ਬਣੀ ਰਹੇ ਤੇ ਉਨ੍ਹਾਂ ਵੱਲੋਂ ਵਸਤੂਆਂ ਤੇ ਸੇਵਾਵਾਂ ਦੀ ਮੰਗ ਲਗਾਤਾਰ ਕੀਤੀ ਜਾਵੇ। ਖ਼ਰੀਦ ਸ਼ਕਤੀ ਦਾ ਬਣੇ ਰਹਿਣਾ ਹੀ ਲਗਾਤਾਰ ਵਿਕਾਸ ਦਾ ਆਧਾਰ ਹੈ। ਰਾਜਨੀਤਕ ਪਾਰਟੀਆਂ ਦੇ ਏਜੰਡੇ 'ਚ ਖ਼ਰੀਦ ਸ਼ਕਤੀ ਨੂੰ ਸਥਾਈ ਕਰਨ ਲਈ ਕੋਸ਼ਿਸ਼ਾਂ ਕਰਨੀਆਂ ਸ਼ਾਮਿਲ ਹੋਣੀਆਂ ਚਾਹੀਦੀਆਂ ਹਨ। ਆਮਦਨ ਬਰਾਬਰੀ ਸਮੁੱਚੇ ਦੇਸ਼ ਦਾ ਏਜੰਡਾ ਹੋਣਾ ਚਾਹੀਦਾ ਹੈ। ਇਹ ਇਕੱਲਾ ਪ੍ਰਾਂਤਾਂ ਦਾ ਏਜੰਡਾ ਨਹੀਂ ਬਣ ਸਕਦਾ ਪਰ ਪ੍ਰਾਂਤਾਂ ਵੱਲੋਂ ਮੁਫ਼ਤ ਤੋਹ.ਫ਼ੇ ਦੇਣਾ ਉਨ੍ਹਾਂ ਪ੍ਰਾਂਤਾਂ ਦੇ ਜਨਤਕ ਖ਼ਰਚ ਵਿੱਚ ਵਾਧਾ ਕਰਦਾ ਹੈ, ਜਿਸ ਨੂੰ ਉਹ ਲਗਾਤਾਰ ਵਧ ਰਹੇ ਕਰਜ਼ੇ ਰਾਹੀਂ ਪੂਰਾ ਕਰਦੇ ਹਨ। ਇਸ ਤਰ੍ਹਾਂ ਦੇ ਮੁਫ਼ਤ ਤੋਹ.ਫ਼ੇ ਦੇਣ ਵੇਲੇ ਇਹ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਕੀ ਇਸ ਨਾਲ ਰੁਜ਼ਗਾਰ ਜਾਂ ਖ਼ਰੀਦ ਸ਼ਕਤੀ ਵਧੇਗੀ ਜਾਂ ਨਹੀਂ ?



# ਵੀਜ਼ਾ ਟਿਕਟ ਦੇ ਪਿੱਛੇ ਲੁੱਕਿਆ ਗੱਭਰੂਆਂ ਤੇ ਮੁਟਿਆਰਾਂ ਦਾ ਦਰਦ

## ਐਨ.ਆਰ.ਆਈ. ਲਾੜੇ ਤੇ ਆਈਲੈਟਸ ਪਾਸ ਲਾੜੀ ਦਾ ਪੱਲਾ ਫੜ੍ਹ ਕੇ ਵਿਦੇਸ਼ ਜਾਣ ਦਾ ਵਧਿਆ ਰੁਝਾਨ

## ਨਸ਼ੇੜੀ ਨੌਜਵਾਨਾਂ ਨੂੰ ਸੁਧਾਰਨ ਲਈ ਮਾਪੇ ਖੇਡਦੇ ਨੇ ਬੇਗਾਨੀਆਂ ਧੀਆਂ ਦੀ ਜ਼ਿੰਦਗੀ 'ਤੇ ਜੂਆ




ਜਗਮੋਹਨ ਸਿੰਘ 'ਲੱਕੀ'
9463819174

**ਜਿਹੜੇ ਐਨ.ਆਰ.ਆਈ. ਪੰਜਾਬੀ ਨੌਜਵਾਨ ਅਤੇ ਆਈਲੈਟਸ ਪਾਸ ਕੁੜੀਆਂ ਆਪਣੇ ਜੀਵਨ ਸਾਥੀ ਤੇ ਪਰਿਵਾਰਕ ਮੈਂਬਰਾਂ ਨੂੰ ਵਿਦੇਸ਼ ਬੁਲਾਉਂਦੇ ਹਨ, ਉਹ ਦੂਜਿਆਂ ਲਈ ਇੱਕ ਤਰ੍ਹਾਂ 'ਵੀਜ਼ਾ ਟਿਕਟ' ਹੀ ਬਣ ਕੇ ਰਹਿ ਜਾਂਦੇ ਹਨ। ਇਸੇ ਤਰ੍ਹਾਂ ਜਿਹੜੀਆਂ ਮੁਟਿਆਰਾਂ ਨਸ਼ੇੜੀ ਨੌਜਵਾਨਾਂ ਨਾਲ ਵਿਆਹੀਆਂ ਜਾਂਦੀਆਂ ਹਨ, ਉਹ ਫਿਰ 'ਵਾਸ਼ਿੰਗ ਮਸ਼ੀਨ' ਵਾਂਗ ਖੁਦ ਗੇੜੇ ਖਾਂਦੀਆਂ ਆਪਣੇ ਪਤੀ ਦੇ 'ਨਸ਼ੇ ਦੇ ਦਾਗ' ਧੋਣ ਜੋਗੀਆਂ ਹੀ ਰਹਿ ਜਾਂਦੀਆਂ ਹਨ।**

ਅੱਲ੍ਹੜ ਉਮਰ ਤੋਂ ਜਵਾਨੀ ਵਿੱਚ ਪੈਰ ਧਰਦਿਆਂ ਵੱਡੀ ਗਿਣਤੀ ਮੁੰਡੇ- ਕੁੜੀਆਂ ਆਪਣੇ ਭਵਿੱਖ ਸਬੰਧੀ ਹੁਸੀਣ ਸੁਪਨੇ ਵੇਖਦੇ ਹਨ ਅਤੇ ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੀਆਂ ਬੁਣਤੀਆਂ ਬੁਣਦੇ ਸਖ਼ਤ ਮਿਹਨਤ ਕਰਦੇ ਹਨ। ਪੰਜਾਬ 'ਚ ਭਾਵੇਂ ਸਰਕਾਰੀ ਨੌਕਰੀਆਂ ਪਿੱਛੇ ਭੱਜਣ ਵਾਲਿਆਂ ਦੀ ਵੀ ਕਾਫ਼ੀ ਗਿਣਤੀ ਹੈ, ਪਰ ਵੱਡੀ ਗਿਣਤੀ ਪੰਜਾਬੀ ਗੱਭਰੂ ਤੇ ਮੁਟਿਆਰਾਂ ਕਿਸੇ ਨਾ ਕਿਸੇ ਤਰੀਕੇ ਵਿਦੇਸ਼ ਜਾਣ ਲਈ ਕਾਹਲੇ ਪਏ ਹੋਏ ਹਨ। ਅਕਸਰ ਮਾਪਿਆਂ ਵੱਲੋਂ ਆਪਣੀਆਂ ਧੀਆਂ ਲਈ ਵਿਦੇਸ਼ ਰਹਿੰਦੇ ਐਨ.ਆਰ.ਆਈ ਵਰ ਟੋਲੇ ਜਾਂਦੇ ਹਨ, ਜਦੋਂ ਕਿ ਵੱਡੀ ਗਿਣਤੀ ਪੰਜਾਬੀ ਆਪਣੇ ਨੌਜਵਾਨ ਮੁੰਡਿਆਂ ਨੂੰ ਵਿਦੇਸ਼ ਭੇਜਣ ਲਈ ਆਈਲੈਟਸ ਪਾਸ ਕੁੜੀ ਨਾਲ ਉਸ ਦਾ ਵਿਆਹ ਕਰਵਾ ਦਿੰਦੇ ਹਨ। ਫਿਰ ਆਪਣੇ ਖ਼ਰਚੇ 'ਤੇ ਉਸ ਕੁੜੀ ਨੂੰ ਵਿਦੇਸ਼ ਭੇਜਦੇ ਹਨ ਤਾਂ ਕਿ ਵਿਦੇਸ਼ ਜਾ ਕੇ ਉਹ ਕੁੜੀ ਇਹਨਾਂ ਦੇ ਪੁੱਤਰ ਨੂੰ ਵਿਦੇਸ਼ ਆਪਣੇ ਕੋਲ ਬੁਲਾ ਸਕੇ। ਸ਼ੁਰੂ -ਸ਼ੁਰੂ ਵਿੱਚ ਅਜਿਹੇ ਕਈ ਰਿਸ਼ਤੇ ਸਫ਼ਲ ਵੀ ਹੋਏ ਅਤੇ ਇਹ ਵਿਆਹ ਹੋਰਨਾਂ ਲਈ ਪ੍ਰੇਰਨਾ ਸਰੋਤ ਬਣੇ ਪਰ ਬਾਅਦ ਵਿੱਚ ਕੁਝ ਚੁਸਤ ਚਲਾਕ ਲੋਕਾਂ ਨੇ ਆਈਲੈਟਸ ਪਾਸ ਆਪਣੀਆਂ ਧੀਆਂ ਨੂੰ ਅਮੀਰ ਤੇ ਮੱਧ ਵਰਗੀ ਪਰਿਵਾਰਾਂ ਦੇ ਮੁੰਡਿਆਂ ਨਾਲ ਵਿਆਹ ਕੇ ਵਿਦੇਸ਼ ਤਾਂ ਭੇਜ ਦਿੱਤਾ ਪਰ ਇਹ ਕੁੜੀਆਂ ਵਿਦੇਸ਼ ਜਾ ਕੇ ਆਪਣੇ ਪਤੀਆਂ ਨੂੰ ਵਿਦੇਸ਼ ਬੁਲਾਉਣ ਤੋਂ ਮੁੱਕਰਨ ਲੱਗੀਆਂ, ਜਿਸ ਕਾਰਨ ਪਹਿਲਾਂ ਪੰਚਾਇਤਾਂ, ਫੇਰ ਥਾਣੇ -ਕਚਹਿਰੀ ਅਤੇ ਫਿਰ ਤਲਾਕ ਤੱਕ ਗੱਲ ਪਹੁੰਚਣ ਲੱਗੀ। ਵੱਡੀ ਗਿਣਤੀ ਪੰਜਾਬੀ ਗੱਭਰੂ ਤੇ ਮੁਟਿਆਰਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਵਿਦੇਸ਼ ਭੇਜਣ ਲਈ ਇੱਕ ਤਰ੍ਹਾਂ 'ਵੀਜ਼ਾ ਟਿਕਟ' ਬਣੇ ਹੋਏ ਹਨ।



ਕਈ ਵਾਰ ਅਜਿਹਾ ਵੀ ਹੋਇਆ ਹੈ ਕਿ ਐਨ.ਆਰ.ਆਈ. ਲਾੜੇ ਪੰਜਾਬ ਦੀ ਕਿਸੇ ਸੋਹਣੀ ਕੁੜੀ ਨਾਲ ਵਿਆਹ ਤੋਂ ਬਾਅਦ ਵਿਦੇਸ਼ ਗਏ ਅਤੇ ਮੁੜ ਕੇ ਵਾਪਸ ਨਹੀਂ ਆਏ। ਜੇ ਨਵ-ਵਿਆਹੁਤਾ ਕੁੜੀ ਆਪਣੇ ਖਰਚੇ 'ਤੇ ਪਤੀ ਕੋਲ ਵਿਦੇਸ਼ ਪਹੁੰਚੀ ਤਾਂ ਉਦੋਂ ਉਹ ਏਅਰਪੋਰਟ 'ਤੇ ਖੜੀ ਹੀ ਰੋਣ ਲੱਗ ਪਈ ਜਦੋਂ ਉਸ ਨੇ ਵੇਖਿਆ ਕਿ ਉਸ ਦਾ ਪਤੀ ਆਪਣੀ ਵਿਦੇਸ਼ੀ ਪਤਨੀ ਨਾਲ ਉਸ ਨੂੰ ਲੈਣ ਆਇਆ ਹੋਇਆ ਹੈ। ਕਈ ਵਾਰ ਅਜਿਹਾ ਵੀ ਹੋਇਆ ਕਿ ਐਨ.ਆਰ.ਆਈ.ਲਾੜੇ ਨੇ ਪੰਜਾਬ ਰਹਿੰਦੀਆਂ ਆਪਣੀਆਂ ਨਵ-ਵਿਆਹੁਤਾ ਲਾੜੀਆਂ ਨੂੰ ਆਪਣੇ ਖ਼ਰਚੇ 'ਤੇ ਵਿਦੇਸ਼ ਬੁਲਾਇਆ ਪਰ ਇਹ ਲਾੜੀਆਂ ਵਿਦੇਸ਼ ਪਹੁੰਚ ਕੇ ਏਅਰਪੋਰਟ ਤੋਂ ਹੀ ਆਪਣੇ ਪੁਰਾਣੇ ਬੁਆਏ ਫਰੈਂਡ ਜਾਂ ਰਿਸ਼ਤੇਦਾਰਾਂ ਨਾਲ ਗਾਇਬ ਹੋ ਗਈਆਂ। ਹੁਣ ਵਿਦੇਸ਼ਾਂ ਦੇ ਕਾਨੂੰਨ ਸਖ਼ਤ ਹੋਣ ਕਾਰਨ ਕੁਝ ਵਿਆਹੁਤਾ ਕੁੜੀਆਂ ਕੁਝ ਚਿਰ ਵਿਦੇਸ਼ ਵਿੱਚ ਆਪਣੇ ਸਹੁਰੇ ਘਰ ਰਹਿੰਦੀਆਂ ਹਨ ਅਤੇ ਫਿਰ ਆਪਣੇ ਪਤੀ ਤੋਂ ਤਲਾਕ ਲੈ ਲੈਂਦੀਆਂ ਹਨ ਅਤੇ ਪੰਜਾਬ ਆ ਕੇ ਕਿਸੇ ਹੋਰ ਗੱਭਰੂ ਨੂੰ ਵਿਆਹ ਬਹਾਨੇ ਵਿਦੇਸ਼ ਲੈ ਕੇ ਜਾਣ ਲਈ ਉਸ ਤੋਂ ਲੱਖਾਂ ਰੁਪਏ ਲੈ ਲੈਂਦੀਆਂ ਹਨ।



ਹੁਣ ਗੱਲ ਕਰਦੇ ਹਾਂ 'ਵਾਸ਼ਿੰਗ ਮਸ਼ੀਨ' ਬਣਦੇ ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਦੀ। ਵੇਖਣ ਵਿੱਚ ਆਇਆ ਹੈ ਕਿ ਵੱਡੀ ਗਿਣਤੀ ਮਾਪੇ ਆਪਣੇ ਨੌਜਵਾਨ ਪੁੱਤਰਾਂ ਨੂੰ ਨਸ਼ੇ ਦੀ ਦਲ-ਦਲ ਵਿਚੋਂ ਕੱਢਣ ਲਈ ਉਹਨਾਂ ਦਾ ਵਿਆਹ ਸੋਹਣੀਆਂ ਸੁੱਨਖ਼ੀਆਂ ਪੰਜਾਬੀ ਮੁਟਿਆਰਾਂ ਨਾਲ ਕਰ ਦਿੰਦੇ ਹਨ। ਵਿਆਹ ਤੋਂ ਬਾਅਦ ਕੁਝ ਦਿਨ ਤਾਂ ਇਹ ਨੌਜਵਾਨ ਠੀਕ ਰਹਿੰਦੇ ਹਨ ਅਤੇ ਹਨੀਮੂਨ ਦੇ ਨਾਂਅ 'ਤੇ ਕੁਝ ਦਿਨ ਪਹਾੜਾਂ ਦੀਆਂ ਹੁਸੀਣ ਵਾਦੀਆਂ 'ਚ ਬਿਤਾਉਂਦੇ ਹਨ ਪਰ ਵਾਪਸ ਘਰ ਆ ਕੇ ਇਹਨਾਂ ਦੀ ਅਸਲੀਅਤ ਸਾਹਮਣੇ ਆਉਣ ਲੱਗਦੀ ਹੈ। ਜਦੋਂ ਇਹ ਨੌਜਵਾਨ ਹਰ ਦਿਨ ਸ਼ਾਮ ਜਾਂ ਰਾਤ ਸਮੇਂ ਨਸ਼ੇੜੀ ਹੋ ਕੇ ਘਰ ਪਹੁੰਚਦੇ ਹਨ ਤਾਂ ਇਹਨਾਂ ਦੀਆਂ ਨਵ ਵਿਆਹੁਤਾ ਪਤਨੀਆਂ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਉਹਨਾਂ ਨੂੰ ਤਰੇਲੀਆਂ ਆਉਣ ਲੱਗਦੀਆਂ ਹਨ ਅਤੇ ਉਹਨਾਂ ਨੂੰ ਸਮਝ ਨਹੀਂ ਲੱਗਦੀ ਕਿ ਉਹ ਕੀ ਕਰਨ ਤੇ ਕੀ ਨਾ ਕਰਨ। ਅਜਿਹੇ ਸਮੇਂ ਉਹਨਾਂ ਮੁਟਿਆਰਾਂ ਨੂੰ ਆਪਣੇ ਸੱਸ ਸਹੁਰੇ ਦਾ ਸਾਥ ਵੀ ਨਹੀਂ ਮਿਲਦਾ। ਅਜਿਹੀਆਂ ਮੁਟਿਆਰਾਂ ਨਾਲ ਕਈ ਵਾਰ ਨਸ਼ੇੜੀ ਪਤੀ ਵੱਲੋਂ ਕੁੱਟਮਾਰ ਵੀ ਕੀਤੀ ਜਾਂਦੀ ਹੈ। ਇਹ ਮੁਟਿਆਰਾਂ ਫਿਰ ਅੱਧੀ ਰਾਤੀਂ ਵੱਡੇ ਤੜਕੇ ਬੁੱਲ੍ਹ ਮੀਟ ਕੇ ਰੋਣ ਜੋਗੀਆਂ ਹੀ ਤਾਂ ਰਹਿ ਜਾਂਦੀਆਂ ਹਨ। ਉਹਨਾਂ ਦੇ ਸੀਨੇ ਅੰਦਰ ਇੱਕ ਅੱਗ ਬਲਣ ਲੱਗ ਪੈਂਦੀ ਹੈ, ਜਿਸ ਦਾ ਧੂੰਆਂ ਤਾਂ ਨਹੀਂ ਹੁੰਦਾ ਪਰ ਸੇਕ ਬਹੁਤ ਹੁੰਦਾ ਹੈ। ਅਜਿਹੀਆਂ ਮੁਟਿਆਰਾਂ ਦੇ ਸੀਨੇ ਅੰਦਰ ਬਲਦੀ ਇਹ ਅੱਗ ਉਨ੍ਹਾਂ ਦੇ ਹੁੱਸਣ ਨੂੰ ਤਬਾਹ ਕਰ ਦਿੰਦੀ ਹੈ। ਨਸ਼ੇੜੀ ਨੌਜਵਾਨਾਂ ਦੇ ਮਾਪੇ ਸੋਚਦੇ ਹਨ ਕਿ ਜਿਸ ਤਰ੍ਹਾਂ ਵਾਸ਼ਿੰਗ ਮਸ਼ੀਨ ਵਿੱਚ ਪਾਏ ਹੋਏ ਕੱਪੜੇ ਮਸ਼ੀਨ ਖ਼ੁਦ ਗੇੜੇ ਖਾ ਕੇ ਸਾਫ ਕਰ ਦਿੰਦੀ ਹੈ, ਉਸੇ ਤਰ੍ਹਾਂ ਉਹਨਾਂ ਦੀ ਨੂੰਹ ਵੀ ਖੁਦ ਵਾਸ਼ਿੰਗ ਮਸ਼ੀਨ ਵਾਂਗ ਗੇੜੇ ਖਾਂਦਿਆਂ ਉਹਨਾਂ ਦੇ ਨਸ਼ੇੜੀ ਪੁੱਤ ਦੇ ਨਸ਼ੇ ਦੇ ਦਾਗ ਧੋ ਦੇਵੇ।

ਇੱਥੇ ਜ਼ਿਕਰਯੋਗ ਹੈ ਕਿ ਸਿਰਫ਼ ਪੰਜਾਬੀ ਮੁਟਿਆਰਾਂ ਹੀ ਵਿਆਹ ਤੋਂ ਬਾਅਦ 'ਵਾਸ਼ਿੰਗ ਮਸ਼ੀਨ' ਵਰਗੀ ਜੂਨ ਨਹੀਂ ਹੰਢਾਉਂਦੀਆਂ ਸਗੋਂ ਕਈ ਪੰਜਾਬੀ ਗੱਭਰੂ ਵੀ ਵਿਆਹ ਤੋਂ ਬਾਅਦ ਇੱਕ ਤਰ੍ਹਾਂ 'ਵਾਸ਼ਿੰਗ ਮਸ਼ੀਨ' ਵਰਗੇ ਹੀ ਤਾਂ ਹੋ ਜਾਂਦੇ ਹਨ। ਕਈ ਨੌਜਵਾਨਾਂ ਦੀਆਂ ਸੱਜ ਵਿਆਹੀਆਂ ਲਾੜੀਆਂ ਏਨੀਆਂ ਖ਼ਰਚੀਲੀਆਂ ਹੁੰਦੀਆਂ ਹਨ ਕਿ ਇਹਨਾਂ ਨੌਜਵਾਨਾਂ ਦੀ ਸਾਰੀ ਤਨਖਾਹ ਤੇ ਜਮ੍ਹਾਂ ਪੂੰਜੀ ਮਹੀਨੇ ਦੀ ਸ਼ੁਰੂਆਤ ਵਿੱਚ ਹੀ ਖ਼ਤਮ ਹੋਣ ਲੱਗਦੀ ਹੈ। ਕਈ ਨਵ ਵਿਆਹੁਤਾ ਲਾੜੀਆਂ ਵੀ ਨਸ਼ੇ ਦੀ ਦਲ ਦਲ ਵਿੱਚ ਫ਼ਸੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਫਿਰ ਉਹਨਾਂ ਦੇ ਪਤੀ ਵੱਲੋਂ ਯੋਗ ਇਲਾਜ ਕਰਵਾਇਆ ਜਾਂਦਾ ਹੈ। ਮੀਡੀਆ 'ਚ ਕਈ ਵਾਰ ਖ਼ਬਰਾਂ ਆ ਚੁੱਕੀਆਂ ਹਨ ਕਿ ਕੁਝ ਨਵ ਵਿਆਹੁਤਾ ਲਾੜੀਆਂ ਨੇ ਵਿਆਹ ਤੋਂ ਬਾਅਦ ਵੀ ਆਪਣੇ ਕਾਲਜ ਜਾਂ ਯੂਨੀਵਰਸਿਟੀ ਸਮੇਂ ਦੇ ਬੁਆਏ ਫ਼ਰੈਂਡ ਨਾਲ ਮੇਲ ਜੋਲ ਜਾਰੀ ਰੱਖਿਆ, ਜਿਸ ਕਾਰਨ ਕਈ ਵਾਰ ਗੱਲ ਤਲਾਕ ਅਤੇ ਕਤਲ ਤੱਕ ਪਹੁੰਚ ਗਈ। ਕਈ ਨਵ ਵਿਆਹੁਤਾ ਮੁਟਿਆਰਾਂ ਵਿਆਹ ਤੋਂ ਬਾਅਦ ਆਪਣੇ ਸੱਸ ਸਹੁਰੇ ਨਾਲ ਨਹੀਂ ਰਹਿਣਾ ਚਾਹੁੰਦੀਆਂ, ਜਿਸ ਕਾਰਨ ਉਹਨਾਂ ਦੇ ਪਤੀ ਅਜੀਬ ਸਥਿਤੀ ਵਿੱਚ ਫਸ ਜਾਂਦੇ ਹਨ, ਉਹ ਨਾ ਤਾਂ ਆਪਣੇ ਮਾਪਿਆਂ ਨੂੰ ਛੱਡ ਸਕਦੇ ਹਨ ਅਤੇ ਨਾ ਹੀ ਪਤਨੀ ਨੂੰ। ਫਿਰ ਅਜਿਹੇ ਗੱਭਰੂ 'ਵਾਸ਼ਿੰਗ ਮਸ਼ੀਨ ' ਵਾਂਗ ਖ਼ੁਦ ਗੇੜੇ ਖਾਂਦਿਆਂ ਪਤਨੀ ਅਤੇ ਘਰ ਦੇ ਦਾਗ ਧੋਂਦੇ ਰਹਿੰਦੇ ਹਨ।

'ਵੀਜ਼ਾ ਟਿਕਟ' ਅਤੇ 'ਵਾਸ਼ਿੰਗ ਮਸ਼ੀਨ' ਬਣੇ ਗੱਭਰੂਆਂ ਤੇ ਮੁਟਿਆਰਾਂ ਨੂੰ ਉਮੀਦ ਹੁੰਦੀ ਹੈ ਕਿ ਕਦੇ ਤਾਂ ਅਜਿਹਾ ਸਮਾਂ ਆਵੇਗਾ ਜਦੋਂ ਉਹਨਾਂ ਦੀ ਜੂਨ ਵੀ ਸੁਧਰੇਗੀ। ਇਹ ਨੌਜਵਾਨ ਭਾਵੇਂ ਚੰਗਾ ਖਾਂਦੇ ਪੀਂਦੇ ਹਨ ਅਤੇ ਚੰਗਾ ਹੰਡਾਉਂਦੇ ਹਨ ਪਰ ਆਪਣੇ ਉੱਜਵਲ ਭਵਿੱਖ ਦੇ ਲਈ ਕਈ ਵਾਰ ਇਹ ਨੌਜਵਾਨ ਆਪਣਾ ਵਰਤਮਾਨ ਦਾਅ 'ਤੇ ਲਗਾ ਦਿੰਦੇ ਹਨ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE





FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




## ਕਿਤਾਬ ਦਾ ਨਾਂਅ: ਮੇਰੀ ਮਾਤ੍ਰਭੂਮੀ ਜਾਗੇ

**ਮੂਲ ਲੇਖਕ: ਸਕਾਟ ਮਿਲਰ**
**ਪ੍ਰਕਾਸ਼ਕ: ਫਰਾਰ, ਸਟ੍ਰਾਸ ਐਂਡ ਗਿਰਾਕਸ, ਨਿਊਯਾਰਕ**

**ਸਮੀਖਿਆਕਾਰ: ਜਸਬੀਰ ਸਿੰਘ ਕੰਗ**
**ਸੰਸਥਾਪਕ ਮੈਂਬਰ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ, ਯੂਬਾ ਸਿਟੀ, ਕੈਲੀਫ਼ੋਰਨੀਆ**




ਵੀਹਵੀਂ ਸਦੀ ਦੇ ਆਰੰਭ ਵਿੱਚ ਅਮਰੀਕਾ ਅਤੇ ਕੈਨੇਡਾ, ਵਿਸ਼ੇਸ਼ ਤੌਰ 'ਤੇ ਪੈਸਿਫਿਕ ਤੱਟੀ ਖਿੱਤਿਆਂ, ਵਿੱਚ ਜਾ ਬਸੇ ਭਾਰਤੀ ਪ੍ਰਵਾਸੀਆਂ ਅਤੇ ਉਨ੍ਹਾਂ ਵੱਲੋਂ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਬਗਾਵਤੀ ਯਤਨਾਂ 'ਤੇ ਕਈ ਕਿਤਾਬਾਂ ਲਿਖੀਆਂ ਜਾ ਚੁੱਕੀਆਂ ਹਨ। ਇਸ ਲੰਬੀ ਪੰਗਤੀ ਵਿੱਚ ਸਕਾਟ ਮਿਲਰ ਦੀ ਕਿਤਾਬ 'ਮੇਰੀ ਮਾਤ੍ਰਭੂਮੀ ਜਾਗੇ' ਆਪਣੀ ਮੌਲਿਕ ਖੋਜ ਕਾਰਨ ਵਿਲੱਖਣ ਨਜ਼ਰ ਆਉਂਦੀ ਹੈ, ਕਿਉਂਕਿ ਇਸ ਵਿੱਚ ਬ੍ਰਿਟਿਸ਼ ਦਖ਼ਲਅੰਦਾਜ਼ੀ, ਅਮਰੀਕਾ ਵਿੱਚ ਜਰਮਨ ਏਜੰਟਾਂ ਦੀ ਗਤੀਵਿਧੀ ਅਤੇ ਅਮਰੀਕੀ ਪ੍ਰਸ਼ਾਸਨ ਤੇ ਕਾਨੂੰਨਸਾਜ਼ ਸੰਸਥਾਵਾਂ ਦੀਆਂ ਗੁੰਝਲਦਾਰ ਪ੍ਰਤਿਕਿਰਿਆਵਾਂ ਨੂੰ ਸੁਚਾਰੂ ਢੰਗ ਨਾਲ ਉਜਾਗਰ ਕੀਤਾ ਗਿਆ ਹੈ।ਅਮਰੀਕੀ ਸਮਾਜ ਵਿੱਚ ਇੱਕ ਪਾਸੇ ਉਪਨਿਵੇਸ਼ਵਾਦ ਵਿਰੋਧੀ ਭਾਵਨਾ ਮੌਜੂਦ ਸੀ, ਤਾਂ ਦੂਜੇ ਪਾਸੇ ਭਾਰਤੀ ਪ੍ਰਜਾਵਾਂ ਵਿਰੁੱਧ ਕਾਫ਼ੀ ਤਿੱਖਾ ਪੱਖਪਾਤ ਵੀ ਦਿਖਾਈ ਦਿੰਦਾ ਹੈ, ਜਿਸ ਨੂੰ ਆਮ ਤੌਰ 'ਤੇ ਐਂਟੀ-ਹਿੰਦੂ ਰੁਝਾਨ ਦੇ ਨਾਂਅ ਨਾਲ ਦਰਸਾਇਆ ਗਿਆ। ਇਸ ਸੰਦਰਭ ਵਿੱਚ ਸਾਰੇ ਦੱਖਣੀ ਏਸ਼ੀਆਈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਸਿੱਖਾਂ ਦੀ ਸੀ, ਨੂੰ ਬੇਸੋਚ-ਸਮਝ ਹਿੰਦੂ ਲੇਬਲ ਹੇਠ ਰਖਿਆ ਗਿਆ। ਹਜ਼ਾਰਾਂ ਭਾਰਤੀ, ਜਿਨ੍ਹਾਂ ਵਿੱਚ ਬ੍ਰਿਟਿਸ਼ ਭਾਰਤੀ ਫ਼ੌਜ ਦੇ ਰਿਟਾਇਰਡ ਸਿਪਾਹੀ ਵੀ ਸ਼ਾਮਲ ਸਨ, ਵੈਨਕੂਵਰ ਅਤੇ ਹੋਰ ਪੈਸਿਫਿਕ ਤੱਟੀ ਸ਼ਹਿਰਾਂ ਵਿੱਚ ਰੋਜ਼ਗਾਰ ਅਤੇ ਬਿਹਤਰ ਜੀਵਨ ਦੀ ਖੋਜ ਵਿੱਚ ਪਹੁੰਚੇ।ਇਹ ਪ੍ਰਵਾਸੀ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡੇ ਜਾ ਸਕਦੇ ਹਨ: ਇੱਕ ਪਾਸੇ ਲਾਲਾ ਹਰਦਿਆਲ, ਰਾਮ ਚੰਦਰ ਅਤੇ ਤਾਰਕਨਾਥ ਦਾਸ ਵਰਗੇ ਵਿਦਵਾਨ ਤੇ ਵਿਦਿਆਰਥੀ; ਦੂਜੇ ਪਾਸੇ ਪੰਜਾਬੀ ਮੂਲ ਦੇ ਮਜ਼ਦੂਰ ਅਤੇ ਕਿਸਾਨ—ਸੋਹਣ ਸਿੰਘ ਭਕਨਾ, ਜਵਾਲਾ ਸਿੰਘ ਅਤੇ ਬਸਾਖਾ ਸਿੰਘ ਆਦਿ। ਕੈਲੀਫ਼ੋਰਨੀਆ ਯੂਨੀਵਰਸਿਟੀ, ਬਰਕਲੇ ਜਲਦੀ ਹੀ ਭਾਰਤੀ ਵਿਦਿਆਰਥੀ ਅੰਦੋਲਨ ਦਾ ਕੇਂਦਰ ਬਣੀ ਅਤੇ ਇਸ ਬੌਧਿਕ ਹਲਚਲ ਨੇ 1913 ਦੀ ਮਈ ਵਿੱਚ ਔਰੇਗਨ ਦੇ ਮੱਛੀ ਬੰਦਰਗਾਹ ਸ਼ਹਿਰ ਅਸਟੋਰੀਆ ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦਾ ਰੂਪ ਧਾਰਿਆ, ਬ੍ਰਿਟਿਸ਼ ਖੁਫੀਆ ਦਾਖ਼ਲੇ ਤੋਂ ਕਾਫ਼ੀ ਦੂਰ। ਮੈਂ ਖੁਦ 2023 ਵਿੱਚ ਅਸਟੋਰੀਆ ਦਾ ਦੌਰਾ ਕਰ ਕੇ ਇਸ ਅੰਦੋਲਨ ਦੇ ਜੀਵੰਤ ਤੇ ਜਨ-ਅਧਾਰਿਤ ਪ੍ਰਕਿਰਿਆਵਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।

ਯੂਰਪੀ ਮੂਲ ਦੇ ਅਮਰੀਕੀ ਮਜ਼ਦੂਰਾਂ ਵੱਲੋਂ ਭਾਰਤੀ ਮਜ਼ਦੂਰਾਂ ਦਾ ਵਿਰੋਧ ਅਕਸਰ ਹਿੰਸਕ ਰੂਪ ਧਾਰ ਲੈਂਦਾ ਸੀ। 1907 ਵਿੱਚ ਬੈਲਿੰਗਹਾਮ (ਵਾਸ਼ਿੰਗਟਨ) ਵਿੱਚ ਭਾਰਤੀ ਪ੍ਰਵਾਸੀਆਂ ਨੂੰ ਹਮਲਿਆਂ ਦੇ ਰਾਹੀਂ ਸ਼ਹਿਰ ਤੋਂ ਕੱਢਿਆ ਗਿਆ, ਜਦਕਿ ਰਾਜਕਾਰੀ ਏਜੰਸੀਆਂ ਨੇ ਕਰੀਬ-ਕਰੀਬ ਨਿਸ਼ਕ੍ਰਿਯ ਭੂਮਿਕਾ ਨਿਭਾਈ। 1912 ਵਿੱਚ ਔਰੇਗਨ ਦੇ ਸੈਂਟ ਜਾਨਜ਼ ਵਿੱਚ ਵੀ ਮਿਲਤੇ-ਜੁਲਤੇ ਘਟਨਾ-ਚਕ੍ਰ ਦੁਹਰਾਏ ਗਏ। ਕਈ ਭਾਰਤੀਆਂ ਨੇ ਇਸ ਹਿਨਸਾ ਨੂੰ ਆਪਣੇ ਦੇਸ਼ ਦੀ ਗੁਲਾਮੀ ਦਾ ਸਿੱਧਾ ਨਤੀਜਾ ਸਮਝਿਆ ਅਤੇ ਅਮਰੀਕਾ ਵਿੱਚ ਦੇਖੀ ਗਈ ਆਜ਼ਾਦੀ ਅਤੇ ਖੁਸ਼ਹਾਲੀ ਨੇ ਉਨ੍ਹਾਂ ਦੇ ਮਨ ਵਿੱਚ ਭਾਰਤ ਲਈ ਵੀ ਇਹੀ ਅਜ਼ਾਦੀ ਹਾਸਲ ਕਰਨ ਦੀ ਤੀਬਰ ਲਾਲਸਾ ਜਗਾਈ, ਜਿਸ ਨੇ ਗ਼ਦਰ ਅੰਦੋਲਨ ਨੂੰ ਜਨਮ ਦਿੱਤਾ।

ਕੈਨੇਡਾ ਵਿੱਚ ਵੀ ਕੌਮੀਅਤ-ਅਧਾਰਿਤ ਭੇਦਭਾਵ ਨੂੰ ਕੰਟਿਨਿਊਅਸ ਜਰਨੀ ਨਿਯਮ ਰਾਹੀਂ ਕਾਨੂੰਨੀ ਜਾਮਾ ਪਹਿਨਾਇਆ ਗਿਆ, ਜਿਸ ਕਰਕੇ ਭਾਰਤ ਤੋਂ ਨਵੀਂ ਆਬਾਦਕਾਰੀ ਲਗਭਗ ਅਸੰਭਵ ਹੋ ਗਈ। 1914 ਦੀ ਕੋਮਾਗਾਟਾ ਮਾਰੂ ਘਟਨਾ—ਸਿੱਖ ਉਦਯੋਗਪਤੀ ਗੁਰਦਿੱਤ ਸਿੰਘ ਦੀ ਅਗਵਾਈ ਹੇਠ—ਇਸ ਅਨਿਆਏ ਦੀ ਪ੍ਰਤੀਕਕ ਘਟਨਾ ਵਜੋਂ ਇਤਿਹਾਸ ਵਿੱਚ ਦਰਜ ਹੈ, ਜਿੱਥੇ ਸੈਂਕੜੇ

ਯਾਤਰੀਆਂ ਨੂੰ ਕਿਨਾਰੇ ਲੱਗਣ ਤੋਂ ਇਨਕਾਰ ਕਰਕੇ ਜ਼ਬਰਦਸਤੀ ਵਾਪਸ ਭੇਜਿਆ ਗਿਆ।

ਮਿਲਰ ਬ੍ਰਿਟਿਸ਼ ਜਾਸੂਸ 'ਜੌਨ ਹੋਪਕਿਨਸਨ' ਦੇ ਉਸ ਜਾਸੂਸੀ ਜਾਲ ਦਾ ਵਿਸਥਾਰ ਨਾਲ ਵੇਰਵਾ ਕਰਦਾ ਹੈ, ਜੋ ਕੈਨੇਡਾਈ ਖ਼ੁਫ਼ੀਆ ਏਜੰਸੀਆਂ ਨਾਲ ਸਹਯੋਗ ਵਿੱਚ ਕਾਇਮ ਕੀਤਾ ਗਿਆ ਸੀ। ਇਸ ਸੰਦਰਭ ਵਿੱਚ ਮੀਵਾ ਸਿੰਘ ਦੁਆਰਾ ਹੋਪਕਿਨਸਨ ਦੀ ਹੱਤਿਆ ਨੂੰ ਲੇਖਕ ਨੇ ਇੱਕ ਗੰਭੀਰ ਨੈਤਿਕ ਸੰਘਰਸ਼ ਅਤੇ ਦੇਸ਼ਭਗਤੀ ਭਾਵਨਾ ਨਾਲ ਜੋੜ ਕੇ ਵਿਵੇਚਿਆ ਹੈ, ਜਿਸ ਨਾਲ ਘਟਨਾ ਨੂੰ ਸਿਰਫ਼ ਹਿੰਸਾ ਨਹੀਂ, ਸੱਚਾਈ ਦੀ ਅਪੀਲ ਵਜੋਂ ਵੀ ਦੇਖਿਆ ਜਾ ਸਕਦਾ ਹੈ।

ਗ਼ਦਰ ਪਾਰਟੀ ਦੇ ਸਿਧਾਂਤਕ ਨਿਰਮਾਤਿਆਂ ਵਿੱਚੋਂ ਇੱਕ, ਲਾਲਾ ਹਰਦਿਆਲ, ਕਿਤਾਬ ਵਿੱਚ ਬਹੁਤ ਹੀ ਜੀਵੰਤ ਅੰਦਾਜ਼ ਨਾਲ ਸਾਹਮਣੇ ਆਉਂਦਾ ਹੈ। ਉਸ ਦੀ ਬੌਧਿਕ ਚਮਕ ਅਤੇ ਪ੍ਰਵਚਨ-ਸ਼ਕਤੀ ਕੇਂਦਰੀ ਸਥਾਨ ਰੱਖਦੀ ਹੈ ਅਤੇ ਉਹ ਜਰਮਨ ਏਜੰਟਾਂ ਨਾਲ ਮਿਲ ਕੇ ਬ੍ਰਿਟਿਸ਼ ਭਾਰਤੀ ਫ਼ੌਜ ਵਿੱਚ ਬਗਾਵਤ ਭੜਕਾਉਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ ਪਰ ਬ੍ਰਿਟਿਸ਼ ਵਿਰੋਧੀ-ਜਾਸੂਸੀ ਤਕੜੀਆਂ ਨੇ ਹਥਿਆਰ ਅਤੇ ਰਾਸ਼ੀ ਦੇ ਪ੍ਰਵਾਹ ਨੂੰ ਨਿਸ਼ਾਨਾ ਬਣਾ ਕੇ ਇਸ ਯਤਨ ਨੂੰ ਖ਼ਾਸਾ ਨੁਕਸਾਨ ਪਹੁੰਚਾਇਆ। ਬ੍ਰਿਟਿਸ਼ ਜਾਸੂਸੀ ਜਾਲ ਦੇ ਚੁਪੀਤਰੇ ਦਾਖ਼ਲੇ ਤੋਂ ਬਾਅਦ ਹਰਦਿਆਲ ਬਰਲਿਨ ਰਵਾਨਾ ਹੋ ਜਾਂਦਾ ਹੈ ਅਤੇ ਸੰਗਠਨ ਦੀ ਬਾਗਡੋਰ ਰਾਮ ਚੰਦਰ ਸੰਭਾਲਦਾ ਹੈ, ਹਾਲਾਂਕਿ ਹਥਿਆਰ ਭੇਜਣ ਦੀ ਯੋਜਨਾ ਆਖ਼ਰਕਾਰ ਅਸਫਲ ਰਹਿੰਦੀ ਹੈ।

1914 ਦੇ ਆਸ-ਪਾਸ ਅਨੇਕ ਗ਼ਦਰੀ ਕਰਾਂਤੀਕਾਰੀਆਂ—ਜ਼ਿਆਦਾਤਰ ਸਿੱਖ ਜਵਾਨ—ਭਾਰਤ ਵਾਪਸ ਚਲੇ ਗਏ, ਤਾਂ ਕਿ ਹਥਿਆਰਬੰਦ ਬਗਾਵਤ ਰਾਹੀਂ ਆਜ਼ਾਦੀ ਦੀ ਲੜਾਈ ਨੂੰ ਤੀਬਰ ਕੀਤਾ ਜਾ ਸਕੇ। ਉਨ੍ਹਾਂ ਦੀ ਹਿੰਮਤ ਅਤੇ ਬਲੀਦਾਨ ਬੇਮਿਸਾਲ ਸਨ, ਪਰ ਕਮਜ਼ੋਰ ਸਹਿ-ਸੰਯੋਜਨ ਅਤੇ ਬ੍ਰਿਟਿਸ਼ਾਂ ਦੇ ਗਹਿਰੇ ਜਾਸੂਸੀ ਜਾਲ ਨੇ ਇਸ ਉਭਾਰ ਨੂੰ ਕੁਚਲ ਕੇ ਰੱਖ ਦਿੱਤਾ। ਇਸ ਤੋਂ ਬਾਅਦ ਹੋਏ

ਲਾਹੌਰ ਸਾਜ਼ਿਸ਼ ਕੇਸਾਂ ਵਿੱਚ ਕਈਆਂ ਨੂੰ ਫ਼ਾਂਸੀਆਂ ਅਤੇ ਕਈਆਂ ਨੂੰ ਅੰਡੇਮਾਨ ਦੀ ਕਾਲੀ ਕੋਠੜੀਆਂ ਵਿੱਚ ਜ਼ਿਲਾਵਤਾਂ ਦਿੱਤੀਆਂ ਗਈਆਂ; ਫਿਰ ਵੀ ਇਹ ਅਸਫਲ ਬਗਾਵਤ ਭਾਰਤੀ ਆਜ਼ਾਦੀ ਸੰਘਰਸ਼ ਦੀ ਅਗਲੀ ਪੀੜ੍ਹੀ ਲਈ ਪ੍ਰੇਰਣਾ ਦਾ ਸੂਤਰ ਬਣੀ ਰਹੀ।

ਜਦੋਂ ਅਮਰੀਕਾ ਪਹਿਲੇ ਵਿਸ਼ਵ ਯੁੱਧ ਵਿੱਚ ਬ੍ਰਿਟੇਨ ਦੇ ਸਾਥੀ ਵਜੋਂ ਉੱਤਰਿਆ, ਤਾਂ ਜਰਮਨ ਅਤੇ ਭਾਰਤੀ ਕ੍ਰਾਂਤੀਕਾਰੀ ਗਤੀਵਿਧੀਆਂ ਬਾਰੇ ਅਮਰੀਕੀ ਜਾਂਚ ਏਜੰਸੀਆਂ ਦੀ ਸਰਗਰਮੀ ਹੋਰ ਵੀ ਤੇਜ਼ ਹੋ ਗਈ। ਸੈਨ ਫ੍ਰਾਂਸਿਸਕੋ ਵਿੱਚ ਹੋਏ ਹਿੰਦੂ-ਜਰਮਨ ਸਾਜ਼ਿਸ਼ ਮਾਮਲੇ ਵਿੱਚ ਕਈ ਜਰਮਨ ਏਜੰਟਾਂ ਦੇ ਨਾਲ ਅਠਾਰਾਂ ਗ਼ਦਰ ਨੇਤਾ ਵੀ ਦੋਸ਼ੀ ਕਰਾਰ ਦਿੱਤੇ ਗਏ। ਅਦਾਲਤੀ ਕਾਰਵਾਈ ਦੌਰਾਨ ਓਹ

ਦੁਖਦਾਈ ਮੋੜ ਵੀ ਆਇਆ, ਜਦੋਂ ਰਾਮ ਸਿੰਘ ਨੇ ਅਦਾਲਤ ਅੰਦਰ ਹੀ ਰਾਮ ਚੰਦਰ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਇਹ ਸੰਘਰਸ਼ ਇੱਕ ਅੰਦਰੂਨੀ ਵਿਗ੍ਰਹ ਅਤੇ ਨਿਰਾਸ਼ਾ ਦੇ ਬੋਝ ਨਾਲ ਹੋਰ ਵੀ ਭਾਰਾ ਹੋ ਗਿਆ।

ਮਿਲਰ ਵਿਸ਼ਵ ਯੁੱਧ ਦੇ ਸੰਦਰਭ ਵਿੱਚ ਬ੍ਰਿਟਿਸ਼ ਅਤੇ ਜਰਮਨ ਹਿੱਤਾਂ ਦੇ ਟਕਰਾਅ ਨੂੰ ਵੀ ਖੋਲ੍ਹ ਕੇ ਵੇਖਦਾ ਹੈ—ਬ੍ਰਿਟਿਸ਼ ਭਾਰਤੀ ਫ਼ੌਜ ਵਿੱਚ ਪੰਜਾਬੀ ਸਿਪਾਹੀਆਂ ਦੀ ਵੱਡੀ ਭੂਮਿਕਾ ਦੇ ਮੁਕਾਬਲੇ ਜਰਮਨੀ ਦੀ ਇਹ ਯੋਜਨਾ ਸੀ ਕਿ ਭਾਰਤ ਵਿੱਚ ਬਗਾਵਤਾਂ ਭੜਕਾ ਕੇ ਬ੍ਰਿਟਿਸ਼ ਫ਼ੌਜਾਂ ਨੂੰ ਘਰੇ ਹੀ ਫਸਾਇਆ ਜਾਵੇ। ਇਸ ਪਟਕਥਾ ਵਿੱਚ ਗ਼ਦਰੀਆਂ ਦਾ ਮੁੱਖ ਲਕਸ਼ ਭਾਰਤੀ ਉਪਮਹਾਦੀਪ ਨੂੰ ਹਥਿਆਰਬੰਦ ਕ੍ਰਾਂਤੀ ਰਾਹੀਂ ਗੁਲਾਮੀ ਤੋਂ ਮੁਕਤ ਕਰਨਾ ਸੀ।

ਕਿਤਾਬ ਦੇ ਮਹੱਤਵਪੂਰਨ ਅੰਸ਼ਾਂ ਵਿੱਚੋਂ ਇੱਕ, ਅਮਰੀਕੀ ਨਸਲਵਾਦੀ ਪ੍ਰਵਾਸ ਨੀਤੀਆਂ ਦਾ ਵਿਸ਼ਲੇਸ਼ਣ ਹੈ। 1917 ਦਾ ਏਸ਼ੀਆਈ ਰੋਕ ਖੇਤਰ ਕਾਨੂੰਨ ਕਿਸ ਹੱਦ ਤੱਕ ਭਾਰਤੀ ਆਜ਼ਾਦੀ ਸੈਨਾਨੀਆਂ ਨੂੰ ਕਮਜ਼ੋਰ ਦਰਸਾਉਣ ਲਈ ਬ੍ਰਿਟਿਸ਼ ਦਬਾਅ ਦਾ ਨਤੀਜਾ ਸੀ, ਇਸ ਨੂੰ ਲੇਖਕ ਨੇ ਤੱਥਾਂ ਦੀ ਰੌਸ਼ਨੀ ਵਿੱਚ ਸਮਝਾਇਆ ਹੈ। ਕੈਲੀਫ਼ੋਰਨੀਆ ਦੇ ਕਾਂਗਰੈਸਮੈਨ ਰੇਕਰ ਦੁਆਰਾ 1912 ਵਿੱਚ ਪੇਸ਼ ਕੀਤੀ ਗਈ ਵਿਤਕਰਾਪੂਰਣ ਕਾਨੂੰਨਸਾਜ਼ੀ ਦਾ ਜ਼ਿਕਰ ਵੀ ਇਸ ਸੰਦਰਭ ਵਿੱਚ ਉਚਿਤ ਤਰੀਕੇ ਨਾਲ ਜੁੜਿਆ ਗਿਆ ਹੈ। ਭਗਤ ਸਿੰਘ ਥਿੰਦ—ਗ਼ਦਰ ਕ੍ਰਾਂਤੀਕਾਰੀ ਅਤੇ ਪਹਿਲੇ ਵਿਸ਼ਵ ਯੁੱਧ ਦਾ ਅਮਰੀਕੀ ਭੂ- ਯੋਧਾ—ਭਾਰਤ ਵਾਪਸ ਜਾਣ ਦੀ ਥਾਂ ਅਮਰੀਕੀ ਨਾਗਰਿਕਤਾ ਲਈ ਸੰਵੈਧਾਨਕ ਅਤੇ ਕਾਨੂੰਨੀ ਮੈਦਾਨ ਵਿੱਚ ਲੰਮੀ ਜੰਗ ਲੜਦਾ ਹੈ, ਜਿਸ ਨੂੰ ਮਿਲਰ ਨੇ ਖਾਸੇ ਮਨੋਵੇਗੀ ਅਤੇ ਦਸਤਾਵੇਜ਼ੀ ਢੰਗ ਨਾਲ ਦਰਸਾਇਆ ਹੈ।

1946 ਦੇ ਲੂਸ-ਸੈਲਰ ਐਕਟ ਰਾਹੀਂ ਭਾਰਤੀਆਂ ਲਈ ਸੀਮਿਤ ਨਾਗਰਿਕਤਾ ਦੇ ਰਾਹ ਖੁੱਲ੍ਹਦੇ ਹਨ—ਸਾਲਾਨਾ ਸਿਰਫ਼ 100 ਪ੍ਰਵਾਸੀਆਂ ਦੀ ਕੋਟਾ ਦੇ ਨਾਲ—ਪਰ ਸੱਚੇ ਅਰਥਾਂ ਵਿੱਚ ਨਸਲੀ ਕੋਟਿਆਂ ਦਾ ਅੰਤ ਅਤੇ ਬਰਾਬਰੀ ਦਾ ਰਸਤਾ 1965 ਦੇ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਨਾਲ ਹੀ ਸੁਗੰਮ ਹੁੰਦਾ ਹੈ, ਜਿਸ ਨੇ ਰਾਸ਼ਟਰੀ ਮੂਲ-ਅਧਾਰਿਤ ਪਾਬੰਦੀਆਂ ਨੂੰ ਰੱਦ ਕਰ ਦਿੱਤਾ।

ਇੰਨੀ ਗਹਿਰਾਈ ਦੇ ਬਾਵਜੂਦ, 'ਮੇਰੀ ਮਾਤ੍ਰਭੂਮੀ ਜਾਗੇ' ਸਟਾਕਟਨ ਗੁਰਦੁਆਰੇ ਦੀ ਕੇਂਦਰੀ ਭੂਮਿਕਾ ਨੂੰ ਉਤਨਾ ਸਥਾਨ ਨਹੀਂ ਦਿੰਦੀ, ਜਿੰਨਾ ਉਹ ਹੱਕਦਾਰ ਹੈ। ਇਸ ਗੁਰਦੁਆਰੇ ਵਿੱਚ ਸੰਭਾਲ ਕੇ ਰੱਖੇ ਗਏ ਅਰਕੀਵ ਅਤੇ ਗ਼ਦਰ ਪਾਰਟੀ ਦਾ ਮੁੱਢਲਾ ਪ੍ਰਿੰਟਿੰਗ ਪ੍ਰੈੱਸ ਭਵਿੱਖੀ ਖੋਜ ਲਈ ਮਹੱਤਵਪੂਰਨ ਸਰੋਤ ਹਨ, ਜਿਨ੍ਹਾਂ 'ਤੇ ਹੋਰ ਵਿਸ਼ਲੇਸ਼ਣ ਦੀ ਲੋੜ ਹੈ। ਇਸ ਤੋਂ ਇਲਾਵਾ, ਮਿਲਰ ਵੱਲੋਂ 1914

ਵਿੱਚ ਕਰੀਬ ਇੱਕ ਹਜ਼ਾਰ ਮਜ਼ਦੂਰਾਂ ਦੇ ਭਾਰਤ ਵਾਪਸੀ ਦੇ ਅਨੁਮਾਨ ਨੂੰ ਕਈ ਹੋਰ ਸਰੋਤ ਘੱਟ ਦਿਖਾਉਂਦੇ ਹਨ, ਜਿੱਥੇ 7-8 ਹਜ਼ਾਰ ਤੱਕ ਦੀ ਗਿਣਤੀ ਦਰਸਾਈ ਗਈ ਹੈ, ਇਨ੍ਹਾਂ ਵਿੱਚ 'ਨਿਊਯਾਰਕ ਟਾਈਮਜ਼' ਵੱਲੋਂ ਵਾਇਸਰਾਇ ਲਾਰਡ ਹਾਰਡਿੰਗ ਨਾਲ ਕੀਤੇ ਗਏ ਇੰਟਰਵਿਊ ਦਾ ਹਵਾਲਾ ਵੀ ਸ਼ਾਮਲ ਹੈ।

ਗੰਭੀਰ ਪਾਠਕ ਲਈ ਕਿਤਾਬ ਦਾ ਇੱਕ ਹੋਰ ਮਹੱਤਵਪੂਰਨ ਸੂਤਰ ਇਹ ਹੈ ਕਿ ਆਮ ਮਜ਼ਦੂਰ ਅਤੇ ਕਿਸਾਨ ਆਪਣੀ ਨਿਸ਼ਕਲੰਕ ਨਿਸ਼ਠਾ ਅਤੇ ਅਸਧਾਰਣ ਬਲੀਦਾਨਾਂ ਰਾਹੀਂ ਉੱਭਰਦੇ ਹਨ, ਜਦਕਿ ਕੁਝ ਬੌਧਿਕ ਆਗੂ ਸਮੇਂ ਦੇ ਦਬਾਅ ਹੇਠ ਸਮਝੌਤਿਆਂ ਦੇ ਰਸਤੇ ਤੇ ਨਜ਼ਰ ਆਉਂਦੇ ਹਨ। ਲਾਲਾ ਹਰਦਿਆਲ ਦੀ ਬ੍ਰਿਟਿਸ਼ ਸੱਤਾ ਪ੍ਰਤੀ ਇਖ਼ਲਾਕੀ ਦਵਿਧਾ ਅਤੇ ਆਖ਼ਰਕਾਰ ਹੋਏ ਸਮਝੌਤੇ ਨੇ ਉਸ ਦੀ ਛਵੀ ਨੂੰ ਕਾਫ਼ੀ ਪੇਚੀਦਾ ਬਣਾ ਦਿੱਤਾ ਹੈ।

ਕਿਤਾਬ 'ਚ ਬਰਕਲੇ ਸ਼ਹਿਰ ਦੁਆਰਾ ਕਾਲਾ ਬਾਗਾਈ ਦੇ ਨਾਂ 'ਤੇ ਰਸਤੇ ਦਾ ਨਾਂਕਰਨ ਹੋਣ ਤੋਂ ਬਾਅਦ ਉੱਠੇ ਇਸ ਪ੍ਰਸ਼ਨ ਨੂੰ ਵੀ ਛੂਹਦੀ ਹੈ ਕਿ ਕੀ ਉਸ ਦੇ ਪਤੀ ਮਿਸਟਰ ਬਾਗਾਈ ਦੀ ਕਥਿਤ ਬ੍ਰਿਟਿਸ਼-ਪ੍ਰੋ ਏਜੰਸੀ ਦੇ ਪ੍ਰਕਾਸ਼ ਵਿੱਚ ਇਸ ਫੈਸਲੇ ਦਾ ਮੁੜ ਸਵੇਖਣ ਨਹੀਂ ਹੋਣਾ ਚਾਹੀਦਾ? ਸ਼ਾਇਦ ਦੱਖਣੀ ਏਸ਼ੀਆਈ ਮੂਲ ਦੀ ਕਿਸੇ ਹੋਰ ਸੰਗਰਸ਼ਸ਼ੀਲ ਅਤੇ ਪ੍ਰਤੀਕਾਤਮਕ ਮਹਿਲਾ ਸ਼ਖਸੀਅਤ ਨੂੰ ਇਹ ਸਨਮਾਨ ਮਿਲ ਸਕਦਾ ਸੀ।

ਸਮੁੱਚੇ ਤੌਰ 'ਤੇ 'ਮੇਰੀ ਮਾਤ੍ਰਭੂਮੀ ਜਾਗੇ' ਅਰੰਭਕ ਭਾਰਤੀ ਡਾਇਸਪੋਰਾ ਦੇ ਰਾਜਨੀਤਿਕ ਜਾਗਰੂਕਤਾ, ਗ਼ਦਰ ਆਂਦੋਲਨ ਅਤੇ ਉੱਤਰੀ ਅਮਰੀਕਾ ਵਿੱਚ ਨਾਗਰਿਕਤਾ ਅਤੇ ਬਰਾਬਰੀ ਲਈ ਲੰਬੇ ਸੰਘਰਸ਼ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਅਤੇ ਦੂਰਦਰਸੀ ਅਧਿਐਨ ਵਜੋਂ ਸਾਹਮਣੇ ਆਉਂਦੀ ਹੈ।

ਤਸਵੀਰਾਂ (ਈਮੇਲ ਨਾਲ ਸ਼ਾਮਲ)

1. ਕਿਤਾਬ ਦਾ ਕਵਰ।

2. ਡਾ. ਜਸਬੀਰ ਸਿੰਘ ਕੰਗ ਆਪਣੇ ਨਾਲ ਸੋਹਣ ਸਿੰਘ ਭਕਨਾ ਦੇ ਭਤੀਜੇ ਪਸ਼ੋਰਾ ਸਿੰਘ ਢਿੱਲੋਂ ਨਾਲ ਅਸਟੋਰੀਆ ਵਿੱਚ; ਸ਼ਹਿਰ ਨੇ ਮਈ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਦੀ ਯਾਦ ਵਿੱਚ 2013 ਵਿੱਚ ਸਥਾਨਕ ਪਾਰਕ ਵਿੱਚ ਯਾਦਗਾਰੀ ਪਲੇਟ ਲਗਾਈ।

3. ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ, ਜਿੱਥੇ 1913 ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਹੋਈ ਸੀ।

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ
ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ (Awaaz Ghar App) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ ਕਲਮਾਂ ਦੀ ਜ਼ੁਬਾਨੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ

## ਸ਼ਹੀਦੀ ਦਿਵਸ ’ਤੇ ਵਿਸ਼ੇਸ਼

ਅਠਾਰਵੀਂ ਸਦੀ ਵਿੱਚ ਮੁਗਲ ਸਰਕਾਰ ਨੇ ਸਿੰਘਾਂ ’ਤੇ ਜ਼ੁਲਮਾਂ ਦੀ ਹੱਦ ਹੀ ਮੁਕਾ ਦਿੱਤੀ। ਆਪਣੇ ਖ਼ੂਨੀ ਇਰਾਦੇ ਨਾਲ ਸਿੰਘਾਂ ਦਾ ਖੁਰਾਖ਼ੋਜ਼ ਮਿਟਾਉਣ ਲਈ ਤਤਪਰ ਰਹਿੰਦੇ। ਉਹਨਾਂ ਨੇ ਸਿੱਖਾਂ ਨੂੰ ਚੁਣ ਚੁਣ ਕੇ ਸ਼ਹੀਦ ਕਰਨ ਦੀ ਮੁਹਿੰਮ ਹੀ ਚਲਾ ਦਿੱਤੀ ਪਰ ਸਿੰਘ ਚੜ੍ਹਦੀਕਲਾ ਵਿੱਚ ਰਹਿੰਦੇ। ਰਾਜਨੀਤਿਕ ਮੁਕਾਬਲੇ ਲਈ ਅੱਗੇ ਵਧਦੇ ਗਏ। ਉਹਨਾਂ ਨੇ ਗੁਰਬਾਣੀ ਵਿੱਚ ਨਿਸ਼ਚੇ ਰੱਖਿਆ ਅਤੇ ਸੇਧ ਪ੍ਰਾਪਤ ਕੀਤੀ। ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ 1 ਜੁਲਾਈ 1745 ਅਤੇ ਹੋਰ ਸਮਕਾਲੀ ਸ਼ਹੀਦੀਆਂ ਤੋਂ ਸਿੰਘਾਂ ਵਿੱਚ ਰੋਹ ਦੀ ਲਹਿਰ ਦੌੜ ਪਈ। ਉਨ੍ਹਾਂ ਨੇ ਮੁਗਲਾਂ ਤੋਂ ਬਦਲਾ ਲੈਣ ਲਈ ਗੁਰੀਲਾ ਜੰਗ ਦਾ ਪੈਂਤੜਾ ਅਪਣਾਇਆ। ਸਿੰਘਾਂ ਨੇ ਸੰਸਾਰ ਦੀ ਸਭ ਤੋਂ ਵੱਡੀ ਗੁਰੀਲਾ ਜੰਗ ਲੜੀ ਹੈ। ਉਹ ਸਰਕਾਰੀ ਕਾਫਲੇ ਦੇ ਖ਼ਜ਼ਾਨੇ ਨੂੰ ਲੁੱਟ ਲੈਂਦੇ । ਸਰਕਾਰੀ ਅਮਲਾ ਜਦੋਂ ਮਾਲੀਆ ਉਗਰਾਹ ਕੇ ਲਾਹੌਰ ਵੱਲ ਜਾ ਰਿਹਾ ਹੁੰਦਾ, ਤਾਂ ਸਿੰਘ ਖ਼ਜ਼ਾਨਾ ਪੂਰਾ ਲੁੱਟ ਕੇ ਲੈ ਜਾਂਦੇ। ਇਸ ਤਰ੍ਹਾਂ ਸਰਕਾਰੀ ਖ਼ਜ਼ਾਨੇ ਵਿੱਚ ਮਾਲੀਆ ਜਮ੍ਹਾ ਹੋਣ ਤੋਂ ਬੰਦ ਹੋ ਗਿਆ। ਸਰਕਾਰ ਨੇ ਸਿੰਘਾ ਨੂੰ ਸਜ਼ਾਵਾਂ ਦੇਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਿੰਘ ਹੱਥ ਨਹੀਂ ਆਉਂਦੇ ਸਨ। ਉਹ 3-4 ਸਿੰਘਾਂ ਦਾ ਜਥਾ ਬਣਾਂ ਕੇ ਰਸਦ ਪਾਣੀ ਅਤੇ ਖ਼ਜ਼ਾਨਾ ਲੁੱਟਦੇ ਤੇ ਜੰਗਲਾਂ ਬੇਲਿਆਂ ਵਾਦੀਆਂ ਮਾਰੂਥਲਾਂ ਦੀਆਂ ਪਨਾਹਗਾਹਾਂ ਤੇ ਡੇਰਿਆਂ ’ਤੇ ਚਲੇ ਜਾਂਦੇ। ਗੁਰੀਲਾ ਜੰਗ ਕੁਝ ਚਿਰ ਚਲਦੀ ਰਹੀ। ਸਰਕਾਰ ਸਿੰਘਾਂ ਦੇ ਇਸ ਜੰਗੀ ਪੈਂਤੜੇ ਤੋਂ ਤੰਗ ਆ ਗਈ ਸੀ। ਆਖਰਕਾਰ ਸਿੰਘਾਂ ਨੂੰ ਸ਼ਾਂਤ ਕਰਨ ਅਤੇ ਵਕਤੀ ਸੁਲਾਹ ਕਰਨ ਦੀ ਵਿਉਂਤ ਬਣਾਈ। ਇਸ ਅਨੁਸਾਰ 1733 ਵਿੱਚ ਜਕਰੀਆ ਖਾਨ ਨੇ ਸੁਝਾਅ ਦਿੱਤਾ ਕਿ ਸਿੰਘਾਂ ਨੂੰ ਜਗੀਰ ਅਤੇ ਪਦਵੀ ਦਾ ਖਿਤਾਬ ਦੇ ਕੇ ਨਿਵਾਜਿਆ ਜਾਵੇ। ਸਰਕਾਰ ਵਾਸਤੇ ਸਿੰਘਾਂ ਨੂੰ ਰਾਜ਼ੀ ਕਰ ਲੈਣਾ ਇੱਕ ਔਖਾ ਕੰਮ ਸੀ।

ਜਕਰੀਆ ਖਾਨ ਨੇ ਸਿੰਘਾਂ ਨੂੰ ਮਨਾਉਣ ਲਈ ਭਾਈ ਸੁਬੇਗ ਸਿੰਘ ਜੀ ਨੂੰ ਚੁਣਿਆ। ਭਾਈ ਸੁਬੇਗ ਸਿੰਘ ਜੀ ਲਾਹੌਰ ਜ਼ਿਲ੍ਹੇ ਦੇ ਪਿੰਡ ਜੰਬਰ ਹੁਣ ਪਾਕਿਸਤਾਨ ਦਾ ਇੱਕ ਪ੍ਰਭਾਵਸ਼ਾਲੀ ਜ਼ਿਮੀਦਾਰ ਸੀ। ਉਹ ਲਾਹੌਰ ਪੁਲਿਸ ਦਾ ਕੋਤਵਾਲ ਵੀ ਰਹਿ ਚੁੱਕਿਆ ਸੀ। ਉਸ ਨੇ ਆਪਣੇ ਕਾਰਜਕਾਲ ਵਿੱਚ ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਸੀ। ਉਨ੍ਹਾਂ ਦਾ ਭਾਈਚਾਰੇ ਵਿੱਚ ਬੜਾ ਰਸੂਖ਼ ਸੀ। ਉਹ ਮਿਹਨਤੀ ਅਤੇ ਇਮਾਨਦਾਰ ਠੇਕੇਦਾਰ ਸਨ, ਜਿਨ੍ਹਾਂ ਦੀ ਸਰਕਾਰ ਵਿੱਚ ਬੜੀ ਇੱਜ਼ਤ ਸੀ। ਆਪ ਜੀ ਦੇ ਪ੍ਰਵਾਰ ਵਿੱਚ ਅਰਬੀ ਤੇ ਫਾਰਸੀ ਦੇ ਪ੍ਰਸਿੱਧ ਵਿਦਵਾਨ ਹੋਏ ਸਨ। ਭਾਈ ਸਾਹਿਬ ਜੀ ਨੇ ਆਪ ਵੀ ਚੰਗੀ ਵਿਦਿਆ ਪ੍ਰਾਪਤ ਕੀਤੀ ਹੋਈ ਸੀ। ਉਹ ਜ਼ਕਰੀਆ ਖਾਨ ਲਈ ਕਈ ਰਾਜਨੀਤਿਕ ਫੈਸਲਿਆਂ ਵਿੱਚ ਚੰਗੇ ਨੀਤੀਵਾਨ ਮਦਦਗਾਰ ਸਾਬਤ ਹੋਏ ਸਨ। ਇਸ ਵਾਰ ਵੀ ਜਕਰੀਆ ਖਾਨ ਨੇ ਉਹਨਾਂ ਨੂੰ ਹੀ ਚੁਣਿਆ ਅਤੇ ਕਿਹਾ ਕਿ ਜੇਕਰ ਤੁਸੀਂ ਸਿੰਘਾਂ ਨੂੰ ਰਾਜ਼ੀ ਕਰਨ ਲਈ ਸਫ਼ਲ ਹੋ ਜਾਂਦੇ ਹੋ ਤਾਂ ਤੁਹਾਨੂੰ ਸਰਕਾਰ ਤੋਂ ਚੰਗੀ ਸੇਵਾ ਮਿਲੇਗੀ। ਤੁਹਾਡੀ ਸੇਵਾ ਨੂੰ ਯਾਦ ਕੀਤਾ ਜਾਵੇਗਾ ਅਤੇ ਉਚਿੱਤ ਇਨਾਮ ਵੀ ਦਿੱਤਾ ਜਾਵੇਗਾ।



ਉਹ ਸਿੰਘਾਂ ਨੂੰ ਆਪਣੇ ਤਜਰਬੇ ਦੀ ਵਾਹ ਲਾ ਕੇ ਮਨਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਹੋ ਗਏ। ਇੱਕ ਇਕੱਠ ਵਿੱਚ ਉਹਨਾਂ ਨੇ ਗੱਲਬਾਤ ਕੀਤੀ। ਸਰਕਾਰ ਵੱਲੋਂ ਦਿੱਤੀ ਗਈ ਪੇਸ਼ਕਾਰੀ ਦਾ ਵਿਸਥਾਰ ਦੱਸਿਆ ਕਿ ਸਿੰਘਾਂ ਨੂੰ ਇੱਕ ਲੱਖ ਰੁਪਏ ਸਲਾਨਾ ਦੀ ਜਾਗੀਰ ਅਤੇ ਨਵਾਬ ਦੀ ਉਪਾਧੀ ਦਿੱਤੀ ਜਾ ਰਹੀ ਹੈ। ਸਿੰਘ ਪੇਸ਼ਕਸ਼ ਨੂੰ ਮੰਨਣ ਲਈ ਤਿਆਰ ਨਹੀਂ ਸਨ। ਉਹਨਾਂ ਦੇ ਮੁਖੀ ਸਰਦਾਰ ਦਰਬਾਰਾ ਸਿੰਘ ਨੇ ਨਵਾਬੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਕੋਈ ਵੀ ਸਿੰਘ ਪੇਸ਼ਕਸ਼ ਸਵੀਕਾਰ ਕਰਨ ਲਈ ਅੱਗੇ ਨਹੀਂ ਆਇਆ। ਭਾਈ ਸੁਬੇਗ ਸਿੰਘ ਜੀ ਨੇ ਤਜਵੀਜ਼ ਰੱਖੀ ਕਿ ਇਹ ਵਕਤੀ ਜੰਗਬੰਦੀ ਦਾ ਮੌਕਾ ਹੈ। ਸ਼ਾਂਤੀ ਵਿੱਚ ਰਹਿ ਕੇ ਸਿੰਘਾਂ ਨੂੰ ਆਪਣੀ ਜੰਗੀ ਰਣਨੀਤੀ ਉਲੀਕਣ ਦਾ ਸਮਾਂ ਮਿਲ ਜਾਵੇਗਾ। ਉਹ ਆਪਣੇ ਜਥੇਬੰਧਕ ਢਾਂਚੇ ਨੂੰ ਹੋਰ ਵੀ ਸੰਗਠਿਤ ਕਰ ਸਕਣਗੇ ਤਾਂ ਜੋ ਜੰਗ ਦੇ ਸਮੇਂ ਮੁਕਾਬਲੇ ਲਈ ਤਿਆਰ ਹੋ ਜਾਣਗੇ। ਸਿੰਘ ਸਰਕਾਰ ਦੀ ਇਸ ਪੇਸ਼ਕਸ਼ ਤੋਂ ਲਾਭ ਉਠਾ ਸਕਦੇ ਹਨ। ਭਾਈ ਸਾਹਿਬ ਨੇ ਸਿੰਘਾਂ ਦੇ ਸਾਰੇ ਇਤਰਾਜ਼ ਦੂਰ ਕੀਤੇ। ਲੰਮੀਆਂ ਵਿਚਾਰਾਂ ਚੱਲੀਆਂ ਤਾਂ ਮਤਾ ਪਾਸ ਹੋਇਆ ਕਿ ਸਰਦਾਰ ਕਪੂਰ ਸਿੰਘ ਜੀ ਨੂੰ ਨਵਾਬੀ ਲਈ ਨਾਮਜ਼ਦ ਕੀਤਾ ਗਿਆ। ਇਸ ਤਰ੍ਹਾਂ ਭਾਈ ਸਾਹਿਬ ਜੀ ਦੇ ਯਤਨਾਂ ਨਾਲ ਖ਼ਾਲਸੇ ਨੂੰ ਦੀਪਾਲਪੁਰ, ਕੰਗਣਵਾਲ, ਝਬਾਲ ਪ੍ਰਗਨਿਆ ਦੀ ਜਗੀਰ ਦਿੱਤੀ ਗਈ। ਜ਼ਕਰੀਆ ਖਾਨ ਆਪਣੀ ਚਾਲ ਵਿੱਚ ਕਾਮਯਾਬ ਹੋ ਗਿਆ। ਉਸ ਨੇ ਭਾਈ ਸਾਹਿਬ ਜੀ ਦੀ ਵਕਤੀ ਤੌਰ ’ਤੇ ਸ਼ਲਾਘਾ ਵੀ ਕੀਤੀ। ਮੁਗਲਾਂ ਅਤੇ ਸਿੰਘਾਂ ਵਿੱਚ ਇਹ ਸੰਧੀ ਬਹੁਤੀ ਦੇਰ ਨਾ ਰਹੀ ਪਰ ਸਿੰਘਾਂ ਨੂੰ ਆਪਣੇ ਜੰਗੀ ਹੁਨਰ ਨੂੰ ਸੰਵਾਰਨ ਦਾ ਜ਼ਰੂਰ ਮੌਕਾ ਮਿਲ ਗਿਆ ਸੀ। ਜ਼ਕਰੀਆ ਖਾਨ ਨੇ ਸਿੰਘਾਂ ਨੂੰ ਖਤਮ ਕਰਨ ਦੀ ਚਾਲ ਫਿਰ ਆਰੰਭ ਲਈ। ਸਿੰਘ ਇੱਕ ਵਾਰ ਫੇਰ ਜੰਗਲਾਂ, ਦਰਿਆਵਾਂ, ਵਾਦੀਆਂ, ਰੇਗਿਸਤਾਨਾਂ ਵਿੱਚ ਆਪਣੇ ਟਿਕਾਣਿਆਂ ’ਤੇ ਜਾਣ ਲਈ ਮਜਬੂਰ ਹੋ ਗਏ ਸਨ। ਇਸ ਜ਼ੁਲਮ ਦੀ ਮੁਹਿੰਮ ਵਿੱਚ ਭਾਈ ਸਾਹਿਬ ਜੀ ਨੂੰ ਵੀ ਨਹੀਂ ਬਖਸ਼ਿਆ ਗਿਆ। ਭਾਈ ਸਾਹਿਬ ਜੀ ਵੱਲੋਂ ਹਕੂਮਤ ਲਈ ਕੀਤੇ ਚੰਗੇ ਕੰਮਾਂ ਦੀ ਨੇਕੀ ਭੁਲਾ ਕੇ ਉਹਨਾਂ ਦੇ ਪੁੱਤਰ ਸ਼ਾਹਬਾਜ਼ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

ਸਰਦਾਰ ਭਾਈ ਸੁਬੇਗ ਸਿੰਘ ਜੀ ਦਾ ਇੱਕ ਪੁੱਤਰ ਸ਼ਾਹਬਾਜ਼ ਸਿੰਘ ਸੀ। ਉਹ ਇੱਕ ਕਾਜ਼ੀ ਕੋਲ ਮੁਹੰਮਦ ਸਕੂਲ ਵਿੱਚ ਪੜ੍ਹਦਾ ਸੀ। ਨੌਜਵਾਨ ਸੁੰਦਰ ਅਤੇ ਹੋਣਹਾਰ ਸੀ। ਕਾਜ਼ੀ ਉਸ ਦੀ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ ਉਸ ਕੋਲੋਂ ਇਸਲਾਮ ਕਬੂਲ ਕਰਵਾਉਣਾ ਚਾਹੁੰਦਾ ਸੀ। ਉਸ ਕਾਜ਼ੀ ਨੇ ਸੋਚਿਆ ਕਿ ਇਸ ਰੋਸ਼ਨ ਦਿਮਾਗ ਹੋਣਹਾਰ ਗੱਭਰੂ ਨੂੰ ਇਸਲਾਮ ਵਿੱਚ ਲੈ ਆਉਣਾ ਚਾਹੀਦਾ ਹੈ। ਇਹ ਇਸਲਾਮ ਲਈ ਬੜੇ ਫਾਇਦੇ ਦਾ ਹੋਵੇਗਾ। ਉਹ ਇੱਥੋਂ ਤੱਕ ਕਿ ਆਪਣੀ ਧੀ ਦਾ ਵਿਆਹ ਕਰਨ ਲਈ ਵੀ ਤਿਆਰ ਸੀ। ਕਾਜ਼ੀ ਨੇ ਭਾਈ ਸ਼ਾਹਬਾਜ਼ ਸਿੰਘ ਜੀ ਨੂੰ ਮਨਾਉਣ ਦੀ ਬੜੀ ਕੋਸ਼ਿਸ਼ ਕੀਤੀ। ਉਸ ਨੇ ਸਾਰੇ ਹੱਥਕੰਡੇ ਅਜ਼ਮਾ ਲਏ ਪਰ ਨੌਜਵਾਨ ਆਪਣੇ ਵਿਸ਼ਵਾਸ ਵਿੱਚ ਪੱਕਾ ਸੀ। ਨਾ ਤਾਂ ਧਮਕੀਆਂ,ਡਰਾਵੇ ਤੇ ਲਾਲਚ ਉਸ ਦਾ ਇਰਾਦਾ ਬਦਲ ਸਕੇ। ਇਸ ਲਈ ਕਾਜ਼ੀ ਰੋਹ ਵਿੱਚ ਆ ਗਿਆ। ਉਹ ਨੌਜਵਾਨ ਨੂੰ ਖਤਮ ਕਰਨ ਲਈ ਦ੍ਰਿੜ੍ਹ ਹੋ ਗਿਆ। ਉਸ ਨੇ ਭਾਈ ਸ਼ਾਹਬਾਜ਼ ਸਿੰਘ ਨੂੰ ਕਿਹਾ ਕਿ ਜੇਕਰ ਉਹ ਇਸਲਾਮ ਕਬੂਲ ਕਰਨ ਲਈ ਤਿਆਰ ਨਾ ਹੋਇਆ ਤਾਂ ਉਹ ਰਾਜਪਾਲ ਕੋਲ ਉਸ ਵਿਰੁੱਧ ਘੋਰ ਸ਼ਿਕਾਇਤ ਦਰਜ਼ ਕਰਵਾਏਗਾ ਅਤੇ ਉਸ ਨੂੰ ਫਾਂਸੀ ਦੀ ਸਜ਼ਾ ਦਿਵਾਏਗਾ।

ਉਸ ਕਾਜ਼ੀ ਨੇ ਨੌਜਵਾਨ ਦੇ ਖ਼ਿਲਾਫ਼ ਪਹਿਲਾਂ ਤਾਂ ਉਸ ਦੀ ਵਿਦਿਆ ਪ੍ਰਾਪਤੀ ਦੀਆਂ ਊਣਤਾਈਆਂ ਗਿਣਵਾਈਆਂ। ਫਿਰ ਰਿਪੋਰਟ ਵਿੱਚ ਕਿਹਾ ਕਿ ਨੌਜਵਾਨ ਨੇ ਸਾਡੇ ਪੈਗੰਬਰ ਖ਼ਿਲਾਫ਼ ਅਪਮਾਨਜਨਕ ਸ਼ਬਦਾਂ ਦੀ ਵਰਤੋ ਕੀਤੀ ਹੈ। ਉਸ ਨੇ ਇਸਲਾਮ ਦੇ ਖ਼ਿਲਾਫ਼ ਭੱਦੀ ਸ਼ਬਦਾਵਲੀ ਵਰਤੀ ਹੈ। ਇਹ ਕਾਫ਼ਰ ਕੋਈ ਰਹਿਮ ਦਾ ਹੱਕਦਾਰ ਨਹੀਂ। ਇਹ ਸਿਰਫ਼ ਮੌਤ ਦਾ ਹੱਕਦਾਰ ਹੈ। ਭਾਈ ਸ਼ਾਹਬਾਜ਼ ਸਿੰਘ ਜੀ ਨੂੰ ਝੂਠੀ ਰਿਪੋਰਟ ’ਤੇ ਗ੍ਰਿਫ਼ਤਾਰ ਕਰਕੇ ਲਾਹੌਰ ਲਿਜਾਇਆ ਗਿਆ। ਰਾਜਪਾਲ ਦੇ ਸਾਹਮਣੇ ਮੁਕਦਮਾ ਪੇਸ਼ ਹੋਇਆ। ਇਸ ਦੇ ਨਾਲ ਹੀ ਉਹਨਾਂ ਦੇ ਪਿਤਾ ਭਾਈ ਸੁਬੇਗ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਿਤਾ ਦੇ ਖ਼ਿਲਾਫ਼ ਕਿਹਾ ਕਿ ਉਹ ਸਿੰਘਾਂ ਨੂੰ ਸਰਕਾਰ ਦੀਆਂ ਦਮਨਕਾਰੀ ਯੋਜਨਾ ਦਾ ਸੰਕੇਤ ਦੇ ਕੇ ਉਹਨਾਂ ਨੂੰ ਚੌਕਸ ਕਰਦਾ ਹੈ। ਉਹ ਸਿੰਘਾਂ ਨੂੰ ਹਕੂਮਤ ਖ਼ਿਲਾਫ਼ ਖੜੇ ਹੋਣ ਲਈ ਉਤਸ਼ਾਹਿਤ ਵੀ ਕਰਦਾ ਹੈ। ਇਸ ਨੂੰ ਇਸਲਾਮ ਵਿੱਚ ਲਿਆਉਣਾ ਚਾਹੀਦਾ ਹੈ ਕਿ ਇਸ ਦੀਆਂ ਕਾਰਵਾਈਆਂ ਨੂੰ ਠੱਲ੍ਹ ਪਾਈ ਜਾ ਸਕੇ। ਮੁਕਦਮੇ ਦੌਰਾਨ ਹੀ 1 ਜੁਲਾਈ 1745 ਨੂੰ ਜ਼ਕਰੀਆ ਖਾਨ ਦੀ ਮੌਤ ਹੋ ਜਾਂਦੀ ਹੈ। ਉਸ ਦੇ ਪੁੱਤਰ ਯਾਹੀਆ ਖਾਨ ਨੇ ਗੱਦੀ ਸੰਭਾਲੀ। ਉਹ ਤਾਂ ਆਪਣੇ ਪਿਤਾ ਤੋਂ ਵੀ ਵੱਧ ਜਾਲਮ ਸੀ। ਉਸ ਨੇ ਵੀ ਭਾਈ ਸੁਬੇਗ ਸਿੰਘ ਜੀ ਲਈ ਕੋਈ ਹਮਦਰਦੀ ਨਹੀਂ ਦਿਖਾਈ। ਉਸ ਨੇ ਵੀ ਮੁਕੱਦਮੇ ਦੇ ਕੇਸ ਨੂੰ ਮਾੜੇ ਦੁਖਾਂਤ ਤੱਕ ਪਹੁੰਚਾਇਆ। ਉਸ ਨੇ ਭਾਈ ਸਾਹਿਬ ਨੂੰ ਕਿਹਾ ਕਿ ਉਹ ਇਸਲਾਮ ਕਬੂਲ ਕਰ ਲੈਣ ਨਹੀਂ ਤਾਂ ਚਰਖੜੀ ’ਤੇ ਚੜ੍ਹ ਕੇ ਸ਼ਹੀਦ ਹੋਣ ਲਈ ਤਿਆਰ ਹੋ ਜਾਣ। ਭਾਈ ਸਾਹਿਬ ਜੀ ਨੇ ਆਪਣਾ ਧਰਮ ਛੱਡਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਨੂੰ ਚਰਖੜੀ ’ਤੇ ਚੜ੍ਹਾ ਕੇ ਡੂੰਘੇ ਸੰਕਟ ਵਿੱਚ ਪਾ ਦਿੱਤਾ ਪਰ ਭਾਈ ਸਾਹਿਬ ਨਿਸ਼ਚੇ ਤੋਂ ਡੋਲੇ ਨਹੀਂ।

ਫਿਰ ਉਹਨਾਂ ਦੇ ਪੁੱਤਰ ਸ਼ਾਹਬਾਜ਼ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਇਸਲਾਮ ਕਬੂਲ ਕਰਕੇ ਆਪਣੀ ਜਵਾਨੀ ਬਚਾ ਸਕਦੇ ਹੋ। ਉਹਨਾਂ ਨੇ ਆਪਣਾ ਸਿੱਖੀ ਵਿੱਚ ਵਿਸ਼ਵਾਸ ਨਹੀਂ ਛੱਡਿਆ। ਉਸ ਨੂੰ ਵੀ ਚਰਖੜੀ ’ਤੇ ਚੜ੍ਹਾ ਕੇ ਆਪਣੇ ਪਿਤਾ ਦੇ ਸਾਹਮਣੇ ਚੱਕਰ ਚਲਾ ਦਿੱਤਾ। ਦੋਹਾਂ ਨੇ ਬੜੇ ਸਬਰ ਨਾਲ ਹਾਕਮਾਂ ਦੇ ਤਸੀਹੇ ਝੱਲੇ। ਉਹ ਚੜ੍ਹਦੀਕਲਾ ਦੇ ਜੈਕਾਰੇ ਲਾਉਂਦੇ ਗਏ। ਕੁਝ ਸਮੇਂ ਲਈ ਚਰਖੜੀ ਨੂੰ ਰੋਕ ਲਿਆ ਗਿਆ ਤੇ ਪੁੱਛਿਆ ਗਿਆ ਕਿ ਤੁਸੀਂ ਹੁਣ ਵੀ ਇਸਲਾਮ ਕਬੂਲ ਕਰਨ ਲਈ ਤਿਆਰ ਹੋ। ਵਾਰ ਵਾਰ ਪੁੱਛਣ ’ਤੇ ਵੀ ਉਹਨਾਂ ਨੇ ਹਮੇਸ਼ਾ ਇਨਕਾਰ ਕੀਤਾ। ਚਰਖੜੀ ਫਿਰ ਚਾਲੂ ਸੀ। ਚੜ੍ਹਦੀਕਲਾ ਤੇਜ਼ ਹੁੰਦੀ ਗਈ। ਅੰਤ ਨੂੰ ਰੁਕ ਗਈ। ਦੋਵੇਂ ਸ਼ਹੀਦੀ ਦ੍ਰਿੜ੍ਹ ਰਹਿ ਕੇ ਸ਼ਹੀਦੀ ਨੂੰ ਸਵੀਕਾਰ ਕੀਤਾ। ਚਰਖੜੀ ਤੇਜ਼ ਹੁੰਦੀ ਗਈ। ਅੰਤ ਨੂੰ ਰੁਕ ਗਈ। ਦੋਵੇਂ ਸ਼ਹੀਦੀ ਪਾ ਚੁੱਕੇ ਸਨ। ਲਾਸਾਨੀ ਸਿੱਖ ਸ਼ਹੀਦੀਆਂ ਦੀ ਕਤਾਰ ਵਿੱਚ ਜਾ ਖਲੋਏ ਸਨ। ਇਹ ਘਟਨਾ 25 ਮਾਰਚ 1746 ਨੂੰ ਵਾਪਰੀ। ਜਦਕਿ ਭਾਈ ਸ਼ਾਹਬਾਜ਼ ਸਿੰਘ ਦੀ ਉਮਰ ਸਿਰਫ਼ 17 ਕੁ ਸਾਲ ਸੀ। ਉਹਨਾਂ ਨੇ ਆਪਣੇ ਸਿੱਖੀ ਧਰਮ ਵਿੱਚ ਨਿਸ਼ਠਾ ਰੱਖਿਆ। ਦੁਨਿਆਵੀ ਲਾਲਚਾਂ ਦੀ ਪ੍ਰਵਾਹ ਨਹੀਂ ਕੀਤੀ। ਉਹਨਾਂ ਮਾਣਮੱਤੇ ਸਿਦਕ ਨਾਲ ਸ਼ਹੀਦੀਆਂ ਪ੍ਰਾਪਤ ਕੀਤੀਆਂ। ਉਹਨਾਂ ਇਸਲਾਮ ਹਾਕਮਾਂ ਦੀ ਈਨ ਨਹੀਂ ਮੰਨੀ। ਵਾਹਿਗੁਰੂ ਦਾ ਸਿਮਰਨ ਕਰਦੇ ਰੱਬ ਦੇ ਭਾਣੇ ਵਿੱਚ ਰਹਿੰਦਿਆਂ ਚੜ੍ਹਦੀਕਲਾ ਦੇ ਜੈਕਾਰਿਆਂ ਵਿੱਚ ਸ਼ਹੀਦ ਹੋਏ। ਅੱਜ ਹਰ ਅਰਦਾਸ ਵਿੱਚ ਨਿੱਤ ਦੁਹਰਾਇਆ ਜਾਂਦਾ ਹੈ ਕਿ ਜਿਨ੍ਹਾਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਚਰਖੜੀਆਂ ’ਤੇ ਚੜ੍ਹੇ। ਇਸ ਅਨੂਠੀ ਸ਼ਹਾਦਤ ’ਤੇ ਸਿੱਖ ਧਰਮ ਨੂੰ ਹਮੇਸ਼ਾ ਮਾਣ ਰਹੇਗਾ। ਸਮੂਹ ਸ਼ਹੀਦੀਆਂ ਬੇਮਿਸਾਲ ਅਤੇ ਲਾਸਾਨੀ ਹਨ। ਜੋ ਹਮੇਸ਼ਾ ਸਿੱਖ ਕੌਮ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ।

ਅੰਤਿਕਾ : ਮਾਨਵਵਾਦੀ ਸੋਚ ਦੀ ਸੇਧ ਗੁਰਬਾਣੀ ਵਿਚੋਂ ਮਿਲਦੀ ਹੈ। ਕੁਝ ਹਵਾਲੇ ਦੇ ਕੇ ਸਪਸ਼ਟ ਕੀਤਾ ਜਾਂਦਾ ਹੈ ਹੇ ਨਾਨਕ ! ਆਖ ਹੇ ਮਨ ! ਸੁਣ, ਜਿਹੜਾ ਮਨੁੱਖ ਕਿਸੇ ਨੂੰ ਕੋਈ ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ। ਡਰਾਵਿਆਂ ਤੋਂ ਘਬਰਾਉਂਦਾ ਨਹੀਂ, ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ। ਹੇ ਭਾਈ ! ਜਦੋਂ ਤੋਂ ਮੈਂ ਗੁਰੂ ਦੀ ਸੰਗਤ ਪ੍ਰਾਪਤ ਕੀਤੀ ਹੈ। ਤਦੋਂ ਤੋਂ ਦੂਜਿਆਂ ਦਾ ਸੁੱਖ ਵੇਖ ਕੇ ਅੰਦਰੋਂ ਅੰਦਰ ਸੜਨ ਦੀ ਸਾਰੀ ਆਦਤ ਭੁੱਲ ਗਈ ਹੈ। ਰਹਾਉ। ਹੇ ਭਾਈ ਹੁਣ ਮੈਨੂੰ ਕੋਈ ਵੈਰੀ ਨਹੀਂ ਦਿਸਦਾ। ਕੋਈ ਓਪਰਾ ਨਹੀਂ ਦਿਸਦਾ। ਸਭਨਾਂ ਨਾਲ ਮੇਰਾ ਪਿਆਰ ਬਣਿਆ ਹੋਇਆ ਹੈ। ਹੇ ਭਾਈ ! ਹੁਣ ਜੋ ਕੁਝ ਪਰਮਾਤਮਾ ਕਰਦਾ ਹੈ, ਮੈਂ ਉਸ ਨੂੰ ਸਭ ਜੀਵਾਂ ਲਈ ਭਲਾ ਹੀ ਮੰਨਦਾ ਹਾਂ। ਇਹ ਚੰਗੀ ਅਕਲ ਮੈਂ ਆਪਣੇ ਗੁਰੂ ਪਾਸੋਂ ਸਿੱਖੀ ਹੈ। ਹੇ ਨਾਨਕ ਆਖ ਜਦੋਂ ਤੋਂ ਸਾਧ ਸੰਗਤ ਮਿਲੀ ਹੈ। ਮੈਨੂੰ ਇਉਂ ਦਿਸਦਾ ਹੈ ਕਿ ਪਰਮਾਤਮਾ ਹੀ ਸਭ ਜੀਵਾਂ ਵਿੱਚ ਮੌਜੂਦ ਹੈ। ਤਾਂਹੀਏਂ ਸਭ ਨੂੰ ਵੇਖ ਵੇਖ ਕੇ ਮੈਂ ਖੁਸ਼ ਹੁੰਦਾ ਹਾਂ।

ਹੇ ਭਾਈ ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੋਕ ਹੈ , ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ਼ ਨੂੰ ਛੱਡ ਕੇ ਹਉਮੇ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾ ਕੀਤਾ ਜਾਵੇ ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ-ਲਾਜ ਅਤੇ ਹਉਮੇ ਛੱਡੀ ਜਾਏ। ਅੰਗ 1412.

WEBSITE DESIGN & DEVELOPMENT
Basic Web packages are available on comparatively economical rates
we work as per your requirement and charge only according to work
ਛੋਟੇ/ਵੱਡੇ ਬਿਜ਼ਨਸ, ਐਨ.ਜੀ.ਓ. ਰੇਡਿਓ ਸਟੇਸ਼ਨ ਅਤੇ ਖ਼ਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ
ਈ ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Services
Web Development
Web Designing
Seo Services
Web Re-Design
Technical Support
Logo Design
WMA WEB MEDIA ART
Mob: +91-8437636421
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ
webmediaart24@gmail.com www. Webmediaart.com

# ਵੇ ਨੌਕਰ ਨੂੰ ਧੀ ਵਿਆਹੀ ਨਾ ਬਾਬਲਾ...

**ਜੋਗਿੰਦਰ ਕੌਰ ਅਗਨੀਹੋਤਰੀ**



ਕਿਰਤ ਹੀ ਮਨੁੱਖ ਦਾ ਕਰਮ ਹੈ। ਪੰਜਾਬੀ ਦੀ ਕਹਾਵਤ ਅਨੁਸਾਰ ਖਾਲੀ ਹੱਥ ਤਾਂ ਮੂੰਹ ਨੂੰ ਵੀ ਨਹੀਂ ਜਾਂਦਾ। ਸੋ ਮਨੁੱਖ ਲਈ ਕੁੱਲੀ, ਗੁੱਲੀ ਅਤੇ ਜੁੱਲੀ ਜ਼ਰੂਰੀ ਹਨ। ਇਸ ਲਈ ਉਸ ਨੂੰ ਇਨ੍ਹਾਂ ਦੀ ਪ੍ਰਾਪਤੀ ਲਈ ਖੇਚਲ ਤਾਂ ਕਰਨੀ ਪਵੇਗੀ ਹੀ। ਯਤਨਾਂ ਨੂੰ ਪੂਰ ਚੜ੍ਹਾਉਣਾ ਹੀ ਕਿਰਤ ਹੈ। ਕਿਰਤ ਦੇ ਘੇਰੇ ਵਿੱਚ ਸਭ ਕੁਝ ਆ ਜਾਂਦਾ ਹੈ। ਇਸ ਵਿੱਚ ਖੇਤੀ, ਵਪਾਰ ਅਤੇ ਨੌਕਰੀ। ਖੇਤੀ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ, ਵਪਾਰ ਨੂੰ ਮੱਧਮ ਤੇ ਨੌਕਰੀ ਨੂੰ ਘਟੀਆ। ਸਮਾਜ ਦੇ ਇਨ੍ਹਾਂ ਮਾਪਦੰਡਾਂ ਅਨੁਸਾਰ ਕਿਰਤ ਦੇ ਇਨ੍ਹਾਂ ਸਾਧਨਾਂ ਦੀ ਵਿਆਖਿਆ ਇੰਝ ਕੀਤੀ ਗਈ ਹੈ;

ਉੱਤਮ ਖੇਤੀ, ਮੱਧਮ ਵਪਾਰ
ਨਿਖਿੱਧ ਚਾਕਰੀ, ਕਰੇ ਗੰਵਾਰ।

ਵਿਦਿਆ ਦਾ ਗਿਆਨ ਹੋਣ ਕਰਕੇ ਜਦੋਂ ਮਨੁੱਖ ਕੋਈ ਨੌਕਰੀ ਕਰਦਾ ਹੈ ਤਾਂ ਉਹ ਵੀ ਕਿਰਤ ਹੈ। ਸਮੇਂ ਦੇ ਬਦਲਣ ਨਾਲ ਨੌਕਰੀ ਦੇ ਅਨੇਕਾਂ ਸਾਧਨ ਪੈਦਾ ਹੋਏ ਹਨ ਕਿਉਂਕਿ ਵੱਖ-ਵੱਖ ਮਹਿਕਮਿਆਂ ਵਿੱਚ ਲੋਕ ਨੌਕਰੀ ਕਰਦੇ ਹਨ। ਪੜ੍ਹ ਲਿਖ ਕੇ ਨੌਕਰੀ ਕਰਨਾ ਨਿਖਿੱਧ ਕਿੱਤਾ ਨਹੀਂ ਹੈ। ਇਹ ਕਿੱਤੇ ਲੋਕਾਂ ਦੀਆਂ ਜ਼ਰੂਰਤਾਂ ਨਾਲ ਜੁੜੇ ਹਨ। ਸੀਮਾ 'ਤੇ ਜਾ ਕੇ ਦੇਸ਼ ਦੀ ਰੱਖਿਆ ਕਰਨਾ ਵੀਰ ਸਿਪਾਹੀਆਂ ਦਾ ਕੰਮ ਹੈ ਅਤੇ ਇਹ ਕਿੱਤਾ ਬਹਾਦਰੀ ਤੇ ਦੇਸ਼ ਲਈ ਕੁਰਬਾਨੀ ਵਾਲਾ ਹੈ ਤੇ ਫ਼ੌਜੀ ਦੀ ਟੌਹਰ ਹੀ ਵੱਖਰੀ ਹੁੰਦੀ ਹੈ। ਲੋਕ ਗੀਤਾਂ ਵਿੱਚ ਫ਼ੌਜ ਦੀ ਨੌਕਰੀ ਕਰਨ ਬਾਰੇ ਵੱਖ ਵੱਖ ਵਿਚਾਰਧਾਰਾ ਅਨੁਸਾਰ ਲੋਕ ਗੀਤ ਵੀ ਵੱਖਰੇ ਵੱਖਰੇ ਹਨ। ਇਸ ਲਈ ਫ਼ੌਜ ਦੀ ਟੌਹਰ ਦੀ ਨੌਕਰੀ ਨੂੰ ਵਰਦੀ ਅਤੇ ਬੂਟਾਂ ਤੋਂ ਪਰਖਿਆ ਜਾਂਦਾ ਹੈ। ਇਸ ਲਈ ਕੁੜੀਆਂ ਉਸ ਦੀ ਇਹ ਟੌਹਰ ਦੇਖ ਕੇ ਉਸ ਉੱਤੇ ਡੁੱਲ੍ਹ ਜਾਂਦੀਆਂ ਹਨ;

ਵੱਸਣਾ ਤਾਂ ਨੌਕਰ ਦੇ
ਭਾਵੇਂ ਸਣੇ ਬੂਟ ਲੱਤ ਮਾਰੇ।

ਇਸ ਤਰ੍ਹਾਂ ਕਈ ਮੁਟਿਆਰਾਂ ਦੇ ਗੱਭਰੂ ਪਤੀ ਜਦੋਂ ਫ਼ੌਜ ਵਿੱਚ ਹੁੰਦੇ ਹਨ ਤਾਂ ਉਹ ਉਨ੍ਹਾਂ ਦੇ ਵਿਯੋਗ ਵਿੱਚ ਬੇਚੈਨ ਹੋ ਕੇ ਉਨ੍ਹਾਂ ਦੀ ਉਡੀਕ ਵਿੱਚ ਔਸੀਆਂ ਪਾਉਂਦੀਆਂ ਹਨ। ਜਦੋਂ ਫ਼ੌਜੀ ਛੁੱਟੀ ਲੈ ਕੇ ਆ ਜਾਂਦਾ ਹੈ ਤਾਂ ਉਹ ਦਿਨ ਬੜੇ ਰੰਗੀਨ ਹੁੰਦੇ ਹਨ। ਜਦੋਂ ਫ਼ੌਜੀ ਵਾਪਸ ਜਾਂਦਾ ਹੈ ਤਾਂ ਉਸ ਦੀ ਘਰਵਾਲੀ ਦੀ ਰੂਹ ਅੰਦਰੋਂ ਅੰਦਰੀ ਕੁਰਲਾਉਂਦੀ ਹੋਈ ਕਹਿੰਦੀ ਹੈ;

ਵੇ ਨੌਕਰ ਨੂੰ ਧੀ ਵਿਆਹੀ ਨਾ ਬਾਬਲਾ
ਹਾਲੀ ਪੁੱਤ ਬਥੇਰੇ
ਵੇ ਨੌਕਰ ਨੇ ਤਾਂ ਬੰਨ੍ਹ ਲਿਆ ਬਿਸਤਰਾ
ਹੋ ਗਿਆ ਗੱਡੀ ਦੇ ਨੇੜੇ
ਮੈਂ ਤੈਨੂੰ ਵਰਜ ਰਹੀ
ਦੇਈਂ ਨਾ ਬਾਬਲਾ ਫੇਰੇ।
***
ਨੌਕਰ ਨੂੰ ਧੀ ਦੇਈਂ ਨਾ ਬਾਬਲਾ
ਹਾਲੀ ਪੁੱਤ ਬਥੇਰੇ
ਵੇ ਨੌਕਰ ਨੇ ਤਾਂ ਘਰ ਨਹੀਂ ਰਹਿਣਾ
ਵਿੱਚ ਪਰਦੇਸਾਂ ਡੇਰੇ
ਮੈਂ ਤੈਨੂੰ ਵਰਜ ਰਹੀ
ਦੇਈਂ ਨਾ ਬਾਬਲਾ ਫੇਰੇ।

ਸਮਾਜ ਦੀ ਬਾਜ਼ ਅੱਖ ਹਰ ਵਿਅਕਤੀ 'ਤੇ ਹੁੰਦੀ ਹੈ, ਉਸ ਦੀ ਚਾਲ ਢਾਲ ਤਾਂ ਦੇਖੀ ਹੀ ਜਾਂਦੀ ਹੈ ਬਲਕਿ ਉਸ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ। ਹਰ ਅਹੁਦੇ ਮੁਤਾਬਕ ਉਸ ਦਾ ਮੁਲਾਂਕਣ ਕੀਤਾ ਜਾਂਦਾ ਹੈ। ਜਿਸ ਕਰਮਚਾਰੀ ਤੱਕ ਲੋਕਾਂ ਦੀ ਪਹੁੰਚ ਕਠਿਨ ਹੋਵੇ ਜਾਂ ਜਿਸ ਨਾਲ ਦਿਨ ਰਾਤ ਵਾਹ ਪੈਂਦਾ ਹੋਵੇ, ਉਸ ਬਾਰੇ ਸਮਾਜ ਦਾ ਪ੍ਰਤੀਕਰਮ ਵੀ ਉਸੇ ਤਰ੍ਹਾਂ ਦਾ ਹੀ ਹੋ ਜਾਂਦਾ ਹੈ ਜਿਸ ਤਰ੍ਹਾਂ ਦਾ ਉਹ ਕਰਮਚਾਰੀ ਹੋਵੇ। ਆਪਣਾ ਕੰਮ ਕਢਵਾਉਣ ਵਾਸਤੇ ਜਦੋਂ ਰਿਸ਼ਵਤ ਦੇਣੀ ਪੈਂਦੀ ਹੈ ਤਾਂ ਉਸ ਕਰਮਚਾਰੀ ਬਾਰੇ ਵੀ ਲੋਕਾਂ ਦੇ ਵਿਚਾਰ ਉਹੋ ਜਿਹੇ ਹੀ ਬਣ ਜਾਂਦੇ ਹਨ। ਆਵਾਜਾਈ ਦੇ ਸਾਧਨ ਤੋਂ ਵੀ ਕਰਮਚਾਰੀ ਦਾ ਮੁਲਾਂਕਣ ਕੀਤਾ ਜਾਂਦਾ ਹੈ। ਜੇਕਰ ਕਿਸੇ ਦੀ ਆਰਥਿਕ ਹਾਲਤ ਮੁਤਾਬਕ ਉਸ ਕੋਲ ਚੰਗੇ ਪੈਸਿਆਂ ਵਾਲਾ ਸਾਧਨ ਹੈ ਤਾਂ ਉਸ ਨੂੰ ਵੀ ਲੋਕ ਸਮਝ ਜਾਂਦੇ ਹਨ ਤੇ ਫਿਰ ਲੋਕ ਗੀਤਾਂ ਵਿੱਚ ਇਸ ਦਾ ਜ਼ਿਕਰ ਕੀਤਾ ਜਾਂਦਾ ਹੈ;

ਵੇ ਪੜ੍ਹੇ ਲਿਖੇ ਨੂੰ ਧੀ ਦੇਈਂ ਨਾ ਬਾਬਲਾ
ਹਾਲੀ ਪੁੱਤ ਬਥੇਰੇ
ਪੜ੍ਹਿਆ ਲਿਖਿਆ ਤਾਂ ਚੱਕ ਕੇ ਸਕੂਟਰ
ਦਿੰਦਾ ਫਿਰਦਾ ਗੇੜੇ
ਇੱਕ ਦਿਨ ਵੱਢੀ ਲੈਂਦਾ ਫੜ ਲਿਆ
ਪੁਲਿਸ ਲੈ ਗਈ ਉਹਨੂੰ ਫੜ ਕੇ
ਵੇ ਥਾਣੇ ਦੇ ਵਿੱਚ ਬੈਠਾ ਰੋਵੇ
ਬੈਠਾ ਕਾਲਜਾ ਫੜ ਕੇ
ਨੀਂ ਛੁੜਾ ਲੈ ਭਾਗਮਾਨੇ
ਸਕੂਟਰ ਗਹਿਣੇ ਧਰ ਕੇ

ਕੋਈ ਸਮਾਂ ਇਹ ਵੀ ਸੀ ਜਦੋਂ ਅਨਪੜ੍ਹ ਲੜਕੀਆਂ ਦਾ ਰਿਸ਼ਤਾ ਪੜ੍ਹੇ ਲਿਖੇ ਨੂੰ ਹੋ ਜਾਂਦਾ ਸੀ, ਉਸ ਸਮੇਂ ਔਰਤ ਦਾ ਰਿਸ਼ਤਾ ਵੀ ਆਦਮੀ ਦੇ ਅਹੁਦੇ ਨਾਲ ਜੁੜ ਜਾਂਦਾ ਸੀ ਜਿਵੇਂ ਪਟਵਾਰੀ ਨੂੰ ਵਿਆਹੀ ਪਟਵਾਰਨ, ਮਾਸਟਰ ਨੂੰ ਵਿਆਹੀ ਮਾਸਟਰਨੀ, ਤਹਿਸੀਲਦਾਰ ਨੂੰ ਵਿਆਹੀ ਹੋਈ ਤਹਿਸੀਲਦਾਰਨੀ। ਔਰਤਾਂ ਨੂੰ ਅਜਿਹੇ ਅਹੁਦਿਆਂ ਨਾਲ ਨਿਵਾਜਣਾ ਵੀ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਣਾ ਸੀ। ਅਜਿਹੀ ਔਰਤ ਅਨਪੜ੍ਹ ਹੁੰਦੀ ਹੋਈ ਵੀ ਬਣ ਠਣ ਕੇ ਰਹਿਣਾ ਆਪਣਾ ਹੱਕ ਸਮਝਦੀ ਸੀ। ਅੱਜ ਤੋਂ ਸੱਤਰ ਪਝੱਤਰ ਸਾਲ ਪਹਿਲਾਂ ਆਵਾਜਾਈ ਦੇ ਸਾਧਨ ਘੱਟ ਹੋਣ ਕਾਰਨ ਕਰਮਚਾਰੀ ਆਪਣੀ ਰਿਹਾਇਸ਼ ਉੱਥੇ ਹੀ ਰੱਖਦੇ ਸਨ, ਜਿੱਥੇ ਉਨ੍ਹਾਂ ਦੀ ਨਿਯੁਕਤੀ ਹੁੰਦੀ ਸੀ। ਅਜਿਹੀਆਂ ਔਰਤਾਂ ਸਮਰੱਥਾ ਅਨੁਸਾਰ ਸਮਾਜਿਕ ਪੱਧਰ ਦੇ ਅਨੁਸਾਰ ਕੰਮ ਕਰਦੀਆਂ ਸਨ। ਰੋਟੀ ਪਕਾਉਣ ਲਈ ਚੁੱਲ੍ਹੇ ਦੀ ਵਰਤੋਂ ਹੀ ਕੀਤੀ ਜਾਂਦੀ ਸੀ, ਗੈਸ ਸਟੋਵ ਆਮ ਘਰਾਂ ਵਿੱਚ ਨਹੀਂ ਸਨ। ਸੋ ਚੁੱਲ੍ਹੇ 'ਤੇ ਰੋਟੀ ਪਕਾਉਣ ਲਈ ਲੱਕੜਾਂ ਗੋਹਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਕਪਾਹ ਦੀਆਂ ਜਾਂ ਨਰਮੇ ਦੀਆਂ ਛਟੀਆਂ ਵੀ ਬਾਲਣ ਦੇ ਕੰਮ ਆਉਂਦੀਆਂ ਸਨ, ਪਰ ਤਾਜ਼ੀਆਂ ਪੁੱਟੀਆਂ ਛਟੀਆਂ ਅੱਲੀਆਂ ਹੋਣ ਕਰਕੇ ਉਨ੍ਹਾਂ ਨੂੰ ਛੇਤੀ ਛੇਤੀ ਅੱਗ ਨਹੀਂ ਸੀ ਲੱਗਦੀ। ਇਸ ਲਈ ਅੱਗ ਮਚਾਉਣ ਲਈ ਮੁਸ਼ਕਿਲ ਪੇਸ਼ ਆਉਂਦੀ ਸੀ। ਕਿਸੇ ਪੱਖ ਤੋਂ ਊਣਾ ਵਿਅਕਤੀ ਗੁਣਵਾਨ ਹੁੰਦੇ ਹੋਏ ਵੀ ਸਮਾਜ ਵਿੱਚ ਮਖੌਲ ਦਾ ਪਾਤਰ ਬਣ ਜਾਂਦਾ ਹੈ। ਇਸ ਤਰ੍ਹਾਂ ਅਣਵਿਆਹਿਆ ਜਾਂ ਛੜਾ ਵਿਅਕਤੀ ਦਾੜ੍ਹੀ ਮੁੱਛਾਂ ਨੂੰ ਤੇਲ ਲਾ ਕੇ ਸੰਵਾਰ ਕੇ ਰੱਖਦਾ ਹੈ ਅਤੇ ਚੰਗੇ ਕੱਪੜੇ ਪਾ ਲਵੇ, ਫਿਰ ਵੀ ਸਮਾਜ ਉਸ ਨੂੰ ਕਲੀਨ ਚਿੱਟ ਨਹੀਂ ਦਿੰਦਾ ਬਲਕਿ ਉਸ ਦੀ ਟੌਹਰ ਦਾ ਵੀ ਮਖੌਲ ਉਡਾਇਆ ਜਾਂਦਾ ਹੈ। ਇਸ ਵਿੱਚ ਔਰਤਾਂ ਵੀ ਪਿੱਛੇ ਨਹੀਂ ਰਹਿੰਦੀਆਂ। ਲੋਕ ਗੀਤਾਂ ਵਿੱਚ ਅੱਗ ਬਾਲਣ ਲਈ ਛੜੇ ਦੀ ਮੁੱਛ ਵੱਲ ਇਸ਼ਾਰਾ ਕੀਤਾ ਜਾਂਦਾ ਹੈ। ਸੋ ਇਸ ਤਰ੍ਹਾਂ ਆਪਣੇ ਪਤੀ ਦੀ ਰੋਟੀ ਦੀ ਖਾਤਰਦਾਰੀ ਲਈ ਔਰਤ ਆਪਣੇ ਮਨ ਦੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ ਹੈ;

ਆਲੂ ਗੋਭੀ ਮੈਂ ਬਣਾਉਣੀ
ਤਾਜ਼ੇ ਫੁਲਕੇ ਪਕਾਉਣੇ
ਨਾਲੇ ਲਾਉਣੇ ਨੇ ਦਾਲ ਨੂੰ ਤੜਕੇ
ਛਟੀਆਂ ਦੀ ਅੱਗ ਨਾ ਬਲੇ
ਇੱਥੋਂ ਲਿਆਈਂ ਵੇ ਛੜੇ ਦੀ ਮੁੱਛ ਫੜ ਕੇ

ਨੌਕਰੀਸ਼ੁਦਾ ਵਿਅਕਤੀ ਨੂੰ ਘਰੋਂ ਤਿਆਰ ਹੋ ਕੇ ਜਾਣਾ ਪੈਂਦਾ ਹੈ, ਇਸ ਲਈ ਉਸ ਦੇ ਕੱਪੜੇ ਸਾਫ਼ ਸੁਥਰੇ ਅਤੇ ਟਿਫ਼ਨ ਦੀ ਜ਼ਿੰਮੇਵਾਰੀ ਔਰਤ ਦੀ ਹੁੰਦੀ ਹੈ। ਘਰ ਵਿੱਚ ਔਰਤ ਇਹ ਸਭ ਕੁਝ ਦੇਖਦੀ ਹੈ ਤੇ ਨਾਲੇ ਖ਼ਰਚ ਨੂੰ ਵੀ ਵਧਦਾ ਦੇਖਦੀ ਹੈ, ਭਾਵੇਂ ਤਨਖਾਹ ਆਉਂਦੀ ਹੈ, ਪਰ ਘਰ ਵਿੱਚ ਖ਼ਰਚ ਵੀ ਵਧ ਜਾਂਦਾ ਹੈ। ਗ੍ਰਹਿਣੀ ਨੂੰ ਵਾਧੂ ਖ਼ਰਚੇ ਚੁਭਦੇ ਹਨ। ਉਸ ਨੂੰ ਸਬਜ਼ੀ ਮੁੱਲ ਲਿਆਉਣਾ ਵੀ ਚੁਭਦਾ ਹੈ, ਪਰ ਮਰਦ ਨੂੰ ਇਹ ਖ਼ਰਚੇ ਕਰਨੇ ਪੈਂਦੇ ਹਨ। ਇਸ ਲਈ ਗ੍ਰਹਿਣੀ ਦੇ ਮਨ ਦੇ ਭਾਵ ਇਸ ਤਰ੍ਹਾਂ ਗੀਤ ਦਾ ਰੂਪ ਲੈਂਦੇ ਹਨ;

ਸਬਜ਼ੀ ਨਾਲੋਂ ਧਨੀਆ ਮਹਿੰਗਾ
ਧਨੀਏ ਨਾਲੋਂ ਪੁਦੀਨਾ
ਤੈਂ ਘਰ ਪੱਟਤਾ ਵੇ
ਸਰਵਿਸ ਮੈਨ ਸ਼ੌਕੀਨਾ

ਹਰ ਮਹੀਨੇ ਬੱਧੀ ਰੁੱਧੀ ਕਮਾਈ ਆਉਣ ਦਾ ਸਭ ਨੂੰ ਚਾਅ ਹੁੰਦਾ ਹੈ। ਨੌਕਰੀ ਭਾਵੇਂ ਵੱਡੀ ਹੋਵੇ ਭਾਵੇਂ ਛੋਟੀ, ਪਰ ਆਪਣੀ ਹੈਸੀਅਤ ਮੁਤਾਬਿਕ ਘਰ ਦੀ ਕਬੀਲਦਾਰੀ ਨੂੰ ਤੋਰਨਾ ਸੌਖਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਜੇਕਰ ਨੌਕਰੀ ਰੋਹਬ ਦਾਬ ਵਾਲੀ ਹੋਵੇ ਤਾਂ ਮਨੁੱਖ ਦੇ ਸਵੈਮਾਨ ਨੂੰ ਤਾਂ ਵਧਾਉਂਦੀ ਹੈ, ਨਾਲ ਬਾਕੀ ਪਰਿਵਾਰ ਵਿੱਚ ਘਮੰਡ ਵੀ ਆ ਜਾਂਦਾ। ਇਸ ਦਾ ਲਾਭ ਕਈ ਵਾਰ ਰਿਸ਼ਤੇਦਾਰ ਵੀ ਉਠਾ ਜਾਂਦੇ ਹਨ। ਪੁਲੀਸ ਮਹਿਕਮੇ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਬਾਬਤ ਲੋਕ ਗੀਤ ਇਸ ਤਰ੍ਹਾਂ ਬਿਆਨ ਕਰਦੇ ਹਨ;

ਥਾਣੇਦਾਰ ਦੇ ਬਰੋਬਰ ਡਹਿੰਦੀ
ਕੁਰਸੀ ਮੇਰੇ ਵੀਰ ਦੀ

ਘਰਾਂ ਵਿੱਚ ਲੜਾਈ ਝਗੜੇ ਤਾਂ ਹੁੰਦੇ ਹੀ ਹਨ, ਫਿਰ ਇਨ੍ਹਾਂ ਅਹੁਦੇਦਾਰਾਂ ਦੇ ਅਹੁਦੇ ਨੂੰ ਵੀ ਵਰਤਿਆ ਜਾਂਦਾ ਹੈ ਤੇ ਦੂਜੇ ਨੂੰ ਇਸ ਤਰ੍ਹਾਂ ਧਮਕੀ ਦਿੱਤੀ ਜਾਂਦੀ ਹੈ;

ਬਾਰੀਂ ਬਰਸੀ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਥਾਲੀ
ਕੈਦ ਕਰਾ ਦੂੰਗੀ
ਮੈਂ ਡਿਪਟੀ ਦੀ ਸਾਲੀ

ਔਖ ਸੌਖ ਹੁੰਦੇ ਹੋਏ ਵੀ ਪੜ੍ਹਾਈ ਦਾ ਮਹੱਤਵ ਬਹੁਤ ਹੈ। ਪੜ੍ਹੇ ਲਿਖੇ ਵਿਅਕਤੀ ਦੀ ਸ਼ਖ਼ਸੀਅਤ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਸਮਾਜ ਵਿੱਚ ਪੜ੍ਹੇ ਲਿਖੇ ਦੀ ਕਦਰ ਹੈ ਕਿਉਂਕਿ ਪੜ੍ਹੇ ਲਿਖੇ ਨੂੰ ਨੌਕਰੀ ਮਿਲਣ ਦੀ ਉਮੀਦ ਹੁੰਦੀ ਹੈ। ਇਸ ਤਰ੍ਹਾਂ ਔਰਤ ਚਾਹੇ ਭੈਣ ਦੇ ਰੂਪ ਵਿੱਚ ਹੋਵੇ ਚਾਹੇ ਮਾਂ ਦੇ ਰੂਪ ਵਿੱਚ ਚਾਹੇ ਪਤਨੀ ਦੇ ਰੂਪ ਵਿੱਚ ਤਾਂ ਉਹ ਪੜ੍ਹੇ ਲਿਖੇ ਬਾਰੇ ਆਪਣੇ ਵਿਚਾਰਾਂ ਨੂੰ ਗੀਤਾਂ ਦਾ ਰੂਪ ਦੇ ਕੇ ਇਸ ਤਰ੍ਹਾਂ ਕਹਿੰਦੀ ਹੈ;

ਹੋਰਾਂ ਦੇ ਮਾਹੀਏ ਤਾਂ ਖੁੰਢਾਂ ਉੱਤੇ ਬਹਿੰਦੇ
ਮੇਰਾ ਮਾਹੀਆ ਸੱਥ ਵਿੱਚ ਨੀਂ
ਜਿਹਦੇ ਕਲਮ ਦਵਾਤ ਹੱਥ ਵਿੱਚ ਨੀਂ

# ਮਧਾਣੀ ਮੇਰੀ ਰੰਗਲੀ.....



**ਡਾ.ਪ੍ਰਿਤਪਾਲ ਸਿੰਘ ਮਹਿਰੋਕ**

ਪਹਿਲੇ ਸਮਿਆਂ ਵਿੱਚ ਘਰਾਂ ਵਿੱਚ ਦੁੱਧ ਨੂੰ ਹੱਥਾਂ ਨਾਲ ਰਿੜਕ ਕੇ ਮੱਖਣ ਕੱਢਿਆ ਜਾਂਦਾ ਸੀ। ਹੁਣ ਵੀ ਪੰਜਾਬ ਵਿੱਚ ਪਰੰਪਰਾਗਤ ਜਾਂ ਕਿਸੇ ਬਦਲਵੇਂ ਰੂਪ ਵਿੱਚ ਦਹੀਂ ਰਿੜਕਿਆ ਜਾਂਦਾ ਹੈ ਤੇ ਉਸ ਵਿੱਚੋਂ ਮੱਖਣ ਕੱਢਿਆ ਜਾਂਦਾ ਹੈ। ਪਹਿਲੇ ਸਮਿਆਂ ਵਿੱਚ ਔਰਤਾਂ ਤੜਕਸਾਰ ਉੱਠ ਕੇ ਨੇਮ ਨਾਲ ਦੁੱਧ/ਦਹੀਂ ਰਿੜਕਦੀਆਂ ਸਨ ਤੇ ਨਾਲ ਹੀ ਨਾਮ ਜਪਦੀਆਂ ਜਾਂਦੀਆਂ ਸਨ। ਦਹੀਂ ਰਿੜਕਣ ਦੀ ਪ੍ਰਕਿਰਿਆ ਲੱਸੀ ਵਿੱਚੋਂ ਮੱਖਣ ਕੱਢਣ ਨਾਲ ਸਿਰੇ ਚੜ੍ਹਦੀ ਸੀ ਤੇ ਫਿਰ ਔਰਤਾਂ ਲੱਸੀ ਵਗੈਰਾ ਨੂੰ ਸਾਂਭਣ ਦੇ ਆਹਰ ਵਿੱਚ ਜੁਟ ਜਾਂਦੀਆਂ ਸਨ। ਦਹੀਂ ਰਿੜਕਣ ਦਾ ਕੰਮ ਅਕਸਰ ਤੜਕਸਾਰ ਕਰ ਲਿਆ ਜਾਂਦਾ ਸੀ। ਉਹ ਵੀ ਸਮੇਂ ਸਨ ਜਦੋਂ ਸਵੇਰ ਸਾਰ ਚਾਟੀ ਵਿੱਚ ਮਧਾਣੀ ਪੈ ਜਾਂਦੀ ਸੀ ਅਤੇ ਮਧਾਣੀਆਂ ਦੇ ਘੁੰਮਣ ਦੀ ਘੂੰਅ ਘੂੰਅ ਦੀ ਆਵਾਜ਼ ਨਾਲ ਘਰ ਤੇ ਚੌਗਿਰਦਾ ਝੂਮ ਉੱਠਦਾ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- 'ਮਧਾਣੀ ਦਹੀਂ ਨੂੰ ਰਿੜਕਣ ਵਾਲਾ ਇੱਕ ਡੰਡਾ ਹੁੰਦਾ ਹੈ, ਜਿਸ ਦੇ ਹੇਠਾਂ ਫੁੱਲ ਦੀ ਸ਼ਕਲ ਦਾ ਚੱਕਰ ਬਣਿਆ ਹੁੰਦਾ ਹੈ। ਇਸ ਨਾਲ ਨੇਤਰਾ ਬੰਨ੍ਹ ਕੇ ਦਹੀਂ ਨੂੰ ਚਾਟੀ ਵਿੱਚ ਪਾ ਕੇ ਮਥਿਆ (ਰਿੜਕਿਆ) ਜਾਂਦਾ ਹੈ। ਦਹੀਂ ਨੂੰ ਮੱਥਣ ਦੀ ਪਰੰਪਰਾ ਬਹੁਤ ਪੁਰਾਣੀ ਹੈ।' (ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1877)। ਵਾਰਿਸ ਸ਼ਾਹ ਨੇ ਉਨ੍ਹਾਂ ਸਮਿਆਂ ਦੇ ਦ੍ਰਿਸ਼ਾਂ ਨੂੰ ਬਾਖ਼ੂਬੀ ਚਿਤਰਿਆ ਹੈ:

ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ
ਪਈਆਂ ਦੁੱਧ ਦੇ ਵਿੱਚ ਮਧਾਣੀਆਂ ਨੀ।
ਇਕਨਾ ਉੱਠਕੇ ਰਿੜਕਣਾ ਪਾ ਦਿੱਤਾ
ਇੱਕ ਧੋਂਦੀਆਂ ਫਿਰਨ ਮਧਾਣੀਆਂ ਨੀ।

ਮਧਾਣੀ ਦਾ ਮੁੱਖ ਧੁਰਾ ਲੱਕੜ ਦਾ ਬਣਿਆ ਲਗਪਗ ਤਿੰਨ ਕੁ ਫੁੱਟ ਦਾ ਗੋਲਾਕਾਰ ਡੰਡਾ ਹੁੰਦਾ ਹੈ। ਉਸ ਡੰਡੇ ਦੇ ਹੇਠਲੇ ਸਿਰੇ 'ਤੇ ਗਿੱਠ ਕੁ ਦੇ ਕਰੀਬ ਜਾਂ ਉਸਤੋਂ ਕੁਝ ਘੱਟ ਲੱਕੜੀ ਦੇ ਚਰਖੜੀ ਵਰਗੇ ਦੋ ਟੁਕੜੇ ਫਿੱਟ ਕੀਤੇ ਗਏ ਹੁੰਦੇ ਹਨ। ਗੋਲਾਈ ਵਾਲੇ ਮੁੱਖ ਡੰਡੇ ਉੱਪਰਲੇ ਹਿੱਸੇ 'ਤੇ ਗੋਲਾਈ ਵਿੱਚ ਹੀ ਕੁਝ ਵੱਢ੍ਹੇ (ਬਾਰੀਕ ਝਰੀਆਂ) ਹੁੰਦੇ ਹਨ। ਮਧਾਣੀ ਨਾਲ ਬੰਨ੍ਹੇ ਘੁੰਗਰੂਆਂ ਦੀ ਛਣਛਣ ਦੀਆਂ ਆਵਾਜ਼ਾਂ ਜਿਵੇਂ ਕਿਸੇ ਅਜੀਬ ਵੰਨਗੀ ਦੀ ਧੁਨ ਛੇੜ ਦਿੰਦੀਆਂ ਸਨ। ਉਹ ਆਵਾਜ਼ਾਂ ਸੰਗੀਤ ਨਾਲ ਉਪਜਦੀ ਸੁਰ-ਤਾਲ ਦੀ ਲੈਆਤਮਿਕ ਧੁਨ ਦਾ ਅਹਿਸਾਸ ਕਰਵਾਉਣ ਵਾਲੀਆਂ ਹੁੰਦੀਆਂ ਸਨ। ਮਧਾਣੀ ਵਿੱਚ ਪਈਆਂ ਝਰੀਆਂ ਦੁਆਲੇ ਵਲੇ ਨੇਤਰੇ (ਡੋਰੀ) ਨਾਲ ਮਧਾਣੀ ਨੂੰ ਘੁੰਮਾਇਆ ਜਾਂਦਾ ਹੈ। ਹੇਠਾਂ ਘੜਵੰਜੀ ਉੱਤੇ ਚਾਟੀ ਟਿਕਾਈ ਜਾਂਦੀ ਹੈ, ਜਿਸ ਵਿੱਚ ਰਿੜਕਣ ਵਾਲਾ ਦਹੀਂ ਪਾਇਆ ਜਾਂਦਾ ਹੈ। ਚਾਟੀ ਮਿੱਟੀ ਦਾ ਬਣਿਆ ਤੇ ਪਕਾਇਆ ਖੁੱਲ੍ਹੇ ਮੂੰਹ ਵਾਲਾ, ਖੁੱਲ੍ਹਾ ਭਾਂਡਾ ਹੁੰਦੀ ਹੈ। ਮਧਾਣੀ ਨੂੰ ਕੁੜ ਵਿੱਚ ਟਿਕਾ ਲਿਆ ਜਾਂਦਾ ਹੈ। ਕੁੜ ਲੱਕੜ ਦਾ ਬਣਿਆ ਯੂ ਆਕਾਰ ਦਾ ਹੋਲਡਰ ਹੁੰਦਾ ਹੈ। ਕੁੜ ਦੇ ਦੋਹਾਂ ਸਿਰਿਆਂ 'ਤੇ ਇੱਕ ਪੱਕੀ ਸੂਤੀ ਰੱਸੀ ਬੰਨ੍ਹੀ ਹੁੰਦੀ ਹੈ। ਉਸਨੂੰ ਚਾਟੀ 'ਤੇ ਰੱਖ ਕੇ ਵਿੱਚੋਂ ਮਧਾਣੀ ਦਾ ਡੰਡਾ ਲੰਘਾਇਆ ਜਾਂਦਾ ਹੈ। ਚਾਟੀ ਘੜਵੰਜੀ 'ਤੇ ਰੱਖੀ ਹੁੰਦੀ ਹੈ। ਕੁੜ ਨੂੰ ਚਾਟੀ 'ਤੇ ਰੱਖ ਕੇ ਉਸ ਵਿੱਚੋਂ ਮਧਾਣੀ ਦੇ ਡੰਡੇ ਨੂੰ ਲੰਘਾ ਕੇ ਘੜਵੰਜੀ 'ਤੇ ਲੱਗੇ ਡੰਡੇ ਨਾਲ ਕੱਸ ਕੇ ਬੰਨ੍ਹ ਦਿੱਤਾ ਜਾਂਦਾ ਹੈ। ਇਸ ਸਥਿਤੀ ਵਿੱਚ ਟਿਕਾ ਕੇ ਮਧਾਣੀ ਨੂੰ ਚਾਟੀ ਵਿੱਚ ਘੁੰਮਾਇਆ ਜਾਂਦਾ ਹੈ। ਮਧਾਣੀ ਨੂੰ ਨੇਤਰੇ ਨਾਲ ਘੁੰਮਾਇਆ ਜਾਂਦਾ ਹੈ। ਨੇਤਰੇ ਦੇ ਦੋਹਾਂ ਸਿਰਿਆਂ ਨੂੰ ਫੜਨ ਲਈ ਸਿਰਿਆਂ 'ਤੇ ਲੱਕੜ ਦੀ ਇੱਕ ਇੱਕ ਗੋਲ ਗੁੱਲੀ ਬੰਨ੍ਹ ਦਿੱਤੀ ਜਾਂਦੀ ਸੀ। ਉਨ੍ਹਾਂ ਗੁੱਲੀਆਂ ਵਿੱਚ ਉਂਗਲਾਂ ਫਸਾ ਕੇ ਮਧਾਣੀ ਨੂੰ ਆਸਾਨੀ ਨਾਲ ਘੁੰਮਾਇਆ ਜਾ ਸਕਦਾ ਹੈ। ਪਕੜ ਵੀ ਚੰਗੀ ਬਣੀ ਰਹਿੰਦੀ। ਪੰਜਾਬੀ ਲੋਕਧਾਰਾ ਵਿੱਚ ਮਧਾਣੀ ਦਾ ਜ਼ਿਕਰ ਬਹੁਤ ਥਾਈਂ ਬੜੀ ਸ਼ਿੱਦਤ ਨਾਲ ਕੀਤਾ ਗਿਆ ਮਿਲਦਾ ਹੈ। ਮਧਾਣੀ ਦਾ ਸੰਦ ਕਿਉਂਕਿ ਲੋਕ ਮਨ ਦੀ ਕਾਢ ਮੰਨਿਆ ਜਾਂਦਾ ਹੈ, ਇਸ ਲਈ ਲੋਕਧਾਰਾ ਵਿੱਚ ਉਸਦਾ ਵਰਣਨ ਕੀਤਾ ਜਾਣਾ ਮਹਿਜ਼ ਸੁਭਾਵਿਕ ਵਰਤਾਰਾ ਬਣ ਜਾਂਦਾ ਹੈ ਤੇ ਮਧਾਣੀ ਨਾਲ ਸਬੰਧਿਤ ਕਈ ਗੀਤ ਵੀ ਲੋਕ ਗੀਤ ਦਾ ਦਰਜਾ ਹਾਸਲ ਕਰ ਲੈਂਦੇ ਹਨ:

* ਮਧਾਣੀਆਂ.......
ਹਾਏ ਉਇ ਡਾਢਿਆ ਰੱਬਾ
ਕਿੰਨਾਂ ਜੰਮੀਆਂ, ਕਿੰਨ੍ਹਾਂ ਨੇ ਲੈ ਜਾਣੀਆਂ.......
* ਮਧਾਣੀਆਂ, ਮਧਾਣੀਆਂ, ਮਧਾਣੀਆਂ
ਪੇਕੇ ਦੋਵੇਂ ਭੈਣਾਂ ਨੱਚੀਆਂ
ਸਹੁਰੇ ਨੱਚੀਆਂ ਦਰਾਣੀਆਂ ਜਠਾਣੀਆਂ
ਪੇਕੇ ਦੋਵੇਂ.......

ਪੰਜਾਬੀ ਦੇ ਇਕ ਲੋਕ ਗੀਤ ਦੀ ਇੱਕ ਹੋਰ ਤੁਕ ਵਿੱਚ ਧਾਰ ਕੱਢਣ ਤੇ ਦੁੱਧ ਰਿੜਕਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ:

o ਦੁੱਧ ਰਿੜਕੇ ਝਾਂਜਰਾਂ ਵਾਲੀ
ਕੈਂਠੇ ਵਾਲਾ ਧਾਰ ਕੱਢਦਾ.......
o ਮਧਾਣੀ ਮੇਰੀ ਰੰਗਲੀ,ਤੇ ਚਾਟੀ ਮੇਰੀ ਕੋਰੀ
ਅੱਧ ਰਿੜਕੇ ਦਾ ਛੰਨਾ ਪੀ ਜਾ, ਸੱਸ ਚੰਦਰੀ ਤੋਂ ਚੋਰੀ..

ਦੁੱਧ/ਦਹੀਂ ਨੂੰ ਰਿੜਕਣਾ ਤੇ ਚਾਟੀਆਂ ਨੂੰ ਮਾਂਜਣਾ, ਕੂਚਣਾ, ਧੋਣਾ, ਸੰਵਾਰਨਾ, ਸੁਕਾਉਣਾ ਆਦਿ ਬਹੁਤ ਕਠਿਨ ਕੰਮ ਸਮਝੇ ਜਾਂਦੇ ਸਨ। ਅਜਿਹਾ ਕੰਮ ਕਰਦੀ ਕਰਦੀ ਥੱਕ ਹਾਰ ਗਈ ਇੱਕ ਸੁਆਣੀ ਆਪਣੇ ਮਨ ਦਾ ਦਰਦ ਇੰਜ ਪ੍ਰਗਟ ਕਰਦੀ ਹੈ:

* ਕੂਚ ਕੂਚ ਚਾਟੀਆਂ ਮੈਂ ਹੇਠਾਂ ਉੱਤੇ ਰੱਖੀਆਂ
ਉਤਲੀ ਚਾਟੀ ਵਿੱਚ ਲੱਸੀ ਮਾਏ ਮੇਰੀਏ..
ਸੌਂਕਣ ਬੜੀ ਕੁਪੱਤੀ ਮਾਏ ਮੇਰੀਏ....।
* ਸੱਸੂ ਨੇ ਤਾਂ ਪਾ ਲੀ ਮਧਾਣੀ ਉੱਠਕੇ ਵੱਡੇ ਤੜਕੇ
ਮੈਨੂੰ ਕਹਿੰਦੀ ਚੱਕੀ ਝੋਅ ਲੈ,
ਕੰਮ ਮੁਕਾਈਏ ਰਲ ਕੇ
ਉੱਠਿਆ ਨਾ ਜਾਏ ਸੱਸੀਏ
ਨੀਂਦ ਅੱਖਾਂ ਵਿੱਚ ਰੜਕੇ.......

ਦਹੀਂ ਰਿੜਕਣ ਵਾਲੀਆਂ ਔਰਤਾਂ ਦੀ ਇਸ ਪ੍ਰਕਿਰਿਆ ਦੌਰਾਨ ਸਰੀਰਕ ਕਸਰਤ ਵੀ ਹੋ ਜਾਂਦੀ ਸੀ। ਉਹ ਤੰਦਰੁਸਤ ਰਹਿੰਦੀਆਂ ਸਨ। ਉਹ ਹੱਥੀਂ ਕੰਮ ਕਰਨ ਵਿੱਚ ਵਿਸ਼ਵਾਸ ਰੱਖਦੀਆਂ ਸਨ। ਹੱਥੀਂ ਕੰਮ ਕਰਕੇ ਉਹ ਤਸੱਲੀ ਮਹਿਸੂਸ ਕਰਦੀਆਂ ਸਨ। ਘਰ ਵਿੱਚ ਦਿਨ ਭਰ ਵਾਸਤੇ ਲੱਸੀ ਨੂੰ ਪੀਣ ਲਈ ਵਰਤਿਆ ਜਾਂਦਾ ਸੀ। ਚਾਟੀ ਦੀ ਲੱਸੀ ਨੂੰ ਘਰ ਦੀ ਬਰਕਤ ਸਮਝਿਆ ਜਾਂਦਾ ਸੀ। ਗਰਮੀਆਂ ਦੇ ਦਿਨੀਂ ਵਰਦਾਨ ਸਮਝੀ ਜਾਣ ਵਾਲੀ ਲੱਸੀ ਨੂੰ ਆਂਢ ਗੁਆਂਢ ਵਿੱਚ ਵੀ ਭੇਜ ਦਿੱਤਾ ਜਾਂਦਾ ਸੀ ਜਾਂ ਆਂਢੀ-ਗੁਆਂਢੀ ਆਪ ਆ ਕੇ ਲੱਸੀ ਲੈ ਜਾਂਦੇ ਸਨ। ਕੱਚੇ ਕੋਰੇ ਘੜੇ ਜਾਂ ਮਟਕੀ ਵਿੱਚ ਸਾਂਭ ਕੇ ਰੱਖੀ ਲੱਸੀ ਨੂੰ ਦਿਨ ਭਰ ਲਈ ਪੀਣ ਵਾਸਤੇ ਵਰਤ ਲਿਆ ਜਾਂਦਾ ਸੀ।

ਖੂਹ ਵਿੱਚ ਪਾਣੀ, ਮਾਂ ਮੇਰੀ ਰਾਣੀ
ਕੱਢੇਗੀ ਕਸੀਦੜਾ, ਪਾਏਗੀ ਮਧਾਣੀ.......।

ਮਧਾਣੀ ਦੇ ਨਾਲ-ਨਾਲ ਕਈ ਲੋਕ ਗੀਤਾਂ ਵਿੱਚ ਚਾਟੀ ਦਾ ਜ਼ਿਕਰ ਵੀ ਆਉਂਦਾਹੈ। ਇਨ੍ਹਾਂ ਦੋਹਾਂ ਦੀ ਸਾਂਝ ਕਿਉਂ ਜੋ ਸਦੀਵੀ ਹੈ, ਇਸ ਲਈ ਚਾਟੀ ਦੀ ਗੱਲ ਕਰਨ ਵਾਲੇ ਲੋਕ ਗੀਤ ਵੀ ਵੇਖਦੇ ਹਾਂ:

ਬੀਕਾਨੇਰ 'ਚੋਂ ਉੱਠ ਲਿਆਂਦਾ ਦੇ ਕੇ ਰੋਕ ਪਚਾਸੀ
ਸ਼ਹਿਣੇ ਦੇ ਵਿੱਚ ਝਾਂਜਰ ਬਣਦੀ (**ਬਾਕੀ ਸਫ਼ਾ 27 'ਤੇ**)



# ਸਿਹਤ ਸੰਭਾਲ

## ਕਿਵੇਂ ਰਾਹਤ ਪਾਈਏ ਪਿੱਠ ਜਾਂ ਗਰਦਨ ਦੇ ਦਰਦ ਤੋਂ ?

ਕੀ ਤੁਹਾਡੀ ਪਿੱਠ ਜਾਂ ਗਰਦਨ 'ਚ ਅਕਸਰ ਤੇਜ਼ ਦਰਦ ਰਹਿੰਦਾ ਹੈ ? ਬਦਲਦੀ ਜੀਵਨਸ਼ੈਲੀ ਅਤੇ ਘੰਟਿਆਂਬੱਧੀ ਗਲਤ ਤਰੀਕੇ (ਪੌਸਚਰ) ਨਾਲ ਬੈਠੇ ਰਹਿਣਾ 'ਸਲਿੱਪ ਡਿਸਕ' ਦਾ ਕਾਰਨ ਹੋ ਸਕਦਾ ਹੈ। ਇਸ ਨੂੰ 'ਹਰਨੀਏਟਿਡ ਡਿਸਕ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਰੀੜ੍ਹ ਦੀ ਹੱਡੀ 'ਚ ਹੋਣ ਵਾਲੀ ਇੱਕ ਅਜਿਹੀ ਸਥਿਤੀ ਹੈ, ਜਿਸ ਵਿੱਚ ਬੈਕਬੋਨ (ਰੀੜ੍ਹ ਦੀ ਹੱਡੀ) ਦੇ ਵਿਚਕਾਰ ਮੌਜੂਦ ਡਿਸਕ ਕੁਦਰਤੀ ਤੌਰ 'ਤੇ ਜਾਂ ਸੱਟ ਲੱਗਣ ਕਾਰਨ ਆਪਣੀ ਜਗ੍ਹਾ ਤੋਂ ਖਿਸਕ ਜਾਂਦੀ ਹੈ ਜਾਂ ਲੀਕ ਹੋ ਜਾਂਦੀ ਹੈ। ਇਸ ਨਾਲ ਸਪਾਈਨਲ ਕੋਰਡ (ਰੀੜ੍ਹ ਦੀ ਨਾੜੀ) 'ਤੇ ਦਬਾਅ ਪੈਂਦਾ ਹੈ ਤੇ ਨਸਾਂ 'ਚ ਜਲਣ ਹੁੰਦੀ ਹੈ ਜਿਸ ਨਾਲ ਤੇਜ਼ ਦਰਦ, ਸੁੰਨ ਹੋਣਾ ਅਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ।

ਇਹ ਸਮੱਸਿਆ ਜ਼ਿਆਦਾਤਰ ਕਮਰ ਦੇ ਹੇਠਲੇ ਹਿੱਸੇ ਤੇ ਗਰਦਨ 'ਚ ਹੁੰਦੀ ਹੈ। ਕੀ ਤੁਸੀਂ ਜਾਣਦੇ ਹੋ ਕਿ ਕੁਝ ਮਾਮਲਿਆਂ 'ਚ ਸਲਿੱਪ ਡਿਸਕ ਨੂੰ ਬਿਨਾਂ ਕਿਸੇ ਆਪ੍ਰੇਸ਼ਨ ਦੇ ਸਮੇਂ ਸਿਰ ਇਲਾਜ ਨਾਲ ਠੀਕ ਕੀਤਾ ਜਾ ਸਕਦਾ ਹੈ ? ਆਓ ਜਾਣਦੇ ਹਾਂ ਇਸ ਦੇ ਸ਼ੁਰੂਆਤੀ ਲੱਛਣ ਅਤੇ ਇਸ ਤੋਂ ਰਾਹਤ ਪਾਉਣ ਦੇ ਕੁਝ ਤਰੀਕੇ।

**ਕਮਰ 'ਚ ਸਲਿੱਪ ਡਿਸਕ ਦੇ ਲੱਛਣ**


ਸਲਿੱਪ ਡਿਸਕ ਦੀ ਪਰੇਸ਼ਾਨੀ ਰੀੜ੍ਹ ਦੀ ਹੱਡੀ ਦੇ ਕਿਸੇ ਵੀ ਹਿੱਸੇ 'ਚ ਹੋ ਸਕਦੀ ਹੈ, ਪਰ ਪਿੱਠ ਦੇ ਹੇਠਲੇ ਹਿੱਸੇ 'ਚ ਇਹ ਸਮੱਸਿਆ ਹੋਣਾ ਆਮ ਗੱਲ ਹੈ। ਇੱਥੇ ਸਲਿੱਪ ਡਿਸਕ ਦੀ ਸਮੱਸਿਆ ਹੋਣ ਨਾਲ ਅਕਸਰ 'ਸਾਈਟਿਕਾ' ਦਾ ਦਰਦ ਸ਼ੁਰੂ ਹੋਣ ਲੱਗਦਾ ਹੈ। ਇਸ ਵਿੱਚ ਲੱਕ ਤੋਂ ਲੈ ਕੇ ਪੈਰ ਦੀਆਂ ਉਂਗਲਾਂ ਤੱਕ ਤੇਜ਼ ਦਰਦ ਮਹਿਸੂਸ ਹੁੰਦਾ ਹੈ। ਨਾਲ ਹੀ, ਉੱਠਣ-ਬੈਠਣ ਅਤੇ ਚੱਲਣ ਵਿੱਚ ਦਿੱਕਤ ਹੁੰਦੀ ਹੈ ਅਤੇ ਮਾਸਪੇਸ਼ੀਆਂ ਵਿੱਚ ਕਮਜ਼ੋਰੀ ਆ ਜਾਂਦੀ ਹੈ।

**ਗਰਦਨ 'ਚ ਸਲਿੱਪ ਡਿਸਕ ਦੇ ਲੱਛਣ**

ਜੇਕਰ ਤੁਹਾਨੂੰ ਗਰਦਨ ਦੇ ਪਿੱਛੇ ਜਾਂ ਪਾਸਿਆਂ 'ਤੇ ਲਗਾਤਾਰ ਦਰਦ ਰਹਿੰਦਾ ਹੈ ਤਾਂ ਸਾਵਧਾਨ ਹੋ ਜਾਓ। ਗਰਦਨ 'ਚ ਡਿਸਕ ਦੀ ਸਮੱਸਿਆ ਹੋਣ 'ਤੇ ਮੋਢਿਆਂ ਅਤੇ ਹੱਥਾਂ 'ਚ ਸੁੰਨ ਹੋਣਾ ਜਾਂ ਝੁਣਝੁਣੀ ਮਹਿਸੂਸ ਹੋ ਸਕਦੀ ਹੈ। ਅਕਸਰ ਇਹ ਦਰਦ ਮੋਢਿਆਂ ਦੇ ਵਿਚਕਾਰ ਅਤੇ ਹੱਥਾਂ ਦੀਆਂ ਉਂਗਲਾਂ ਤੱਕ ਵੀ ਪਹੁੰਚ ਜਾਂਦਾ ਹੈ। ਗਰਦਨ ਘੁਮਾਉਂਦੇ ਜਾਂ ਝੁਕਾਉਂਦੇ ਸਮੇਂ ਦਰਦ ਦਾ ਵਧਣਾ ਇਸ ਦਾ ਇੱਕ ਵੱਡਾ ਸੰਕੇਤ ਹੈ।

ਇਸ ਦੇ ਦਰਦ ਤੋਂ ਘਰ ਵਿੱਚ ਕਿਵੇਂ ਪਾਈਏ ਰਾਹਤ ?

ਸਲਿੱਪ ਡਿਸਕ ਦਾ ਦਰਦ ਸਮੇਂ ਦੇ ਨਾਲ ਆਪਣੇ ਆਪ ਠੀਕ ਹੋ ਜਾਂਦਾ ਹੈ। ਜੇਕਰ ਦਰਦ ਬਹੁਤ ਜ਼ਿਆਦਾ ਹੈ ਤਾਂ 1 ਤੋਂ 3 ਦਿਨਾਂ ਤਕ ਆਰਾਮ ਕਰੋ, ਪਰ ਬਹੁਤ ਜ਼ਿਆਦਾ ਸਮੇਂ ਤੱਕ ਬੈੱਡ ਰੈਸਟ ਨਾ ਕਰੋ, ਨਹੀਂ ਤਾਂ ਸਰੀਰ ਵਿੱਚ ਅਕੜਾਅ ਵਧ ਸਕਦਾ ਹੈ। ਦਰਦ ਘੱਟ ਕਰਨ ਲਈ ਤੁਸੀਂ ਡਾਕਟਰ ਦੀ ਸਲਾਹ 'ਤੇ ਪੇਨ ਕਿੱਲਰ ਲੈ ਸਕਦੇ ਹੋ। ਇਸ ਦੇ ਨਾਲ ਹੀ, ਪ੍ਰਭਾਵਿਤ ਹਿੱਸੇ 'ਤੇ ਬਰਫ਼ ਜਾਂ ਗਰਮ ਪਾਣੀ ਨਾਲ ਸੇਕ ਕਰਨ 'ਤੇ ਕਾਫੀ ਰਾਹਤ ਮਿਲਦੀ ਹੈ।





## ਰਾਤਾਂ ਦੀ ਨੀਂਦ 'ਤੇ ਅਸਰ ਪਾਉਂਦੈ ਮੋਬਾਇਲ ਫੋਨ

ਇਹ ਸੁਣਨ ਵਿੱਚ ਅਜਿਹਾ ਲੱਗ ਸਕਦਾ ਹੈ ਕਿ ਅਸੀਂ ਖੁਦ ਨੂੰ ਰਿਲੈਕਸ ਕਰਨ ਲਈ ਫਨੀ ਮੀਮਜ਼ ਦੇਖ ਰਹੇ ਹਾਂ, ਪਰ ਅਸਲ ਵਿੱਚ ਇਹ ਆਦਤ ਤੁਹਾਡੀ ਮਾਨਸਿਕ ਸਿਹਤ ਅਤੇ ਨੀਂਦ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੀ ਹੈ। ਆਓ ਸਮਝੀਏ ਕਿ ਰਾਤ ਦੇ ਹਨੇਰੇ ਵਿੱਚ 'ਡੂਮ-ਸਕ੍ਰੋਲਿੰਗ' ਕਰਨਾ ਤੁਹਾਡੀ ਨੀਂਦ ਕਿਵੇਂ ਖਰਾਬ ਕਰ ਰਿਹਾ ਹੈ।

**ਨੀਂਦ ਉੱਡਣ ਦੇ ਮੁੱਖ ਕਾਰਨ:**

**ਬਲੂ ਲਾਈਟ ਦਾ ਖੇਡ:** ਸਾਡਾ ਸਰੀਰ ਇੱਕ ਬਾਇਓਲੋਜੀਕਲ ਘੜੀ ਅਨੁਸਾਰ ਕੰਮ ਕਰਦਾ ਹੈ। ਸੂਰਜ ਡੁੱਬਣ ਤੋਂ ਬਾਅਦ ਸਾਡਾ ਦਿਮਾਗ ਮੇਲਾਟੋਨਿਨ ਹਾਰਮੋਨ ਰਿਲੀਜ਼ ਕਰਨ ਦਾ ਸਿਗਨਲ ਦਿੰਦਾ ਹੈ, ਜੋ ਸੌਣ ਦਾ ਸੰਕੇਤ ਹੈ। ਪਰ ਫ਼ੋਨ ਦੀ ਬਲੂ ਲਾਈਟ ਇਸ ਸਿਗਨਲ ਨੂੰ ਡਿਸਟਰਬ ਕਰ ਦਿੰਦੀ ਹੈ, ਜਿਸ ਨਾਲ ਨੀਂਦ ਗਾਇਬ ਹੋ ਜਾਂਦੀ ਹੈ।


**ਦਿਮਾਗ ਅਲਰਟ ਮੋਡ 'ਤੇ:** ਨੀਂਦ ਲਈ ਦਿਮਾਗ ਦਾ ਸ਼ਾਂਤ ਹੋਣਾ ਜ਼ਰੂਰੀ ਹੈ। ਜਦੋਂ ਤੁਸੀਂ ਭੜਕਾਊ ਵੀਡੀਓ, ਸਿਆਸੀ ਬਹਿਸ ਜਾਂ ਦੁਖਦਾਈ ਖ਼ਬਰਾਂ ਦੇਖਦੇ ਹੋ, ਤਾਂ ਦਿਮਾਗ ਜਾਣਕਾਰੀ ਨੂੰ ਪ੍ਰੋਸੈਸ ਕਰਨ ਵਿੱਚ ਲੱਗ ਜਾਂਦਾ ਹੈ ਅਤੇ ਰਿਲੈਕਸ ਨਹੀਂ ਹੋ ਪਾਉਂਦਾ।

**ਤਣਾਅ ਅਤੇ ਕੋਰਟੀਸੋਲ ਦਾ ਵਧਣਾ:** ਨੈਗੇਟਿਵ ਕੰਟੈਂਟ ਦੇਖਣ ਨਾਲ ਸਰੀਰ ਵਿੱਚ ਕੋਰਟੀਸੋਲ ਦਾ ਪੱਧਰ ਵੱਧ ਜਾਂਦਾ ਹੈ। ਇਹ ਨਾ ਸਿਰਫ਼ ਨੀਂਦ ਵਿੱਚ ਵਿਘਨ ਪਾਉਂਦਾ ਹੈ, ਸਗੋਂ ਸਵੇਰੇ ਉੱਠਣ 'ਤੇ ਤੁਹਾਨੂੰ ਥਕਾਵਟ ਵੀ ਮਹਿਸੂਸ ਕਰਵਾਉਂਦਾ ਹੈ।

**ਡੂਮ-ਸਕ੍ਰੋਲਿੰਗ ਦੀ ਆਦਤ ਕਿਵੇਂ ਛੱਡੀਏ ?**

ਡਿਜੀਟਲ ਕਰਫਿਊ: ਸੌਣ ਤੋਂ ਘੱਟੋ-ਘੱਟ 1 ਘੰਟਾ ਪਹਿਲਾਂ ਫ਼ੋਨ ਆਪਣੇ ਤੋਂ ਦੂਰ ਕਰ ਦਿਓ।

ਪੁਰਾਣਾ ਤਰੀਕਾ ਅਪਣਾਓ: ਅਲਾਰਮ ਲਈ ਫ਼ੋਨ ਦੀ ਜਗ੍ਹਾ ਸਧਾਰਨ ਅਲਾਰਮ ਘੜੀ ਦੀ ਵਰਤੋਂ ਕਰੋ।ਨਾਈਟ ਮੋਡ: ਜੇਕਰ ਫ਼ੋਨ ਚਲਾਉਣਾ ਬਹੁਤ ਜ਼ਰੂਰੀ ਹੋਵੇ, ਤਾਂ ਬਲੂ ਲਾਈਟ ਫਿਲਟਰ ਜਾਂ ਨਾਈਟ ਮੋਡ ਚਾਲੂ ਰੱਖੋ।





## 'ਡੇਟਿੰਗ ਬਰਨਆਊਟ' ਦਾ ਸ਼ਿਕਾਰ ਹੋ ਰਹੇ ਹਨ ਨੌਜਵਾਨ

ਕੀ ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਡੇਟਿੰਗ ਐਪਸ 'ਤੇ ਘੰਟਿਆਂ ਬੱਧੀ ਸਮਾਂ ਬਿਤਾਉਣ ਦੇ ਬਾਵਜੂਦ ਤੁਹਾਨੂੰ ਖੁਸ਼ੀ ਨਹੀਂ, ਸਗੋਂ ਚਿੜਚਿੜਾਪਨ ਜਾਂ ਥਕਾਵਟ ਮਹਿਸੂਸ ਹੋ ਰਹੀ ਹੈ ? ਜੇਕਰ ਹਾਂ, ਤਾਂ ਤੁਸੀਂ 'ਡੇਟਿੰਗ ਬਰਨਆਊਟ' ਦਾ ਸ਼ਿਕਾਰ ਹੋ ਸਕਦੇ ਹੋ। ਨਵੇਂ ਲੋਕਾਂ ਨੂੰ ਮਿਲਣਾ, ਖੁਦ ਨੂੰ ਪਰਫੈਕਟ ਦਿਖਾਉਣਾ ਅਤੇ ਫਿਰ ਰਿਜੈਕਸ਼ਨ (ਨਕਾਰੇ ਜਾਣ) ਦਾ ਸਾਹਮਣਾ ਕਰਨਾ ਮਾਨਸਿਕ ਤੌਰ 'ਤੇ ਬਹੁਤ ਥਕਾ ਦੇਣ ਵਾਲਾ ਹੁੰਦਾ ਹੈ।

ਸੌਖੇ ਸ਼ਬਦਾਂ ਵਿੱਚ ਜਦੋਂ ਪਿਆਰ ਦੀ ਭਾਲ ਜਾਂ ਡੇਟਿੰਗ ਦਾ ਉਤਸ਼ਾਹ ਇੱਕ ਕੰਮ ਜਾਂ ਬੋਝ ਵਾਂਗ ਲੱਗਣ ਲੱਗੇ ਤਾਂ ਉਸਨੂੰ ਡੇਟਿੰਗ ਬਰਨਆਊਟ ਕਹਿੰਦੇ ਹਨ। ਇਹ ਬਿਲਕੁਲ ਉਹੀ ਥਕਾਵਟ ਹੈ ਜੋ ਦਫ਼ਤਰ ਵਿੱਚ ਜ਼ਿਆਦਾ ਕੰਮ ਕਰਨ ਨਾਲ ਮਹਿਸੂਸ ਹੁੰਦੀ ਹੈ। ਇਨਸਾਨ ਨੂੰ ਲੱਗਦਾ ਹੈ ਕਿ ਉਹ ਇੱਕ ਚੱਕਰ ਵਿੱਚ ਫਸ ਗਿਆ ਹੈ—ਪ੍ਰੋਫਾਈਲ ਬਣਾਉਣਾ, ਮੈਚ ਲੱਭਣਾ, ਗੱਲ ਸ਼ੁਰੂ ਕਰਨਾ, ਡੇਟ 'ਤੇ ਜਾਣਾ ਅਤੇ ਫਿਰ ਸਭ ਕੁਝ ਖ਼ਤਮ ਹੋ ਜਾਣਾ।

**ਨੌਜਵਾਨਾਂ 'ਤੇ ਇਸ ਦਾ ਪ੍ਰਭਾਵ**

**ਆਤਮ-ਸਨਮਾਣ ਵਿੱਚ ਕਮੀ:** ਵਾਰ-ਵਾਰ ਰਿਜੈਕਸ਼ਨ ਜਾਂ 'ਘੋਸਟਿੰਗ' (ਬਿਨਾਂ ਦੱਸੇ ਗੱਲ ਬੰਦ ਕਰਨਾ) ਕਾਰਨ ਨੌਜਵਾਨਾਂ ਨੂੰ ਆਪਣੀ ਕਾਬਲੀਅਤ 'ਤੇ ਸ਼ੱਕ ਹੋਣ ਲੱਗਦਾ ਹੈ।

**ਮਾਨਸਿਕ ਤਣਾਅ ਅਤੇ ਐਂਗਜ਼ਾਇਟੀ:** ਹਰ ਵਾਰ ਨਵੇਂ ਵਿਅਕਤੀ ਸਾਹਮਣੇ ਆਪਣੀ ਕਹਾਣੀ ਦੁਹਰਾਉਣਾ ਅਤੇ ਫਿਰ ਨਿਰਾਸ਼ਾ ਹੱਥ ਲੱਗਣਾ ਤਣਾਅ ਪੈਦਾ ਕਰਦਾ ਹੈ।

ਵਿਕਲਪਾਂ ਦੀ ਭਰਮਾਰ ਐਪਸ 'ਤੇ ਇੰਨੇ ਜ਼ਿਆਦਾ ਆਪਸ਼ਨ ਮਿਲਦੇ ਹਨ ਕਿ ਨੌਜਵਾਨ ਕਿਸੇ ਇੱਕ ਵਿਅਕਤੀ ਨਾਲ ਡੂੰਘਾ ਰਿਸ਼ਤਾ ਨਹੀਂ ਬਣਾ ਪਾਉਂਦੇ। ਭਾਵਨਾਵਾਂ ਦਾ ਖ਼ਤਮ ਹੋਣਾ: ਲਗਾਤਾਰ ਅਸਫਲਤਾ ਤੋਂ ਬਾਅਦ ਲੋਕ ਭਾਵਨਾਤਮਕ ਤੌਰ 'ਤੇ ਸੁੰਨ ਹੋ ਜਾਂਦੇ ਹਨ।



**ਇਸ ਬਰਨਆਊਟ ਤੋਂ ਕਿਵੇਂ ਬਚੀਏ**

**ਡੇਟਿੰਗ ਡਿਟੌਕਸ :** ਕੁਝ ਸਮੇਂ ਲਈ ਸਾਰੀਆਂ ਡੇਟਿੰਗ ਐਪਸ ਨੂੰ ਅਨ-ਇੰਸਟਾਲ ਕਰ ਦਿਓ। ਇਹ ਬ੍ਰੇਕ ਤੁਹਾਡੇ ਦਿਮਾਗ ਨੂੰ ਰੀਸੈੱਟ ਕਰਨ ਵਿੱਚ ਮਦਦ ਕਰੇਗਾ।

**ਕੁਆਲਿਟੀ ਬਨਾਮ ਕੁਆਂਟਿਟੀ:** ਹਰ ਕਿਸੇ ਨਾਲ ਮੈਚ ਕਰਨ ਦੀ ਬਜਾਏ, ਸਿਰਫ਼ ਉਨ੍ਹਾਂ ਲੋਕਾਂ 'ਤੇ ਧਿਆਨ ਦਿਓ ਜਿਨ੍ਹਾਂ ਦੇ ਵਿਚਾਰ ਤੁਹਾਡੇ ਨਾਲ ਮਿਲਦੇ ਹੋਣ।

**ਖੁਦ 'ਤੇ ਧਿਆਨ ਦਿਓ:** ਡੇਟਿੰਗ ਨੂੰ ਜ਼ਿੰਦਗੀ ਦਾ ਕੇਂਦਰ ਬਣਾਉਣ ਦੀ ਬਜਾਏ ਆਪਣੀ ਹੌਬੀ, ਕਰੀਅਰ ਅਤੇ ਦੋਸਤਾਂ ਨੂੰ ਸਮਾਂ ਦਿਓ।

**ਆਫਲਾਈਨ ਮੁਲਾਕਾਤ:** ਕਿਸੇ ਵਰਕਸ਼ਾਪ, ਜਿਮ ਜਾਂ ਸਮਾਜਿਕ ਪ੍ਰੋਗਰਾਮ ਵਿੱਚ ਲੋਕਾਂ ਨੂੰ ਮਿਲਣਾ ਐਪਸ ਦੇ ਮੁਕਾਬਲੇ ਜ਼ਿਆਦਾ ਅਸਲੀ ਅਤੇ ਘੱਟ ਥਕਾਊ ਹੁੰਦਾ ਹੈ।

**ਗੁਰਬਚਨ ਸਿੰਘ ਭੁੱਲਰ**

# ਵਾਢੀ ਦੀ ਰੁੱਤ



ਅਰਜਨ ਸਿੰਘ ਦੀ ਅੱਖ ਖੁੱਲ੍ਹੀ ਤਾਂ ਚੁਬਾਰੇ ਦੀ ਪੂਰਬ ਵੱਲ ਦੀ ਖਿੜਕੀ ਵਿੱਚ ਅੰਬਰ ਗੂੜ੍ਹਾ ਗੁਲਾਬੀ ਹੋਇਆ ਪਿਆ ਸੀ। ਉਹਨੇ ਆਪਣੇ ਸਰੀਰ ਨੂੰ ਟੋਹਿਆ। ਕੁਝ ਦਿਨਾਂ ਦੀ ਬਿਮਾਰੀ ਕਾਰਨ ਅੱਖ ਖੁਲ੍ਹਦਿਆਂ ਹੀ ਉੱਠ ਬੈਠਣ ਤੋਂ ਝਿਜਕ ਆਉਣ ਲੱਗੀ ਸੀ। ਕੀ ਪਤਾ ਅੱਜ ਵੀ ਉਠਿਆ ਜਾਵੇ ਕਿ ਨਾ। ਕਿੰਨਾ ਹੀ ਚਿਰ ਉਹ ਜਾਗਦਾ ਪਿਆ ਰਿਹਾ। ਖਿੜਕੀ ਵਿੱਚ ਪੂਰਬ ਦਾ ਰੰਗ ਪਤਲਾ ਪੈਣ ਲੱਗ ਪਿਆ। ਗੁਲਾਬੀ ਭਾਹ ਖੁਰਦੀ-ਖੁਰਦੀ ਸਫ਼ੈਦੀ ਵਿੱਚ ਬਦਲਣ ਲੱਗੀ। ਆਖ਼ਰ ਦੁਮੇਲ ਉਤੇ ਸੂਰਜ ਦੀ ਕੰਨੀ ਦਿਖਾਈ ਦੇਣ ਲੱਗ ਪਈ।

ਉਹ ਹੰਭਲਾ ਮਾਰ ਕੇ ਬੈਠਾ ਹੋ ਗਿਆ। ਮੂੰਹ ਉਤੋਂ ਦੀ ਹੱਥ ਫੇਰ ਕੇ ਉਹਨੇ ਆਪਣੀਆਂ ਦੋਵੇਂ ਹਥੇਲੀਆਂ ਅੱਖਾਂ ਸਾਹਮਣੇ ਫੈਲਾ ਲਈਆਂ। ਸਾਰੀ ਉਮਰ ਕਿਸਮਤ ਉਹਦੇ ਨਾਲ ਰਹੀ ਸੀ। ਜਿਸ ਕੰਮ ਨੂੰ ਉਹ ਹੱਥ ਪਾਉਂਦਾ, ਉਹੋ ਸਿੱਧ ਹੁੰਦਾ ਤੁਰਿਆ ਜਾਂਦਾ। ਜਿਸ ਪਾਸੇ ਵੱਲ ਉਹ ਪੈਰ ਰਖਦਾ, ਰਾਹ ਆਪਣੇ ਆਪ ਖੁਲ੍ਹਦੇ ਜਾਂਦੇ। ਕਿਸੇ ਗੱਲ ਦਾ ਉਹਨੂੰ ਕਦੀ ਵਿਗੋਚਾ ਨਹੀਂ ਸੀ ਝੱਲਣਾ ਪਿਆ। ਕਿਸੇ ਗੱਲ ਦੀ ਕਦੀ ਕੋਈ ਘਾਟ ਮਹਿਸੂਸ ਨਹੀਂ ਸੀ ਹੋਈ। ਉਹ ਆਪਣੇ ਹੱਥਾਂ ਦੀਆਂ ਰੇਖਾਵਾਂ ਨੂੰ ਵਡਭਾਗੀਆਂ ਸਮਝਦਾ ਅਤੇ ਸਵੇਰੇ-ਸਵੇਰੇ ਉੱਠ ਕੇ ਅੱਖਾਂ ਖੋਲ੍ਹਣ ਤੋਂ ਮਗਰੋਂ ਕਿਸੇ ਹੋਰ ਨੂੰ ਮੱਥੇ ਲਾਉਣ ਦੀ ਥਾਂ ਸਭ ਤੋਂ ਪਹਿਲਾਂ ਆਪਣੇ ਭਾਗਾਂ ਦੀਆਂ ਰੇਖਾਵਾਂ ਦੇ ਹੀ ਜੀਅ ਭਰ ਕੇ ਦਰਸ਼ਨ ਕਰਦਾ।

ੈਰਾਂ ਵਿੱਚ ਜੁੱਤੀ ਫਸਾ ਕੇ ਖੜ੍ਹੇ ਹੁੰਦਿਆਂ ਉਹਨੇ ਅੰਗੜਾਈ ਲਈ। ਹੱਡਾਂ ਦੇ ਜੋੜਾਂ ਵਿੱਚ ਕਿੜ-ਕਿੜ ਹੋਈ ਅਤੇ ਸਾਰੀ ਦੇਹ ਖੁੱਲ੍ਹ ਗਈ। ਸਰੀਰ ਕਈ ਦਿਨਾਂ ਤੋਂ ਕੁਝ ਢਿੱਲਾ ਸੀ। ਮਨ ਵੀ ਠੀਕ ਨਹੀਂ ਸੀ। ਸਾਰੀ ਉਮਰ ਕਦੀ ਉਹਦਾ ਪਿੰਡਾ ਗਰਮ ਤੱਕ ਨਹੀਂ ਸੀ ਹੋਇਆ। ਬਿਮਾਰੀਆਂ ਦੀਆਂ ਗੱਲਾਂ ਅਤੇ ਰੋਗਾਂ ਦੀਆਂ ਪੀੜਾਂ ਉਹ ਦੂਜਿਆਂ ਤੋਂ ਹੀ ਸੁਣਦਾ ਆਇਆ ਸੀ। ਇਹ ਪਹਿਲੀ ਵਾਰ ਸੀ ਕਿ ਪਹਿਲਾਂ ਉਹਨੂੰ ਹੱਡ-ਭੰਨਣੀ ਜਿਹੀ ਮਹਿਸੂਸ ਹੋਈ ਅਤੇ ਫੇਰ ਸਰੀਰ ਡਿੱਗੂੰ-ਡਿੱਗੂੰ ਕਰਨ ਲੱਗਿਆ। ਕਈ ਦਿਨ ਤਾਂ ਉਹਤੋਂ ਮੰਜੇ ਤੋਂ ਉਠਿਆ ਹੀ ਨਾ ਗਿਆ। ਅੱਜ ਤੱਕ ਵੀ ਉਹ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋਇਆ।

ਘਰੇ ਕੰਮ ਕਰਦੀਆਂ ਨੂੰਹਾਂ ਨੂੰ ਉਹਦੇ ਹੁੰਦਿਆਂ ਘੁੰਡ ਕੱਢਣਾ ਪੈਂਦਾ। ਕੰਮ-ਧੰਦੇ ਦਾ ਸ਼ੋਰ-ਸ਼ਰਾਬਾ ਅਤੇ ਬੱਚਿਆਂ ਦਾ ਖੇਡਣਾ, ਰੌਲਾ-ਰੱਪਾ ਤੇ ਚੀਕ-ਚਿਹਾੜਾ ਵੀ ਸਭ ਜਿਵੇਂ ਕੰਨਾਂ ਨੂੰ ਚੰਗਾ ਨਹੀਂ ਸੀ ਲੱਗਦਾ। ਉਹ ਢਿੱਲਾ ਹੁੰਦਿਆਂ ਹੀ ਪੌੜੀਆਂ ਚੜ੍ਹ ਕੇ ਚੁਬਾਰੇ ਵਿੱਚ ਆ ਪਿਆ ਸੀ।

ਪਿੰਡ ਵਾਲੇ ਪੁਰਾਣੇ ਘਰ ਵਿਚੋਂ ਨਿੱਕਲ ਕੇ ਜਦੋਂ ਅਰਜਨ ਸਿੰਘ ਨੇ ਆਪਣੇ ਮੁਰੱਬੇ ਦੇ ਵਿਚਕਾਰ ਇਹ ਖੁੱਲ੍ਹਾ ਪੱਕਾ ਘਰ ਬਣਾਇਆ ਸੀ, ਉਹਨੇ ਨਾਲ ਹੀ ਚੁਬਾਰਾ ਵੀ ਛੱਤ ਲਿਆ ਸੀ। ਹੇਠਾਂ ਆਏ-ਗਏ ਨੂੰ ਬਿਠਾਉਣ ਲਈ ਪੱਕੀ ਬੈਠਕ ਤਾਂ ਸੀ ਪਰ ਕਈ ਮਹਿਮਾਨ ਨਿਵੇਕਲੇ ਬਿਠਾਉਣ ਵਾਲੇ ਵੀ ਹੁੰਦੇ ਸਨ। ਅਰਜਨ ਸਿੰਘ ਦੇ ਘਰ ਉਹਨਾਂ ਦਾ ਉਤਾਰਾ ਚੁਬਾਰੇ ਵਿੱਚ ਹੁੰਦਾ। ਖੁੱਲ੍ਹੇ ਵਿਹੜੇ ਵਿੱਚ ਇਕ ਪਾਸਿਓਂ ਪੌੜੀਆਂ ਚੜ੍ਹਦੀਆਂ ਸਨ। ਅਜਿਹੇ ਮਹਿਮਾਨਾਂ ਦੇ ਚੁਬਾਰੇ ਵਿੱਚ ਪਹੁੰਚਿਆਂ ਘਰ ਦੀਆਂ ਨੂੰਹਾਂ-ਧੀਆਂ ਬੇਝਿਜਕ ਕੰਮ-ਧੰਦਾ ਕਰ ਸਕਦੀਆਂ ਸਨ। ਉਂਝ ਆਮ ਤੌਰ ਉਤੇ ਚੁਬਾਰਾ ਬੰਦ ਹੀ ਰਹਿੰਦਾ। ਪਰਿਵਾਰ ਲਈ ਤਾਂ ਥਾਂ ਹੇਠਾਂ ਹੀ ਬਹੁਤ ਸੀ।

ਅਰਜਨ ਸਿੰਘ ਬਿਮਾਰ ਹੋ ਕੇ ਚੁਬਾਰੇ ਵਿੱਚ ਪਿਆ ਤਾਂ ਇੱਕ ਵਾਰ ਤਾਂ ਉਹਨੂੰ ਅਜੀਬ-ਅਜੀਬ ਲੱਗਿਆ। ਪਰ ਟੱਬਰ ਦੇ ਜੀਅ ਵਾਰ-ਵਾਰ ਚਾਹ-ਪਾਣੀ ਪੁਛਦੇ। ਦਵਾਈ ਵੇਲੇ ਦੁੱਧ ਦੀਆਂ ਘੁੱਟਾਂ ਨਾਲ ਦਵਾਈ ਦਿੰਦੇ। ਉਹਦੀ ਘਰ ਵਾਲੀ ਜੈਕੁਰ ਉਹਨੂੰ ਇਕੱਲਾ ਨਾ ਰਹਿਣ ਦਿੰਦੀ। ਉਹ ਮੁੜ-ਮੁੜ ਕੇ ਗੇੜੇ ਮਾਰਦੀ। ਖੇਤੋਂ ਆ ਕੇ ਮੁੰਡੇ ਪਹਿਲਾਂ ਉਹਦਾ ਪਤਾ ਲੈਂਦੇ, ਫੇਰ ਪਿੰਡੇ ਪਾਣੀ ਪਾਉਂਦੇ। ਨੂੰਹਾਂ ਦੁੱਧ-ਚਾਹ ਲੈ-ਲੈ ਆਉਂਦੀਆਂ। ਜਾਂ ਫਿਰ ਜੈਕੁਰ ਗਿੰਦਰ-ਮਹਿੰਦਰ ਦੇ ਬੱਚਿਆਂ ਵਿਚੋਂ ਕਿਸੇ ਇਕ ਨੂੰ ਚੁਬਾਰੇ ਵਿੱਚ ਭੇਜ ਦਿੰਦੀ। ਉਹ ਬਾਬੇ ਕੋਲ ਬੈਠਾ ਰਹਿੰਦਾ ਅਤੇ ਕਿਤਾਬਾਂ-ਕਾਪੀਆਂ ਖੋਲ੍ਹ ਕੇ ਸਕੂਲ ਦਾ ਕੰਮ ਕਰਦਾ ਰਹਿੰਦਾ।

ਸੱਠ ਸਾਲ ਦੀ ਅਰੋਗ ਉਮਰ ਬਿਤਾ ਕੇ ਅਰਜਨ ਸਿੰਘ ਨੂੰ ਏਨੀਂ ਕੁ ਬਿਮਾਰੀ ਵੀ ਪਹਾੜ ਲਗਦੀ। ਕਦੇ ਬਚਪਣ ਵਿੱਚ ਖਸਰਾ ਨਿਕਲਿਆ ਹੋਵੇ ਜਾਂ ਦੰਦੀਆਂ ਕੱਢਣ ਵੇਲੇ ਸਿਰ-ਪੇਟ ਦੁਖਿਆ ਹੋਵੇ, ਇਹ ਉਹਦੇ ਯਾਦ ਨਹੀਂ ਸੀ। ਪਰ ਜਦੋਂ ਤੋਂ ਉਹਦੀ ਸੁਰਤ ਸੰਭਲੀ ਸੀ, ਉਹ ਲੋਹੇ ਦੀ ਲੱਠ ਵਾਂਗ ਤਕੜਾ ਰਿਹਾ ਸੀ।

ਸੱਠ ਸਾਲ ਦੀ ਉਮਰ ਵਿੱਚ ਵੀ ਉਹਦਾ ਚਿਹਰਾ ਭਰਵਾਂ ਸੀ ਅਤੇ ਸੂਹੀ ਭਾਹ ਮਾਰਦਾ ਸੀ। ਉਹਦੇ ਤਾਂ ਦਾੜ੍ਹੀ ਦੇ ਵਾਲ ਵੀ ਅਜੇ ਸਾਰੇ ਸਫ਼ੈਦ ਨਹੀਂ ਸਨ ਹੋਏ। ਉਹਦੇ ਹਾਣੀ ਕਈ ਤਾਂ ਮਰ ਗਏ ਸਨ, ਕਈ ਮਰਿਆਂ ਵਰਗੇ ਸਨ। ਕੋਈ ਵਿਰਲਾ-ਟਾਵਾਂ ਹੀ ਉਹਦੇ ਵਾਂਗ ਤਨ-ਮਨ ਦਾ ਨਰੋਆ ਰਹਿ ਗਿਆ ਸੀ।

ਸੱਥ ਵਿੱਚ ਅਰਜਨ ਸਿੰਘ ਦੀ ਗੱਲ ਪਿੱਠ-ਪਿੱਛੇ ਛਿੜਦੀ ਤਾਂ ਲੋਕ ਉਹਦੀ ਤੰਦਰੁਸਤੀ ਉਤੇ ਰਸ਼ਕ ਕਰਦੇ।

-ਮੈਂ ਕਿਹਾ, ਦੇਖ ਲੈ ਇਹਨੂੰ, ਟਾਹਲੀ ਵਰਗਾ ਪਿਆ ਐ।

-ਚਿਹਰੇ ਦੀ ਰੰਗਤ ਤਾਂ ਦੇਖੋ।

-ਉਇ ਭਾਈ ਪੁਰਾਣੀਆਂ ਖੁਰਾਕਾਂ ਖਾਧੀਆਂ ਹੋਈਆਂ ਨੇ।

-ਖੁਰਾਕਾਂ ਕੀ ਇਹਦੀਆਂ ਅਲਹਿਦੀਆਂ ਖਾਧੀਆਂ ਹੋਈਆਂ ਨੇ। ਓਦੋਂ ਤਾਂ ਸਾਰੇ ਹੀ ਖਾਂਦੇ ਸੀ। ਦੁੱਧ-ਘਿਓ ਆਮ ਹੁੰਦਾ ਸੀ ਜੱਟਾਂ ਦੇ ਘਰੀਂ। ਆਹ ਘਰ-ਘਰ ਵਿਚੋਂ ਦੁੱਧ ਦੀ ਬੂੰਦ-ਬੂੰਦ ਸ਼ਹਿਰ ਲੈ ਵੜਦੇ ਢੋਲਾਂ ਵਾਲਿਆਂ ਦਾ ਕੰਜਰਖਾਨਾ ਨਹੀਂ ਸੀ ਹੁੰਦਾ।

-ਤੂੰ ਇਉਂ ਦੇਖ ਲਈਂ, ਗਿੰਦਰ ਤੇ ਮਹਿੰਦਰ ਬੁੜ੍ਹੇ ਹੋ ਜਾਣਗੇ, ਅਰਜਨ ਸਿਉਂ ਇਉਂ ਦਾ ਇਉਂ ਹੀ ਰਹੂ।

-ਬਈ ਇਹ ਗੱਲ ਤੂੰ ਲੱਖ ਰੁਪਈਏ ਦੀ ਕਹੀ। ਅਰਜਨ ਸਿਉਂ ਨਹੀਂ ਹੁੰਦਾ ਬੁੜ੍ਹਾ। ਇਹਨੂੰ ਕਦੋਂ ਦੇ ਇਹੋ ਜਿਹਾ ਹੀ ਦੇਖਦੇ ਆਂ।

ਕੋਈ ਜਣਾ ਵਿਚੋਂ ਈਰਖਾ ਨਾਲ ਇਹ ਵੀ ਆਖ ਦਿੰਦਾ, "ਉਇ ਯਾਰੋ, ਚੰਗਾ ਖਾਧਾ ਐ, ਚੰਗਾ ਪਹਿਨਿਆ ਐ, ਆਰਾਮ-ਦਾਰੀ ਭੋਗੀ ਐ ਸਾਰੀ ਉਮਰ, ਡੱਕਾ ਭੰਨ ਕੇ ਕਦੇ ਦੂਹਰਾ ਨ੍ਹੀਂ ਕੀਤਾ, ਸੰਸਾ ਨੀ, ਫਿਕਰ ਨੀ, ਇਹ ਬੁੜ੍ਹਾ ਕਿਉਂ ਹੋਊ?"

ਦੂਜਾ ਕੋਈ ਉਹਦੀ ਪੁਸ਼ਟੀ ਕਰਦਾ, "ਆਹੋ ਭਾਈ, ਪਹਿਲਾਂ ਇਹਦਾ ਪਿਉ ਤੇ ਚਾਚਾ, ਗੱਜਣ-ਸੱਜਣ, ਦੋਵੇਂ ਬੁੜ੍ਹੇ ਕਮਾਉਂਦੇ ਰਹੇ। ਉਹਨਾਂ ਦੇ ਹੁੰਦਿਆਂ ਹੀ ਗਿੰਦਰ-ਮਹਿੰਦਰ ਉਡਾਰ ਹੋ ਗਏ। ਇਹ ਤਾਂ ਵਿੱਚ-ਵਿਚਾਲੇ ਹੀ ਰਿਹਾ, ਖੜ੍ਹੀ ਖੇਡ ਉਤੇ।"

ਕੋਈ ਹੋਰ ਆਖਦਾ, "ਸਭ ਕਿਸਮਤ ਦੀਆਂ ਗੱਲਾਂ ਨੇ।"

ਤੇ ਆਖ਼ਰ ਕੋਈ ਗੱਲ ਮੁਕਦੀ ਕਰਦਾ, "ਕਿਸਮਤ-ਕੁਸਮਤ ਕਿਹੜੀ, ਬੱਸ ਦਾਅ ਲੱਗੇ ਦੀ ਗੱਲ ਐ। ਕਈ ਸਾਰੀ ਉਮਰ ਇੱਥੇ ਬਾਦਸ਼ਾਹੀ ਭੋਗ ਕੇ ਜਾਂਦੇ ਐ, ਕਈ ਨਰਕ ਭੋਗਦੇ ਤੁਰ ਜਾਂਦੇ ਐ!"

ਪਤਾ ਨਹੀਂ ਕਿਸਮਤ ਸੀ ਕਿ ਦਾਅ ਲੱਗਿਆ ਸੀ, ਭੋਗੀ ਅਰਜਨ ਸਿੰਘ ਨੇ ਸਾਰੀ ਉਮਰ ਬਾਦਸ਼ਾਹੀ ਹੀ ਸੀ, ਕੀਤੀਆਂ ਉਹਨੇ ਸਾਰੀ ਉਮਰ ਮੌਜਾਂ ਹੀ ਸਨ।

ਉਹ ਗੱਜਣ ਸਿੰਘ ਦਾ ਇਕੋ ਪੁੱਤਰ ਸੀ, ਦੋ ਧੀਆਂ ਮਗਰੋਂ ਹੋਇਆ। ਉਹਦੇ ਚਾਚੇ ਸੱਜਣ ਸਿੰਘ ਦੀ ਪਤਨੀ ਕੁੱਖ ਹਰੀ ਹੋਏ ਬਿਨਾਂ ਹੀ ਅਧੇੜ ਉਮਰ ਵਿੱਚ ਮਰ ਗਈ ਸੀ। ਇਉਂ ਅਰਜਨ ਇੱਕ ਤਰ੍ਹਾਂ ਨਾਲ ਦੋ ਘਰਾਂ ਦਾ ਇੱਕ ਪੁੱਤ ਸੀ। ਉਹ ਚੰਗਾ ਖਾਂਦਾ ਅਤੇ ਢੋਲੇ ਦੀਆਂ ਲਾਉਂਦਾ। ਦੋ ਭਰਾਵਾਂ ਦੇ ਘਰ ਇਕੋ-ਇਕ ਪੁੱਤਰ ਹੋਣ ਕਰਕੇ ਗੱਜਣ-ਸੱਜਣ ਉਹਨੂੰ ਮੂੰਹ ਪਾੜ ਕੇ ਕੋਈ ਕੰਮ ਨਾ ਆਖਦੇ। ਜੇ ਕਦੇ ਆਪ ਉਹਦਾ ਦਿਲ ਕਰਦਾ, ਉਹ ਕਿਸੇ ਕੰਮ ਨੂੰ ਹੱਥ ਪੁਆ ਦਿੰਦਾ, ਨਹੀਂ ਤਾਂ ਉਹ ਘਰ ਦੇ ਉਤਲੇ ਕੰਮਾਂ ਉਤੇ ਹੀ ਰਹਿੰਦਾ। ਅਜਿਹੇ ਕੰਮ ਸਮਾਂ ਤਾਂ ਮੰਗਦੇ ਹੁੰਦੇ ਹਨ, ਪਰ ਜੱਟ ਵਾਲੀ ਹੱਡ-ਤੋੜਵੀਂ ਖੇਚਲ ਨਹੀਂ। ਗੱਜਣ-ਸੱਜਣ ਨੂੰ ਇਹੋ ਬਹੁਤ ਸੀ ਕਿ ਉਹਨਾਂ ਨੂੰ ਖੇਤੀ ਦੇ ਕੰਮ ਛੱਡ ਕੇ ਨਿੱਕੀਆਂ-ਮੋਟੀਆਂ ਗੱਲਾਂ ਉਤੇ ਸਮਾਂ ਨਹੀਂ ਸੀ ਗੁਆਉਣਾ ਪੈਂਦਾ। ਇਕੱਲਾ ਪੁੱਤ ਹੋਣ ਕਰਕੇ ਉਹਨੂੰ ਦੁੱਧ-ਘਿਉ ਵੀ ਖੁੱਲ੍ਹਾ ਮਿਲਦਾ। ਸਾਰਾ ਟੱਬਰ ਜਿਵੇਂ ਉਹਨੂੰ ਛੇਤੀ-ਛੇਤੀ ਗੱਭਰੂ ਹੋਇਆ ਦੇਖਣਾ ਚਾਹੁੰਦਾ ਸੀ।

ਜਿਉਂ ਹੀ ਅਰਜਨ ਨੇ ਜਵਾਨੀ ਵਿੱਚ ਪੈਰ ਧਰਿਆ, ਉਹਦਾ ਵਿਆਹ ਕਰ ਦਿੱਤਾ ਗਿਆ ਤੇ ਉਹਦੇ ਘਰ ਅੱਗੜ-ਪਿੱਛੜ ਗਿੰਦਰ ਅਤੇ ਮਹਿੰਦਰ ਹੋ ਗਏ। ਸੁਰਤ ਸੰਭਲੀ ਤੋਂ ਉਹ ਮਾਲ-ਡੰਗਰ ਚਾਰਨ ਲੱਗੇ। ਫੇਰ ਉਹ ਖੇਤੀ ਦੇ ਨਿੱਕੇ-ਮੋਟੇ ਕੰਮਾਂ ਨੂੰ ਹੱਥ ਪਾਉਣ ਲੱਗੇ ਅਤੇ ਅੰਤ ਨੂੰ ਵਧੀਆ ਕਿਸਾਨ ਨਿਕਲ ਆਏ। ਗੱਜਣ-ਸੱਜਣ ਕੰਮ ਕਰਦੇ ਜਾਂ ਗਿੰਦਰ-ਮਹਿੰਦਰ। ਅਰਜਨ ਸਿੰਘ ਪਹਿਲਾਂ ਵਾਂਗ ਹੀ ਸ਼ਹਿਰੋਂ ਬੀ, ਤੇਲ ਜਾਂ ਖਾਦ ਲਿਆਉਂਦਾ ਜਾਂ ਘਰ-ਖੇਤ ਦੇ ਤੋਰੇ-ਫੇਰੇ ਵਾਲੇ ਕੰਮ ਕਰ ਛਡਦਾ।

ਜਦੋਂ ਨੂੰ ਕੁਝ ਸਾਲਾਂ ਦੀ ਵਿੱਥ ਨਾਲ ਦੋਵੇਂ ਬਜ਼ੁਰਗ ਪੂਰੇ ਹੋਏ, ਦੋਵਾਂ ਮੁੰਡਿਆਂ ਨੇ ਕੰਮ ਪੂਰੀ ਤਰ੍ਹਾਂ ਸਾਂਭ ਲਿਆ ਸੀ। ਉਹ ਸੀਰੀ ਰੱਖ ਲੈਂਦੇ ਅਤੇ ਪਸ਼ੂ-ਡੰਗਰ ਸਾਂਭਣ ਲਈ ਪਾਲੀ ਰੱਖ ਛੱਡਦੇ। ਹੁਣ ਉਹਨਾਂ ਦੇ ਬਚਪਨ ਵਾਲਾ ਜ਼ਮਾਨਾ ਤਾਂ ਹੈ ਹੀ ਨਹੀਂ ਸੀ ਕਿ ਉਹਨਾਂ ਦੇ ਮੁੰਡੇ ਡੰਗਰ ਚਾਰਨ। ਉਹਨਾਂ ਦੇ ਵੱਡੇ ਬੱਚੇ ਸਕੂਲ ਪੜ੍ਹਨ ਜਾਂਦੇ ਸਨ। ਛੋਟੇ ਅਜੇ ਨਿਆਣੇ ਸਨ।

ਧੋਤੇ ਹੋਏ ਕੱਪੜੇ ਪਾ ਕੇ ਅਰਜਨ ਸਿੰਘ ਮੋਢੇ ਉਤੇ ਪਰਨਾ ਰੱਖਦਾ। ਜੇ ਕਦੇ ਸੱਥ ਵਿੱਚ ਜਾਂਦਾ ਤਾਂ ਬੈਠਣ ਤੋਂ ਪਹਿਲਾਂ ਉਹ ਤਖ਼ਤਪੋਸ਼ ਜਾਂ ਚੌਂਤਰੇ ਨੂੰ ਪਰਨੇ ਨਾਲ ਝਾੜਦਾ। ਬੈਠਣ ਮਗਰੋਂ ਉਹ ਸੁਤੇ-ਸਿਧ ਹੀ ਜੁੱਤੀ ਲਾਹ ਕੇ ਪਰਨੇ ਨਾਲ ਪੈਰ ਪੂੰਝਦਾ। ਉਥੇ ਬੈਠੇ ਸਭ ਜੱਟਾਂ ਦੇ ਗਿੱਟਿਆਂ ਉਤੇ ਮੈਲ ਜੰਮੀ ਹੋਈ ਹੁੰਦੀ। ਅਰਜਨ ਸਿੰਘ ਦੇ ਪੈਰ ਝਾਮੇ ਨਾਲ ਰਗੜੇ ਹੋਏ ਹੁੰਦੇ।

ਕਦੀ-ਕਦੀ ਤਾਂ ਕੋਈ ਉਹਦੇ ਮੂੰਹ ਉਤੇ ਹੀ ਆਖ ਦਿੰਦਾ, "ਅਰਜਨ ਸਿਆਂ, ਕਿਹੜੇ ਮਜੂਨ ਛਕਦਾ ਹੈਂ ਯਾਰ, ਸਾਨੂੰ ਵੀ ਦੇ-ਦੇ ਕੋਈ ਗੁਰ ਆਪਣੇ ਵਾਂਗੂੰ ਤਕੜੇ ਰਹਿਣ ਦਾ।"

ਅਜਿਹੇ ਵੇਲੇ ਉਹ ਉਤੋਂ-ਉਤੋਂ ਹੱਸ ਛਡਦਾ, ਪਰ ਅੰਦਰੋਂ ਦੁਖੀ ਹੁੰਦਾ। ਉਹਨੂੰ ਡਰ ਲਗਦਾ, ਇਹ ਲੋਕ ਉਹਨੂੰ ਨਜ਼ਰ ਲਾ ਕੇ ਹੀ ਛੱਡਣਗੇ।

ਅੱਜ ਚੁਬਾਰੇ ਵਿਚੋਂ ਬਾਹਰ ਨਿੱਕਲ ਕੇ ਛੱਤ ਉਤੇ ਪਏ ਮੰਜੇ ਉਤੇ ਬੈਠਦਿਆਂ ਉਹਨੇ ਸੋਚਿਆ- ਪਤਾ ਨਹੀਂ ਕਿਹੜੇ ਸਾਲੇ ਦੀ ਨਜ਼ਰ ਲੱਗ ਗਈ ਦੇਹ ਨੂੰ।

ਨਜ਼ਰ ਲੱਗਣ ਦਾ ਵਹਿਮ ਤਾਂ ਉਹਦੇ ਮਨ ਵਿਚ ਉਸੇ ਦਿਨ ਆ ਗਿਆ ਸੀ, ਜਦੋਂ ਉਹਨੂੰ ਮੰਜੇ ਉਤੇ ਪੈਣਾ ਪੈ ਗਿਆ ਸੀ। ਉਹਨੇ ਇਹ ਸ਼ੰਕਾ ਜੈਕੁਰ ਨਾਲ ਵੀ ਸਾਂਝਾ ਕੀਤਾ। ਅੰਦਰੋਂ ਜੈਕੁਰ ਦੀ ਵੀ ਤਾਰ ਝੱਟ ਖੜਕ ਗਈ। ਹੋਵੇ ਨਾ ਹੋਵੇ, ਲੱਗੀ ਤਾਂ ਕਿਸੇ ਦੀ ਨਜ਼ਰ ਹੀ ਸੀ। ਪਰ ਅਰਜਨ ਸਿੰਘ ਦਾ ਦਿਲ ਧਰਾਉਣ ਲਈ ਉਹ ਬੋਲੀ, "ਹੂੰ, ਨਜ਼ਰ ਨਾ ਕਿਤੇ ਕੁਛ ਹੋਰ। ਨਜ਼ਰ ਨੂੰ ਕੀ ਤੂੰ ਖਾੜੇ ਵਿੱਚ ਕੁਸ਼ਤੀ ਲੜਨ ਉੱਤਰਿਆ ਸੀ।"

ਉਹ ਝੱਟ ਬੋਲਿਆ ਸੀ, "ਤੈਨੂੰ ਨਹੀਂ ਪਤਾ ਕੰਜਰ ਲੋਕਾਂ ਦਾ। ਜਦੋਂ ਗੱਲ ਕਰਦੇ ਨੇ, ਕਹਿੰਦੇ ਨੇ, ਕੀ ਮਜੂਨ ਛਕਦਾ ਐਂ ਅਰਜਨ ਸਿਆਂ। ਨਜ਼ਰ ਬੁਰੀ ਹੁੰਦੀ ਐ ਜੈਕੁਰੇ, ਪੱਥਰਾਂ ਨੂੰ ਪਾੜ ਦਿੰਦੀ ਐ ਨਜ਼ਰ ਤਾਂ।"

"ਲੈ ਜੇ ਤੈਨੂੰ ਇਹ ਭਰਮ ਐ, ਨਜ਼ਰ ਤਾਂ ਮੈਂ ਲਾਹ ਦੇਊਂ।", ਜੈਕੁਰ ਹੌਸਲੇ ਨਾਲ ਬੋਲੀ। "ਸਵੇਰੇ ਅੰਮ੍ਰਿਤ ਵੇਲੇ ਨਜ਼ਰ ਅੱਗ ਵਿੱਚ ਪਾ ਦੇਊਂ।"

"ਕੀ ਪਤੈ ਕਿਹੜੇ ਸਾਲੇ ਨੇ ਲਾਈ ਐ", ਅਰਜਨ ਸਿੰਘ ਬੇਉਤਸਾਹਾ ਬੋਲਿਆ, "ਕੀਹਦੀ ਨਜ਼ਰ ਅੱਗ ਵਿੱਚ ਪਾਵੇਂਗੀ।"

"ਕੀਹਦੀ ਨਜ਼ਰ?" ਜੈਕੁਰ ਨੇ ਹੁਸ਼ਿਆਰੀ ਦਿਖਾਈ, "ਤੜਕੇ ਲੋਅ ਹੁੰਦੀ ਨਾਲ ਪਿੰਡ ਦੇ ਚਾਰੇ ਪੱਕੇ ਦਰਵਾਜ਼ਿਆਂ ਤੋਂ ਮੁੱਠੀ-ਮੁੱਠੀ ਮਿੱਟੀ ਲਿਆਊਂ। ਸਾਰਾ ਪਿੰਡ ਤਾਂ ਉਹਨਾਂ ਵਿਚੋਂ ਦੀ ਹੀ ਲੰਘਦਾ ਐ।"

ਇਹ ਗੱਲ ਅਰਜਨ ਸਿੰਘ ਨੂੰ ਵੀ ਜਚ ਗਈ।

ਸੁਵਖਤੇ ਅੱਗ ਬਾਲ ਕੇ ਜੈਕੁਰ ਨੇ ਪਿੰਡ ਦੇ ਚਾਰੇ ਦਰਵਾਜ਼ਿਆਂ ਤੋਂ ਲਿਆਂਦੀ ਹੋਈ ਮਿੱਟੀ ਹੀ ਉਸ ਵਿੱਚ ਨਾ ਪਾਈ, ਸਗੋਂ ਲਾਲ ਮਿਰਚਾਂ ਦੀ ਮੁੱਠੀ ਵੀ ਸਾਰੇ ਪਿੰਡ ਵੱਲ ਸੱਤ ਵਾਰ ਘੁਮਾ ਕੇ ਲਾਟਾਂ ਵਿੱਚ ਸੁੱਟ ਦਿੱਤੀ।

ਹੁਣ ਨਜ਼ਰ ਵੱਲੋਂ ਜੈਕੁਰ ਤਾਂ ਨਿਸ਼ਚਿੰਤ ਹੋ ਗਈ ਅਤੇ ਕਿਸੇ ਹੱਦ ਤੱਕ ਅਰਜਨ ਸਿੰਘ ਵੀ। ਪਰ ਉਹਨੂੰ ਕਈ ਦਿਨ ਮੰਜੇ ਉਤੇ ਪੈਣਾ ਹੀ ਪਿਆ।

ਛੱਤ ਉਤੇ ਅਰਜਨ ਸਿੰਘ ਦੀ ਪੈੜ-ਚਾਲ ਸੁਣ ਕੇ ਜੈਕੁਰ ਨੇ ਗਿੰਦਰ ਦੀ ਗੁੱਡੀ ਹੱਥ ਚਾਹ ਭੇਜ ਦਿੱਤੀ। ਕੌਲੀ ਨਾਲ ਢਕੀ ਹੋਈ ਚਿਲਕਣੀ ਗੜਵੀ ਉਹਨੇ ਪੌਣੇ ਨਾਲ ਫੜ ਕੇ ਮੰਜੇ ਦੇ ਸਰ੍ਹਾਣੇ ਬਨੇਰੇ ਉਤੇ ਲਿਆ ਰੱਖੀ।

ਨਿੱਕੀ ਜਿਹੀ ਗੁੱਡੀ ਨੂੰ ਕੱਪੜੇ ਨਾਲ ਫੜ ਕੇ ਤੱਤੀ ਗੜਵੀ ਲਿਆਉਂਦੀ ਦੇਖ ਅਰਜਨ ਸਿੰਘ ਲਾਡ ਨਾਲ ਬੋਲਿਆ, "ਲਿਆ ਬਈ, ਮੇਰਾ ਸ਼ੇਰ ਪੁੱਤ! ਤੂੰ ਪੀ ਲਈ ਚਾਹ ਮੇਰਿਆ ਬੱਚੂਆ?"

ਕੁੜੀ ਸੰਗਦਿਆਂ-ਸੰਗਦਿਆਂ ਬੋਲੀ, "ਚਾਹ ਤਾਂ ਅੰਬੋ ਨੇ ਕਦੋਂ ਦੀ ਕਰ ਲਈ ਸੀ, ਬਾਬਾ ਜੀ! ਮੈਂ ਦੇਖ ਕੇ ਗਈ। ਤੁਸੀਂ ਤਾਂ ਅਜੇ ਚੁਬਾਰੇ ਵਿੱਚ ਸੁੱਤੇ ਪਏ ਸੀ। ਅਸੀਂ ਸਾਰਿਆਂ ਨੇ ਚਾਹ ਪੀ ਵੀ ਲਈ। ਅੰਬੋ ਕਹਿੰਦੀ, ਜਦੋਂ ਤੇਰੇ ਬਾਬਾ ਜੀ ਜਾਗੇ, ਉਹਨਾਂ ਦੀ ਚਾਹ ਓਦੋਂ ਬਣਾ ਦਿਆਂਗੇ।"

ਅਰਜਨ ਸਿੰਘ ਨੇ ਪਰਨੇ ਦੇ ਲੜ ਨਾਲ ਗੜਵੀ ਵਿਚੋਂ ਚਾਹ ਕੌਲੀ ਵਿੱਚ ਪਾਈ ਅਤੇ ਘੁੱਟ ਭਰ ਕੇ ਗੁੱਡੀ ਦੇ ਸਿਰ ਉਤੇ ਹੱਥ ਫੇਰਿਆ, "ਬੜਾ ਸਿਆਣਾ ਪੁੱਤ ਐ ਮੇਰਾ ਤਾਂ! ਬੜੀ ਸੇਵਾ ਕਰਦਾ ਐ ਬਾਬਾ ਜੀ ਦੀ!"

ਹੇਠਾਂ ਤੋਂ ਜੈਕੁਰ ਨੇ ਆਵਾਜ਼ ਮਾਰੀ, "ਕੁੜੇ ਤੂੰ ਹੈਥੇ, ਉਤੇ ਈ ਕੀ ਕਰਨ ਲੱਗ ਪਈ ਜਾ ਕੇ?"

"ਆਈ ਅੰਬੋ" ਆਖ ਕੇ ਗੁੱਡੀ ਛਾਲਾਂ ਮਾਰਦੀ ਹੋਈ ਕਾਹਲੀ-ਕਾਹਲੀ ਪੌੜੀਆਂ ਉਤਰ ਗਈ।

ਅਸਲ ਵਿੱਚ ਅਰਜਨ ਸਿੰਘ ਨੂੰ ਕੱਲ੍ਹ ਦਿਨ ਵੇਲੇ ਰੋਟੀ ਖਾਣ ਮਗਰੋਂ ਕੁਝ ਬਹੁਤੀ ਹੀ ਨੀਂਦ ਆ ਗਈ ਸੀ। ਪਿਛਲੇਰੀ ਰਾਤ ਉਹ ਚੰਗੀ ਤਰ੍ਹਾਂ ਸੁੱਤਾ ਨਹੀਂ ਸੀ। ਸਰੀਰ ਠੀਕ ਤਾਂ ਹੋ ਗਿਆ ਸੀ, ਪਰ ਅਜੇ ਪਹਿਲਾਂ ਵਾਲੀ ਹਿੰਮਤ ਨਹੀਂ ਸੀ ਮੁੜੀ। ਹੱਡ ਅਜੇ ਚਸਕਦੇ ਰਹਿੰਦੇ ਸਨ। ਬਸ ਕਲ੍ਹ ਦੁਪਹਿਰ ਦੀ ਰੋਟੀ ਖਾ ਕੇ ਉਹ ਜਿਉਂ ਸੁੱਤਾ, ਦਿਨ ਢਲੇ ਤੋਂ ਮਗਰੋਂ ਜੈਕੁਰ ਨੇ ਹੀ ਆ ਕੇ ਜਗਾਇਆ। ਚਾਹ ਦੀ ਭਰੀ ਹੋਈ ਗੜਵੀ ਅਤੇ ਦੋ ਖਾਲੀ ਗਲਾਸ ਸਟੂਲ ਉਤੇ ਰਖਦਿਆਂ ਉਹ ਬੋਲੀ, "ਮੈਂ ਕਿਹਾ, ਅੱਜ ਬਹੁਤੀਆਂ ਹੀ ਨੀਂਦਾਂ ਆ ਗਈਆਂ ਕਿਤੋਂ। ਉੱਠ ਚਾਹ ਪੀ ਲੈ।" ਗਲਾਸ ਚਾਹ ਦਾ ਭਰ ਕੇ ਜੈਕੁਰ ਨੇ ਉਹਦੇ ਕੋਲ ਸਟੂਲ ਉਤੇ ਰੱਖ ਦਿੱਤਾ ਤੇ ਬਚਦੀ ਚਾਹ ਦੂਜੇ ਗਲਾਸ ਵਿੱਚ ਪਾ ਕੇ ਉਹ ਮੰਜੇ ਦੀ ਪੈਂਦੀਂ ਬੈਠ ਕੇ ਪੀਣ ਲੱਗ ਪਈ।

ਪਰ ਅਰਜਨ ਸਿੰਘ ਦਿਨੇ ਰੱਜ ਕੇ ਕਾਹਦਾ ਸੁੱਤਾ, ਰਾਤ ਨੀਂਦ ਆਉਣ ਵਿੱਚ ਹੀ ਨਾ ਆਈ। ਰੁੱਤ ਬਦਲ ਚਲੀ ਸੀ, ਪਰ ਉਹ ਤ੍ਰੇਲ ਦੇ ਡਰੋਂ ਖਿੜਕੀਆਂ ਖੋਲ੍ਹ ਕੇ ਚੁਬਾਰੇ ਵਿੱਚ ਹੀ ਸੌਂਦਾ ਸੀ। ਕਿਤੇ ਅੱਧੀ ਰਾਤ ਨੂੰ ਅੱਖ ਲੱਗੀ ਤਾਂ ਅੱਜ ਸਵੇਰੇ ਰੋਜ਼ ਵਾਲੇ ਵੇਲੇ ਜਾਗ ਨਾ ਆਈ। ਆਖ਼ਰ ਨੂੰ ਜਦੋਂ ਅੱਖ ਖੁੱਲ੍ਹੀ ਤਾਂ ਚੁਬਾਰੇ ਦੀ ਪੂਰਬ ਵੱਲ ਦੀ ਖਿੜਕੀ ਵਿੱਚ ਅੰਬਰ ਗੂੜ੍ਹਾ ਗੁਲਾਬੀ ਹੋਇਆ ਪਿਆ ਸੀ।

ਅਰਜਨ ਸਿੰਘ ਨੇ ਕੌਲੀ ਪੀ ਕੇ ਖਾਲੀ ਗੜਵੀ ਉਤੇ ਰੱਖ ਦਿੱਤੀ ਅਤੇ ਮੁੱਛਾਂ ਉਤੇ ਪਰਨੇ ਦਾ ਲੜ ਫੇਰਿਆ। ਅੱਜ ਉਹਨੇ ਚਾਹ ਅਣਪੀਤੀ ਨਹੀਂ ਸੀ ਛੱਡੀ। ਉਹਨੂੰ ਸਰੀਰ ਪਹਿਲਾਂ ਨਾਲੋਂ ਕਾਇਮ ਹੋ ਗਿਆ ਲੱਗਿਆ। ਅੱਜ ਤਾਂ ਮਨ ਵੀ ਕੁਝ ਠੀਕ ਸੀ। ਅੱਜ ਦੇਹ ਵਿੱਚ ਹਿੰਮਤ ਲਗਦੀ ਸੀ। ਉਹਦਾ ਜੀਅ ਕੀਤਾ, ਅੱਜ ਉਹ ਵਾਢੀ ਕਰਦੇ ਮੁੰਡਿਆਂ ਕੋਲ ਰਹੇ।

ਪਹਿਲਾਂ ਵੀ ਹਰ ਸਾਲ ਅਰਜਨ ਸਿੰਘ ਜ਼ਮੀਨ ਦੀ ਤਿਆਰੀ ਵੇਲੇ, ਬਿਜਾਈ ਵੇਲੇ, ਗੋਡੀ-ਰਾਖੀ ਵੇਲੇ ਭਾਵੇਂ ਕਦੀ ਗੇੜਾ ਨਾ ਵੀ ਮਾਰਦਾ, ਵਾਢੀ ਵੇਲੇ ਖੇਤ ਜ਼ਰੂਰ ਰਹਿੰਦਾ। ਕਣਕ ਦੀ ਫ਼ਸਲ ਲਈ ਖੇਤ ਖਾਲੀ ਛੱਡ ਕੇ ਵਾਰ-ਵਾਰ ਹਲ ਵਾਹੁਣਾ ਤਾਂ ਨੀਰਸ ਜਿਹਾ ਕੰਮ ਸੀ ਹੀ, ਅਰਜਨ ਸਿੰਘ ਨੂੰ ਖੇਤ ਬੀਜਣ ਮਗਰੋਂ ਲਗਦੇ ਛੀ ਮਹੀਨੇ ਵੀ ਬੜੇ ਅਕਾਊ ਲਗਦੇ। ਉਹ ਕਣਕ ਬੀਜੇ ਜਾਣ ਮਗਰੋਂ ਖੇਤ ਵਿਚੋਂ ਦੀ ਲੰਘਦਾ ਤਾਂ ਕਾਹਲਾ ਪੈਂਦਾ ਕਿ ਧਰਤੀ ਵਿਚੋਂ ਤੂਈਆਂ ਛੇਤੀ ਕਿਉਂ ਨਹੀਂ ਨਿੱਕਲਦੀਆਂ। ਕਣਕ ਫੁੱਟ ਪੈਂਦੀ ਤਾਂ ਉਹਨੂੰ ਕਾਹਲ ਹੁੰਦੀ ਕਿ ਇਹ ਪੂਰੇ ਖੇਤ ਨੂੰ ਹਰੀ ਚਾਦਰ ਵਾਂਗ ਕਦੋਂ ਢਕੇਗੀ। ਕਣਕ ਗਿੱਠ-ਗਿੱਠ ਹੁੰਦੀ, ਹੱਥ-ਹੱਥ ਹੁੰਦੀ, ਉਹ ਬੱਲੀਆਂ ਦੀ ਉਡੀਕ ਕਰਦਾ। ਜਦੋਂ ਬੱਲੀਆਂ ਲਗਦੀਆਂ ਤਾਂ ਅਰਜਨ ਸਿੰਘ ਦੀ ਕਾਹਲ ਮੱਠੀ ਪੈਂਦੀ।

ਬੱਲੀਆਂ ਨਿੱਕਲ ਆਉਂਦੀਆਂ ਤਾਂ ਅਰਜਨ ਸਿੰਘ ਉਹਨਾਂ ਵਿਚਲੇ ਦਾਣੇ ਗਿਣਦਾ। ਉਹ ਹਿਸਾਬ ਲਾਉਂਦਾ ਕਿ ਇੱਕ ਕਿੱਲੇ ਪਿੱਛੇ ਕਿੰਨੀ ਫ਼ਸਲ ਹੋ ਜਾਵੇਗੀ। ਹੁਣ ਕਿਤੇ ਜਾ ਕੇ ਉਹਦੇ ਮਨ ਨੂੰ ਸ਼ਾਂਤੀ ਆਉਂਦੀ।

ਉਹਨੇ ਖੜ੍ਹਾ ਹੋ ਕੇ ਚੁਫ਼ੇਰੇ ਨਜ਼ਰ ਮਾਰੀ। ਮੁਰੱਬੇ ਦੇ ਵਿਚਕਾਰ ਪਾਏ ਹੋਏ ਨਿਵੇਕਲੇ ਘਰ ਦੀ ਛੱਤ ਤੋਂ ਦੂਰ-ਦੂਰ ਤੱਕ ਖੇਤ ਹੀ ਖੇਤ ਦਿਸਦੇ ਸਨ। ਕਿਤੇ ਕਣਕ ਵੱਢ ਕੇ ਮੰਡਲੀਆਂ ਲਾਈਆਂ ਪਈਆਂ ਸਨ। ਕਿਤੇ ਕਣਕ ਖੜ੍ਹੀ ਸੀ ਤਾਂ ਵਾਢੇ ਵਾਢੀ ਕਰਨ ਲਈ ਆ ਉੱਤਰੇ ਸਨ। ਉਹਦੇ ਸੱਜੇ ਹੱਥ ਵੱਲ ਉਹਦਾ ਆਪਣਾ ਖੇਤ ਪਰਸੋਂ ਵੱਢਿਆ ਜਾ ਚੁੱਕਿਆ ਸੀ। ਬਸ ਕਿਤੇ-ਕਿਤੇ ਫ਼ਸਲ ਖਲੋਤੀ ਹੋਈ ਸੀ ਜੋ ਖੇਤ ਵੱਢਣ ਸਮੇਂ ਹਰੀ ਹੋਣ ਕਰਕੇ ਛੱਡ ਦਿੱਤੀ ਗਈ ਸੀ। ਕੱਲ੍ਹ ਖੱਬੇ ਹੱਥ ਵੱਲ ਦਾ ਖੇਤ ਵੱਢਿਆ ਗਿਆ ਸੀ। ਉਹਦੇ ਵਿੱਚ ਵੀ ਕਿਤੇ-ਕਿਤੇ ਹਰੀ ਕਣਕ ਦੀਆਂ ਦੌਂਗੀਆਂ ਛੱਡ ਦਿੱਤੀਆਂ ਗਈਆਂ ਸਨ। ਅੱਜ ਰਾਹ ਤੋਂ ਪਾਰ ਵਾਲੇ ਖੇਤ ਵਿੱਚ ਵਾਢੀ ਹੋਣੀ ਸੀ। ਤਿੱਖੀਆਂ ਦਾਤੀਆਂ ਲੈ ਕੇ ਵਾਢੇ ਜਾ ਵੀ ਪਹੁੰਚੇ ਸਨ।

ਉਹਨੇ ਸੱਜੇ-ਖੱਬੇ ਦੇ ਖੇਤਾਂ ਵਿੱਚ ਨਜ਼ਰ ਮਾਰੀ। ਕਣਕ ਦੀਆਂ ਤੀਹਰੀਆਂ ਮੰਡਲੀਆਂ ਲੰਮੀਆਂ ਵੀ ਬਹੁਤ ਸਨ ਅਤੇ ਉੱਚੀਆਂ ਵੀ ਬਹੁਤ। ਉਹਦਾ ਚਿੱਤ ਹੌਸਲੇ ਵਿੱਚ ਹੋ ਕੇ ਕਰਾਰ ਵਿੱਚ ਆ ਗਿਆ।

ਅੱਜ ਉਹ ਵਾਢਿਆਂ ਦੀ ਹਾਜ਼ਰੀ ਲੈ ਕੇ ਜਾਵੇਗਾ। ਫੇਰ ਉਹ ਰੋਟੀ ਆਪ ਖੁਆ ਕੇ ਆਵੇਗਾ ਅਤੇ ਪਿਛਲੇ ਪਹਿਰ ਦੀ ਚਾਹ ਪਿਆ ਕੇ ਆਵੇਗਾ। ਜਦੋਂ ਵਾਢੀ ਹੁੰਦੀ ਅਤੇ ਫ਼ਸਲ ਦੇ ਢੇਰ ਉਹਦੀਆਂ ਅੱਖਾਂ ਅੱਗੇ ਉਚੇ ਹੋਣ ਲਗਦੇ, ਉਹ ਮਿਹਨਤ ਦਾ ਫ਼ਲ ਦੇਖਣ ਲਈ ਵਾਰ-ਵਾਰ ਖੇਤ ਗੇੜੇ ਮਾਰਦਾ।

ਕਈ ਦਿਨਾਂ ਮਗਰੋਂ ਅੱਜ ਉਹ ਪਹਿਲੀ ਵਾਰ ਹੇਠਾਂ ਉੱਤਰਨ ਲਈ ਪੌੜੀਆਂ ਵੱਲ ਅਹੁਲਿਆ। ਹੇਠਾਂ ਗਿੰਦਰ ਹੱਥ ਵਿੱਚ ਦਾਤੀ ਲੈ ਕੇ ਤੁਰਿਆ ਜਾ ਰਿਹਾ ਸੀ। ਉਹਨੇ ਬਨੇਰੇ ਕੋਲ ਖਲੋ ਕੇ ਪੁੱਛਿਆ, "ਕਿਵੇਂ ਜਗਿੰਦਰ ਸਿਆਂ, ਸ਼ੇਰਾ, ਤੂੰ ਹੁਣ ਚੱਲਿਆ ਹੈਂ, ਸਭ ਤੋਂ ਮਗਰੋਂ?"

"ਸੋਚਿਆ, ਮੈਂ ਔਹ ਪਰਸੋਂ ਦੀ ਛੱਡੀ ਹੋਈ ਕਣਕ ਵੱਢ ਕੇ ਹੀ ਜਾਵਾਂ। ਇਹ ਕੰਮ ਵੀ ਮੁੱਕੇ ਵਿਚੋਂ!" ਉਹਨੇ ਖਲੋ ਕੇ ਦੱਸਿਆ।

"ਪਰਸੋਂ ਹੀ ਤਾਂ ਤੁਸੀਂ ਹਰੀ-ਕਚਾਰ ਹੋਣ ਕਰਕੇ ਛੱਡੀ ਸੀ। ਅਜੇ ਕੱਚੀ ਨਾ ਹੋਵੇ ਇਹ ਕਣਕ?" ਅਰਜਨ ਸਿੰਘ ਬੋਲਿਆ, "ਕੱਚੀ ਵੱਢੀ ਜਾਵੇ ਤਾਂ ਦਾਣੇ ਪਿਚਕ ਜਾਂਦੇ ਨੇ, ਭਾਈ, ਕਣਕ ਦੇ।" (ਬਾਕੀ ਸਫ਼ਾ 27 'ਤੇ)

# ਕਾਵਿ ਸੰਸਾਰ






ਮਾਵਾਂ ਦੀਆਂ ਲੋਰੀਆਂ 'ਚ ਪਲੇ
ਅਸੀਂ ਤਾਂ ਸੀ ਲੱਖਾਂ ਸੁਫ਼ਨੇ,
ਬਾਪੂ ਦੀਆਂ ਬੇਸ਼ੁਮਾਰ ਉਮੀਦਾਂ,
ਤੁਸੀਂ ਲਿਖਿਆ ਸਿਰਫ਼ ਇੱਕ ਸੌ ਪੈਂਹਟ।
ਸਾਨੂੰ ਨਾ ਸੀ ਸਰਹੱਦਾਂ ਦੀ ਸਮਝ
ਨਾ ਸੀ ਰਾਜਨੀਤੀ ਦੀ ਖੇਡ ਦਾ ਪਤਾ
ਸਾਡਾ ਮਾਸੂਮਾਂ ਦਾ ਤਾਂ ਸੀ
ਹਾਸਿਆਂ ਦਾ ਸੰਸਾਰ।
ਸਾਡੀਆਂ ਗੁੱਡੀਆਂ ਤਾਂ ਅਜੇ ਵੀ
ਟੁੱਟੇ ਛੱਜਿਆਂ ਹੇਠ ਪਈਆਂ ਹੋਣੀਆਂ
ਸਾਡੀਆਂ ਕਾਪੀਆਂ ਦੇ ਕੋਰੇ ਪੰਨੇ ਜ਼ਰੂਰ
ਸਾਨੂੰ ਉਡੀਕਦੇ ਹੰਝੂ ਕੇਰ ਰਹੇ ਹੋਣਗੇ।
ਹਥਿਆਰਾਂ ਦੇ ਵਣਜਾਰਿਓ
ਬੰਬਾਂ ਦੇ ਉਪਾਸ਼ਕੋ
ਨਫ਼ਰਤ ਦੀ ਜੁਗਾਲੀ ਕਰਨ ਵਾਲਿਓ
ਤੁਸੀਂ ਸਭ ਜਾਣਦੇ ਹੋ
ਕਿਤਾਬਾਂ ਦੀ ਕੀਮਤ, ਅੱਖਰਾਂ ਦੀ ਤਾਸੀਰ।
ਤੁਹਾਡਾ ਡਰ, ਤੁਹਾਡੀ ਭੁੱਖ
ਤੁਹਾਡੀ ਹਵਸ ਸਭ ਤੋਂ ਪਹਿਲਾਂ
ਬੰਬ ਬਣ ਡਿੱਗਦੀ ਹੈ ਤਾਂ ਹੀ
ਵਿਦਿਆ ਦੇ ਮੰਦਰਾਂ ਦੀਆਂ ਛੱਤਾਂ 'ਤੇ।
ਫਿਰ ਕੀ ਹੋਇਆ ਜੇ ਖ਼ਾਮੋਸ਼ ਹੋਇਆ
ਸਾਡੇ ਸੁਫ਼ਨਿਆਂ ਦਾ ਸੰਸਾਰ
ਇਨ੍ਹਾਂ ਦੀ ਰਾਖ ਹੀ ਇਨ੍ਹਾਂ ਦਾ ਬੀਜ ਹੈ
ਬਹਾਰ ਬਣ ਉੱਗੇਗਾ ਫਿਰ
ਇਨ੍ਹਾਂ ਹੀ ਸੁੱਚੀਆਂ ਫਿਜ਼ਾਵਾਂ 'ਚ।
ਤੁਸੀਂ ਕਹਿੰਦੇ ਹੋ, 'ਕੋਲੈਟਰਲ ਡੈਮੇਜ'
ਕਿੰਨਾ ਸੌਖਾ ਸ਼ਬਦ ਹੈ
ਇੱਕ ਲਫ਼ਜ਼ ਨਾਲ ਸੁਰਖ਼ਰੂ ਹੋ ਜਾਣਾ
ਬੇਦੋਸ਼ਿਆਂ ਦੇ ਕਤਲਾਂ ਤੋਂ, ਗੁਨਾਹਾਂ ਤੋਂ।
ਪਰ ਸੁਣੋ, ਕਿਆਮਤ ਦੇ ਦਿਨ
ਸਿਰਫ਼ ਅੱਲ੍ਹਾ ਅੱਗੇ ਹੀ ਨਹੀਂ
ਤੁਹਾਡੀ ਜ਼ਮੀਰ ਅੱਗੇ ਵੀ
ਖਲੋਵਾਂਗੀਆਂ ਵੰਗਾਰ ਬਣ।
ਸਵਾਲ ਬਣ ਪੁੱਛਾਂਗੀਆਂ,
"ਜਦੋਂ ਤੁਸੀਂ ਖਿੱਚ ਰਹੇ ਸੀ
ਨਕਸ਼ਿਆਂ 'ਤੇ ਲਕੀਰਾਂ,
ਪਲ ਭਰ ਲਈ ਵੀ
ਕੀ ਤੁਹਾਨੂੰ ਯਾਦ ਨਾ ਆਈਆਂ
ਤੁਹਾਡੀਆਂ ਧੀਆਂ ਵਰਗੀਆਂ
ਸਾਡੀਆਂ ਮੁਸਕਾਨਾਂ?
ਯਾਦ ਰੱਖਿਓ!
ਅਸੀਂ ਮਰ ਕੇ ਵੀ
ਤੁਹਾਡੀਆਂ ਫ਼ਰੇਬੀ ਜ਼ਮੀਰਾਂ ਨੂੰ
ਚੀਖ-ਚੀਖ ਕੇ ਸਵਾਲ ਕਰਾਂਗੀਆਂ
ਸਾਡਾ ਮਾਸੂਮਾਂ ਦਾ ਕੀ ਕਸੂਰ ਸੀ?

## ਗਲਾਸੀ ਭਰ ਗਲਾਸੀ ਪੀ




ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਫਾਵਾਂ ਜੀਅ?
ਹੁਣ ਕੋਲ਼ ਤੇਰੇ ਕੋਈ ਖੜ੍ਹਦਾ ਨਹੀਂ,
ਤੇਰਾ ਦਰਦ ਹੁਣ ਕੋਈ ਜਰਦਾ ਨਹੀਂ,
ਤੇਰੀ ਹਾਮੀ ਹੁਣ ਕੋਈ ਭਰਦਾ ਨਹੀਂ,
ਤੇਰੇ ਰੋਅਬ ਤੋਂ ਹੁਣ ਕੋਈ ਡਰਦਾ ਨਹੀਂ।
ਐਵੇਂ ਆਕੜ ਕੇ ਕਰੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਫਾਵਾਂ ਜੀਅ?
ਤੈਨੂੰ ਸਾਰੇ ਸਮਝਾ ਕੇ ਥੱਕੇ ਨੇ,
ਤੇਰੀ ਆਦਤ ਤੋਂ ਸਭ ਅੱਕੇ ਨੇ,
ਤੇਰੇ ਰਿਸ਼ਤੇ ਸਾਰੇ ਹੁਣ ਕੱਚੇ ਨੇ,
ਕੋਈ ਰਹੇ ਨਾ ਤੇਰੇ ਸਕੇ ਨੇ।
ਹੁਣ ਆਪਣਾ ਕਿਸੇ ਨੂੰ ਕਹੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ 'ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਫਾਵਾਂ ਜੀਅ?
ਤੇਰੇ ਫੇਫੜੇ ਸਾਰੇ ਹੁਣ ਗਲ਼ ਗਏ ਨੇ,
ਤੇਰੇ ਗੁਰਦੇ ਕੰਮ ਕਰਨੋ ਟਲ਼ ਗਏ ਨੇ,
ਹੱਥ ਤੇਰੇ ਕੰਬਣ ਲੱਗ ਗਏ ਨੇ,
ਅੰਗ ਕਹਿਣਾ ਮੰਨਣੋ ਹਟ ਗਏ ਨੇ।
ਹੁਣ ਗਲਾਸੀ ਤੂੰ ਫੜੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਫਾਵਾਂ ਜੀਅ?
ਹੈ ਸਮਾਂ ਅਜੇ ਵੀ ਮੰਨਣ ਦਾ,
ਹੱਥੋਂ ਕਿਰਦੀ ਜਾਨ ਨੂੰ ਥੰਮ੍ਹਣ ਦਾ,
ਧੀਵੇਂ ਪਾਣੀ ਨੂੰ ਲੰਘਣ ਦਾ,
ਟੁੱਟਦੇ ਬੇੜੇ ਨੂੰ ਬੰਨ੍ਹਣ ਦਾ।
ਜੇ ਡੁੱਬ ਗਿਆ ਤਾਂ ਕਰੇਂਗਾ ਕੀ?
ਗਲਾਸੀ ਭਰ ਗਲਾਸੀ ਪੀ, ਭਾਵੇਂ ਮਰ ਤੇ ਭਾਵੇਂ ਜੀ,
ਮੈਨੂੰ ਹੈ ਤੇਰੇ ਨਾਲ਼ ਕੀ, ਕਾਹਨੂੰ ਮੈਂ ਤੜਫਾਵਾਂ ਜੀਅ?

## ਦਿਲ ਦੀ ਪੀੜ

ਕਰਮਜੀਤ ਕੌਰ



ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ ।
ਦਿਲ ਦਿਆ ਮਹਿਰਮਾ ਵੇ...।
ਉਮਰਾਂ ਦਾ ਸਾਥ ਮੇਰਾ,
ਸੁਪਨੇ 'ਚ ਰਹਿ ਗਿਆ।
ਰੂਹਾਂ ਵਾਲੀ ਪੀੜ ਇਹੋ,
ਦਿਲ ਮੇਰਾ ਸਹਿ ਗਿਆ।
ਤੋੜੀਂ ਨਾ ਤੂੰ ਚੰਨ ਮਾਹੀ,
ਪਿਆਰ ਦੀ ਜ਼ੰਜੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ...।
ਮੁੱਕਣਾ ਨਹੀਂ ਪੰਧ ਇਹੋ,
ਦੂਰੀਆਂ ਦੇ ਵੇਗ ਦਾ।
ਜ਼ਿੰਦਗੀ 'ਚ ਆਏ ਮੇਰੇ,
ਦਰਦ ਹਨੇਰ ਦਾ।
ਜਿੰਦ ਮੇਰੀ ਚੜ੍ਹ ਚੱਲੀ,
ਇਸ਼ਕ ਸਲੀਬ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ...।

## ਬੰਦਿਆ

ਨਿਰਮਲ ਸਿੰਘ ਰੱਤਾ

ਘਾਲਣੀ ਹੈ ਪੈਂਦੀ ਸੱਚੀ ਘਾਲ ਬੰਦਿਆ
ਮਾਇਆ ਵਾਲਾ ਤੋੜ ਕੇ ਜੰਜਾਲ ਬੰਦਿਆ
ਕਾਬੂ ਵਿੱਚ ਰੱਖ ਮਨੂਆ ਸ਼ੈਤਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਭੱਠੀ ਵਿੱਚ ਪਾ ਕੇ ਪਹਿਲਾਂ ਸੋਨਾ ਗਾਲਦਾ
ਫੇਰ ਹੈ ਸੁਨਿਆਰ ਮਨਚਾਹਾ ਢਾਲਦਾ
ਤਪ ਕੇ ਹੀ ਆਉਂਦੀ ਸੋਨੇ ਵਿੱਚ ਸ਼ਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਧੀਰਜ ਦੇ ਨਾਲ ਔਖ ਸੌਖ ਝੱਲ ਕੇ
ਦੱਸਿਆ ਗੁਰਾਂ ਜੋ ਮਾਰਗ 'ਤੇ ਚੱਲ ਕੇ
ਬਣ ਜਾਂਦਾ ਬੰਦਾ ਆਮ ਵੀ ਮਹਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਝੂਠ ਚੁਗਲੀ ਤੇ ਨਿੰਦਿਆ ਤਿਆਗ ਕੇ
ਵੈਰ ਤੇ ਵਿਰੋਧ ਵਾਲੀ ਨੀਂਦੋਂ ਜਾਗ ਕੇ
ਆਦਮੀ ਤੋਂ ਹੋਣਾ ਪੈਂਦਾ ਇਨਸਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸਾਰਿਆਂ ਦੇ ਵਿੱਚ ਇੱਕ ਉਹੀ ਵੱਸਦਾ
ਓਹੀ ਖੇਡੇ ਮੱਲੇ ਓਹੀ ਰੋਵੇ ਹੱਸਦਾ
ਸਭ ਵਿੱਚ ਸਮਝ ਬਿਰਾਜਮਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਕਰਦਾ ਪਰਖ ਰਹੇ ਵਾਰ ਵਾਰ ਜੀ
ਕੌਣ ਕਰੇ ਸੱਚਾ ਕੌਣ ਝੂਠਾ ਪਿਆਰ ਜੀ
ਤਨੋਂ ਮਨੋਂ ਹੋਣਾ ਪੈਂਦਾ ਕੁਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸੱਚੇ ਗੁਰੂ ਨਾਲ ਆਪ ਹੀ ਮਿਲਾਂਵਦਾ
ਸਿੱਧੇ ਰਾਹੇ ਪਾ ਕੇ ਭਗਤੀ ਕਰਾਂਵਦਾ
ਫੜ ਲੈਂਦਾ ਹੱਥ ਹੋ ਮਿਹਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਨੈਣਾਂ ਵਿੱਚੋਂ ਨੀਂਦਰ ਖੋਹ ਕੇ, ਸਾਰੀ ਰਾਤ ਜਗਾਵੇ
ਇਸ਼ਕ ਦਾ ਸੌਦਾ ਬੜਾ ਅਨੋਖਾ, ਹਾਟੋ-ਹਾਟ ਵਿਕਾਵੇ।
ਬੜਾ ਬੁਲੰਦ ਇਸ਼ਕ ਦਾ ਰੁਤਬਾ, ਨਾ ਸਹੇ ਤੇ ਨਾ ਡਰਾਵੇ
ਯਾਰ ਮਨਾਵਣ ਖ਼ਾਤਰ ਚੰਦਰਾ, ਕੱਚਿਆਂ 'ਤੇ ਤਰ ਜਾਵੇ।
ਇਸ਼ਕ ਦੀ ਰੰਗਤ ਜੋਗੀ ਕਰ ਦਏ, ਰਾਂਝੇ ਕੰਨ ਪੜਵਾਵੇ
ਇਸ਼ਕ ਦੀ ਬੰਦਗੀ, ਮਹੀਂਵਾਲ ਤੋਂ ਪੱਟ ਦਾ ਮਾਸ ਖੁਆਵੇ।
ਇਸ਼ਕ ਦੀ ਰਾਹੇ ਤੁਰਦਾ ਹੈ ਜੋ, ਬਿਰਹਾ ਝੋਲੀ ਪਾਵੇ
ਕਦੇ ਇਹ ਬੁੱਲ੍ਹਾ, ਕਦੇ ਇਹ ਸਰਮਦ, ਕਦੇ ਫ਼ਰੀਦ ਕਹਾਵੇ।
ਇਸ਼ਕ ਵਤਨ ਦਾ ਜਿਸ ਨੂੰ ਲੱਗੇ, ਉਸ ਨੂੰ ਕੁਝ ਨਾ ਭਾਵੇ
ਤੱਕ ਦਿਲਬਰ ਤੱਕ ਇਸ਼ਕ ਦੀ ਟੀਸੀ, ਫ਼ਾਂਸੀ ਵੀ ਚੜ੍ਹ ਜਾਵੇ।
ਇਸ਼ਕ ਹੈ ਜਿਸਦੇ ਹੱਡੀਂ ਰਚਿਆ, ਮੰਦਰ-ਮਸੀਤ ਨਾ ਜਾਵੇ
ਸਭ ਵਿੱਚ ਵੇਖੇ ਨੂਰ ਇੱਕ ਖ਼ੁਦਾ ਦਾ, ਨੂਰੀ ਹੀ ਹੋ ਜਾਵੇ।

## ਮੰਨਿਆ ਵੀ ਕਰ

ਹਰਦੀਪ ਬਿਰਦੀ

ਪੀਣੇ ਪੈਂਦੇ ਹੰਝੂ ਖਾਰੇ ਮੰਨਿਆ ਵੀ ਕਰ।
ਬੰਦਾ ਕਿਸਮਤ ਤੋਂ ਜਦ ਹਾਰੇ ਮੰਨਿਆ ਵੀ ਕਰ।
ਜਿੰਨਾ ਮਰਜ਼ੀ ਧਨ ਕਮਾ ਲਉ ਨਾਲ ਨਾ ਜਾਣਾ
ਖਾਲੀ ਹੱਥ ਹੀ ਜਾਂਦੇ ਸਾਰੇ ਮੰਨਿਆ ਵੀ ਕਰ।
ਮਿਹਨਤ ਕਰਿਆਂ ਤੈਨੂੰ ਜਦ ਹੈ ਸਭ ਕੁਝ ਮਿਲਦਾ
ਕਾਹਤੋਂ ਕਰਨੇ ਪੁੱਠੇ ਕਾਰੇ ਮੰਨਿਆ ਵੀ ਕਰ।
ਕੁਦਰਤ ਦੇ ਜੋ ਸਿਰਜੇ ਹੋਏ ਸੱਜਣਾ ਵਧੀਆ
ਅਪਣੀ ਥਾਂ 'ਤੇ ਮੌਸਮ ਚਾਰੇ ਮੰਨਿਆ ਵੀ ਕਰ।
ਪਰਦੇਸਾਂ ਤੋਂ ਵਾਪਸ ਆ ਕੇ ਸੀਨੇ ਨਾਲ ਲੱਗ ਕੇ
ਪੁੱਤ ਕਲੇਜਾ ਮਾਂ ਦਾ ਠਾਰੇ ਮੰਨਿਆ ਵੀ ਕਰ।
ਨੇਤਾਵਾਂ ਨੇ ਪੱਲੇ ਕੁਝ ਨਹੀਂ ਪਾਉਣਾ ਹੁੰਦਾ
ਇਨ੍ਹਾਂ ਪੱਲੇ ਕੇਵਲ ਲਾਰੇ ਮੰਨਿਆ ਵੀ ਕਰ।
ਗੱਲੀਂ ਬਾਤੀਂ ਆਸ਼ਕ ਤਾਰੇ ਤੋੜ ਲਿਆਉਂਦੇ
ਕਿਹੜਾ ਤੋੜਨ ਜਾਂਦਾ ਤਾਰੇ ਮੰਨਿਆ ਵੀ ਕਰ।
ਇਹ ਜੋ ਲੁੱਟਾਂ ਖੋਹਾਂ ਖ਼ੂਨ ਖਰਾਬਾ ਜਗ 'ਤੇ
ਦੌਲਤ ਸ਼ੋਹਰਤ ਦੇ ਸਭ ਕਾਰੇ ਮੰਨਿਆ ਵੀ ਕਰ।
ਰੋਟੀ ਤਾਂ ਮਿਲ ਸਕਦੀ ਸਭ ਨੂੰ ਥੋੜ੍ਹੇ ਨਾਲ ਹੀ
ਦੌਲਤ ਸ਼ੋਹਰਤ ਪਿੱਛੇ ਸਾਰੇ ਮੰਨਿਆ ਵੀ ਕਰ।

## ਰੁੱਖ ਦਾ ਦਰਦ

ਹਰਪ੍ਰੀਤ ਪੱਤੋ

ਆ ਬੈਠ ਤੈਨੂੰ ਦਰਦ ਸੁਣਾਵਾਂ
ਡਾਢਾ ਮੈਂ ਦੁਖਿਆਰਾ,
ਜਿਨ੍ਹਾਂ ਨੇ ਮਾਣੀ ਛਾਂ ਸੀ ਮੇਰੀ
ਅੱਜ ਚੁੱਕੀ ਫਿਰਦੇ ਆਰਾ।
ਪਤਾ ਨੀ ਕਦ ਵਾਰੀ ਆ ਜਾਏ
ਗਿਣ ਗਿਣ ਦਿਨ ਲੰਘਾਵਾਂ,
ਮੇਰੇ ਨਾਲ ਦੇ ਰੁੱਖ ਜਿੰਨੇ ਸੀ
ਛੱਡਗੇ ਘਣੀਆਂ ਛਾਵਾਂ।
ਵੱਡੀਆਂ ਸੜਕਾਂ ਉੱਚੇ ਪੁਲਾਂ ਨੇ
ਕਿੰਨੇ ਰੁੱਖ ਮੁਕਾਏ,
ਵਧੀ ਆਬਾਦੀ ਘਰ ਕੋਠੀਆਂ
ਸਾਨੂੰ ਵੱਢ ਵੱਢ ਪਾਏ।
ਜਿਹੜੇ ਦਿਸਦੇ ਔਹ ਖੜੇ ਨੇ
ਮੇਰੇ ਨਾਲ ਦੇ ਸਾਥੀ,
ਸਾਨੂੰ ਕੱਟਣਾ, ਲਾਉਣ ਸਕੀਮਾਂ
ਜੋ ਕਰਦੇ ਸੀ ਰਾਖੀ।
ਬੜਾ ਰੁੱਖ ਦੁਖੀ ਸੀ ਲੱਗਦਾ,
ਹੁਬਕੀਂ ਹੁਬਕੀਂ ਰੋਵੇ,
ਥਾਂ ਉਸ ਨੂੰ ਕੋਈ ਨਾ ਦਿਸਦੀ
ਜਿੱਥੇ ਜਾ ਖਲੋਵੇ।
ਸ਼ੁੱਧ ਹਵਾ ਦੇ ਕੇ ਕਹੇ



ਵਾਤਾਵਰਨ ਬਚਾਈਏ,
ਪਰ 'ਪੱਤੋ' ਮਨੁੱਖ ਗੁਣ ਨਾ ਜਾਣੇ
ਅਸੀਂ ਜਾਨ ਗਵਾਈਏ।

## ਵਿਸ਼ਵ ਕ੍ਰਿਕਟ ’ਚ ਪੰਜਾਬੀਆਂ ਦੀ ਸ਼ਾਨ ਵੱਖਰੀ

# ਟੀ-20 ਵਿਸ਼ਵ ਕ੍ਰਿਕਟ ਕੱਪ ’ਚ 15 ਤੋਂ ਵਧੇਰੇ ਖੇਡੇ ਪੰਜਾਬੀ ਮੂਲ ਦੇ ਖਿਡਾਰੀ

## ਕੈਨੇਡਾ ਦੀ ਟੀਮ ’ਚ ਸ਼ਾਮਲ ਸਨ ਪੰਜਾਬੀ ਮੂਲ ਦੇ 7 ਖਿਡਾਰੀ

**ਆਇਰਲੈਂਡ, ਨਿਊਜ਼ੀਲੈਂਡ, ਪਾਕਿਸਤਾਨ, ਸਕਾਟਲੈਂਡ, ਕੈਨੇਡਾ, ਇਟਲੀ, ਨੀਦਰਲੈਂਡ, ਨਾਬੀਮੀਆ, ਜ਼ਿੰਬਾਬਵੇ, ਨੇਪਾਲ, ਓਮਾਨ ਤੇ ਯੂਏਈ ਸ਼ਾਮਲ ਹਨ। ਹਰੇਕ ਦੇਸ਼ ਦੀ ਟੀਮ ਵਿਚ 15 ਖਿਡਾਰੀ ਸ਼ਾਮਲ ਸਨ, ਜਿਨ੍ਹਾਂ ਦੀ ਕੁੱਲ ਗਿਣਤੀ 300 ਬਣਦੀ ਹੈ। ਟੀ-20 ਕ੍ਰਿਕਟ ਦੇ ਇਸ ਮਹਾਕੁੰਭ ’ਚ ਜਿੱਥੇ ਟੀਮਾਂ ਨੇ ਆਪਣੀ ਖੇਡ ਕਲਾ ਦਾ ਪ੍ਰਦਰਸ਼ਨ ਕੀਤਾ, ਉਥੇ ਹੀ ਇਨ੍ਹਾਂ ਟੀਮਾਂ ਦੇ ਖਿਡਾਰੀਆ ਨੇ ਵੀ ਵਿਅਕਤੀਗਤ ਤੌਰ ’ਤੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ।**

**ਜਤਿੰਦਰ ਪੰਮੀ**



ਬੀਤੀ 7 ਫਰਵਰੀ ਤੋਂ 8 ਮਾਰਚ ਤੱਕ ਭਾਰਤ ਤੇ ਸ੍ਰੀਲੰਕਾ ਦੀ ਸਾਂਝੀ ਮੇਜ਼ਬਾਨੀ ’ਚ ਖੇਡੇ ਗਏ ਟੀ-20 ਵਿਸ਼ਵ ਕ੍ਰਿਕਟ ਕੱਪ ਦੀ ਇੱਕ ਵੱਡੀ ਗੱਲ ਇਹ ਸਾਹਮਣੇ ਆਈ ਹੈ ਕਿ ਵਿਸ਼ਵ ਦੇ 20 ਦੇਸ਼ਾਂ ਦੀਆਂ ਬਹੁਤ ਸਾਰੀਆ ਟੀਮਾਂ ਅਜਿਹੀਆ ਸਨ, ਜਿਨ੍ਹਾਂ ’ਚ ਪੰਜਾਬੀ ਮੂਲ ਦੇ ਖਿਡਾਰੀਆ ਨੇ ਸ਼ਮੂਲੀਅਤ ਕਰਕੇ ਆਪਣੀ ਖੇਡ ਪ੍ਰਤਿਭਾ ਨਾਲ ਕ੍ਰਿਕਟ ਪ੍ਰੇਮੀਆ ਦਾ ਮਨ ਮੋਹ ਲਿਆ। ਇਸ ਟੂਰਨਾਮੈਂਟ ’ਚ ਖੇਡ ਰਹੇ ਪੰਜਾਬੀ ਮੂਲ ਦੇ ਖਿਡਾਰੀਆ ਦੀ ਗਿਣਤੀ 15 ਤੋਂ ਵੀ ਵੱਧ ਸੀ, ਜਿਨ੍ਹਾਂ ਨੇ ਆਪਣੀ ਖੇਡ ਸਦਕਾ ਆਪਣਾ ਤੇ ਪੰਜਾਬੀਆ ਦਾ ਨਾਂਅ ਰੌਸ਼ਨ ਕਰਨ ਦੇ ਨਾਲ਼ ਹੀ ਵਿਸ਼ਵ ਪੱਧਰ ’ਤੇ ਇਹ ਛਾਪ ਛੱਡੀ ਹੈ ਕਿ ਜੇਕਰ ਪੰਜਾਬੀਆ ਨੂੰ ਮੌਕਾ ਮਿਲੇ ਤਾਂ ਉਹ ਖੇਡਾਂ ਦੇ ਨਾਲ ਹੀ ਕਿਸੇ ਵੀ ਖੇਤਰ ’ਚ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾ ਸਕਦੇ ਹਨ।

**ਜਸਪ੍ਰੀਤ ਬੁਮਰਾਹ**

ਭਾਰਤੀ ਟੀਮ ’ਚ ਸ਼ਾਮਲ 32 ਸਾਲਾ ਸੱਜੇ ਹੱਥ ਦੇ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਦਾ ਜਨਮ ਬੇਸ਼ੱਕ ਅਹਿਮਦਾਬਾਦ, ਗੁਜਰਾਤ ’ਚ 6 ਦਸੰਬਰ 1993 ਨੂੰ ਹੋਇਆ ਪਰ ਉਨ੍ਹਾਂ ਦਾ ਪਰਿਵਾਰਕ ਪਿਛੋਕੜ ਪੰਜਾਬ ਨਾਲ ਸਬੰਧਿਤ ਹੈ। ਉਨ੍ਹਾਂ ਦੇ ਪਿਤਾ ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਫਗਵਾੜਾ ਦੇ ਰਹਿਣ ਵਾਲੇ ਸਨ। ਜਸਪ੍ਰੀਤ ਬੁਮਰਾਹ ਦਾ ਪਾਲਣ ਪੋਸ਼ਣ ਮਾਤਾ ਦਲਜੀਤ ਬੁਮਰਾਹ ਨੇ ਕੀਤਾ ਕਿਉਂਕਿ ਜਦੋਂ ਉਹ 5 ਸਾਲ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਜਸਬੀਰ ਬੁਮਰਾਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਸਕੂਲੀ ਵਿੱਦਿਆ ਨਿਰਮਾਨ ਹਾਈ ਸਕੂਲ ਵਸਤਰਾਪੁਰ ਤੋਂ ਕੀਤੀ ਅਤੇ ਉਦੋਂ ਹੀ ਕ੍ਰਿਕਟ ’ਚ ਰੁਚੀ ਲੈਣ ਲੱਗੇ ਪਏ ਸਨ। 2010 ’ਚ ਬੁਮਰਾਹ ਨੇ ਗੁਜਰਾਤ ਕ੍ਰਿਕਟ ਐਸੋਸੀਏਸ਼ਨ ਦੀ ਅੰਡਰ-19 ਜ਼ਿਲ੍ਹਾ ਟੀਮ ਲਈ ਟਰਾਇਲ ਦਿੱਤੇ ਪਰ ਚੋਣਕਾਰਾਂ ਨੇ ਉਨ੍ਹਾਂ ਦੇ ਗੇਂਦਬਾਜ਼ੀ ਦੇ ਅਨੋਖੇ ਅੰਦਾਜ਼ ਨੂੰ ਦੇਖਦੇ ਹੋਏ 15 ਖਿਡਾਰੀਆ ’ਚ ਸ਼ਾਮਲ ਨਾ ਕਰਕੇ ਰਾਖਵੇਂ ਖਿਡਾਰੀ ਵਜੋਂ ਚੁਣ ਲਿਆ। ਇਸ ਟੀਮ ਨੇ ਆਪਣੇ ਪਹਿਲੇ ਤਿੰਨ ਮੈਚ ਜਿੱਤ ਲਏ ਤਾਂ ਚੌਥੇ ਮੈਚ ’ਚ ਉਸ ਸਮੇਤ ਤਿੰਨਾਂ ਰਾਖਵੇਂ ਖਿਡਾਰੀਆ ਨੂੰ ਖੇਡਣ ਦਾ ਮੌਕਾ ਦਿੱਤਾ ਗਿਆ, ਜਿਸ ਵਿੱਚ ਬੁਮਰਾਹ ਨੇ ਸ਼ਾਨਦਾਰ ਗੇਂਦਬਾਜ਼ ਕਰਦਿਆਂ 7 ਵਿਕਟਾਂ ਝਟਕਾਈਆਂ। ਇਥੋਂ ਹੀ ਉਨ੍ਹਾਂ ਦੇ ਕ੍ਰਿਕਟ ਜੀਵਨ ਦੀ ਸ਼ੁਰੂਆਤ ਹੋਈ।

**ਅਰਸ਼ਦੀਪ ਸਿੰਘ**

ਭਾਰਤੀ ਟੀਮ ਦੇ ਖੱਬੇ ਹੱਥ ਦੇ ਮੀਡੀਅਮ-ਫਾਸਟ ਗੇਂਦਬਾਜ਼ 27 ਸਾਲਾ ਅਰਸ਼ਦੀਪ ਸਿੰਘ ਦਾ ਜਨਮ 5 ਫਰਵਰੀ 1999 ਨੂੰ ਮੱਧ ਪ੍ਰਦੇਸ਼ ਦੇ ਗੁਨਾ ’ਚ ਹੋਇਆ ਕਿਉਂਕਿ ਉਨ੍ਹਾਂ ਦੇ ਪਿਤਾ ਦਰਸ਼ਨ ਸਿੰਘ ਸੀਆਈਐੱਸਐੱਫ ’ਚ ਇੰਸਪੈਕਟਰ ਵਜੋਂ ਉਥੇ ਤਾਇਨਾਤ ਸਨ ਤੇ ਮਾਤਾ ਬਲਜੀਤ ਕੌਰ ਘਰੇਲੂ ਔਰਤ ਹਨ। ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਮੁੜ ਖਰੜ ਆ ਕੇ ਵੱਸ ਗਿਆ। ਅਰਸ਼ਦੀਪ ਸਿੰਘ ਨੇ ਆਪਣੀ ਸਕੂਲੀ ਪੜ੍ਹਾਈ ਗਿਆਨ ਜੋਤੀ ਪਬਲਿਕ ਸਕੂਲ ਖਰੜ ਤੋਂ ਕੀਤੀ। ਉਸ ਅੰਦਰ ਕ੍ਰਿਕਟ ਪ੍ਰਤੀ ਚਿਣਗ ਦੇਖ ਕੇ ਉਨ੍ਹਾਂ ਦੇ ਪਿਤਾ ਤੇ ਮਾਤਾ ਨੇ ਹਰ ਤਰ੍ਹਾਂ ਦਾ ਸਹਿਯੋਗ ਤੇ ਹੌਸਲਾ ਅਫਜ਼ਾਈ ਦਿੱਤੀ ਪਰ 2017 ਤਕ ਉਸ ਨੂੰ ਆਪਣੀ ਪ੍ਰਤਿਭਾ ਦਿਖਾਉਣ ਦਾ ਢੁੱਕਵਾਂ ਮੌਕਾ ਨਾ ਮਿਲਿਆ। ਇਸ ਲਈ ਉਸ ਨੇ ਕੈਨੇਡਾ ਰਹਿੰਦੇ ਆਪਣੇ ਵੱਡੇ ਭਰਾ ਅਕਾਸ਼ਦੀਪ ਸਿੰਘ ਕੋਲ ਜਾਣ ਦਾ ਮਨ ਬਣਾ ਲਿਆ। ਫਿਰ ਉਸ ਨੂੰ ਕਟੋਚ ਸ਼ੀਲਡ ਟੂਰਨਾਮੈਂਟ ’ਚ ਖੇਡਣ ਦਾ ਮੌਕਾ ਮਿਲਿਆ ਅਤੇ 2018 ’ਚ ਅੰਡਰ-19 ਕ੍ਰਿਕਟ ਵਿਸ਼ਵ ਕੱਪ ਲਈ ਭਾਰਤੀ ਟੀਮ ’ਚ ਉਸ ਦੀ ਚੋਣ ਹੋ ਗਈ। ਉਸੇ ਸਾਲ ਹੀ ਸੀਕੇ ਨਾਇਡੂ ਟਰਾਫੀ ਲਈ ਅੰਡਰ-23 ਪੰਜਾਬ ਟੀਮ ਵੱਲੋਂ ਖੇਡਣ ਦਾ ਮੌਕਾ ਮਿਲਿਆ ਅਤੇ ਉਸ ਨੇ ਰਾਜਸਥਾਨ ਖ਼ਿਲਾਫ਼ ਖੇਡੇ ਗਏ ਮੈਚ ਦੀ ਦੂਜੀ ਪਾਰੀ ’ਚ ਹੈਟ੍ਰਿਕ ਬਣਾਉਣ ਦੇ ਨਾਲ ਹੀ 8 ਵਿਕਟਾਂ ਝਟਕਾਈਆਂ। ਉਸ ਮੈਚ ’ਚ ਅਰਸ਼ਦੀਪ ਸਿੰਘ ਨੇ 10 ਵਿਕਟਾਂ ਹਾਸਲ ਕੀਤੀਆ। ਉਸੇ ਸਾਲ ਹੀ ਉਸ ਨੂੰ ਵਿਜੇ ਹਜ਼ਾਰੇ ਟਰਾਫੀ ਤੇ 2019 ’ਚ ਰਣਜੀ ਟ੍ਰਾਫੀ ’ਚ ਖੇਡਣ ਦਾ ਮੌਕਾ ਮਿਲ ਗਿਆ। 2018 ’ਚ ਉਸ ਨੂੰ 2019 ਦੇ ਆਈਪੀਐੱਲ ਵਾਸਤੇ ਪੰਜਾਬ ਕਿੰਗਜ਼ ਇਲੈਵਨ ਟੀਮ ਲਈ ਖਰੀਦਿਆ ਗਿਆ ਅਤੇ 16 ਅਪ੍ਰੈਲ 2019 ਨੂੰ ਉਸ ਦੇ ਟੀ-20 ਕੈਰੀਅਰ ਦੀ ਸ਼ੁਰੂਆਤ ਹੋਈ।



**ਅਭਿਸ਼ੇਕ ਸ਼ਰਮਾ**

ਟੀ-20 ਕ੍ਰਿਕਟ ਦੇ ਵਿਸ਼ਵ ਦੇ ਨੰਬਰ ਇੱਕ ਖਿਡਾਰੀ 25 ਸਾਲਾ ਅਭਿਸ਼ੇਕ ਸ਼ਰਮਾ ਦਾ ਜਨਮ 4 ਸਤੰਬਰ 2000 ਵਿੱਚ ਗੁਰੂ ਨਗਰੀ ਅੰਮ੍ਰਿਤਸਰ ਵਿਖੇ ਪਿਤਾ ਰਾਜ ਕੁਮਾਰ ਤੇ ਮਾਤਾ ਮੰਜੂ ਸ਼ਰਮਾ ਦੇ ਘਰ ਹੋਇਆ। ਅਭਿਸ਼ੇਕ ਨੇ ਆਪਣੀ ਸਕੂਲੀ ਪੜ੍ਹਾਈ ਦਿੱਲੀ ਪਬਲਿਕ ਸਕੂਲ ਅੰਮ੍ਰਿਤਸਰ ਤੋਂ ਕੀਤੀ। ਕ੍ਰਿਕਟ ਖੇਡਣ ਦਾ ਸ਼ੌਕ ਉਸ ਨੇ ਸਕੂਲ ’ਚ ਪੜ੍ਹਨ ਦੌਰਾਨ ਹੀ ਪੈ ਗਿਆ। ਅਭਿਸ਼ੇਕ ਸ਼ਰਮਾ ਤੇ ਸ਼ੁਭਮਨ ਗਿੱਲ ਦੋਵੇਂ ਬਚਪਨ ਦੇ ਦੋਸਤ ਹਨ ਤੇ ਦੋਵੇਂ ਪੰਜਾਬ ਦੀ ਅੰਡਰ-14 ਟੀਮ ’ਚ ਓਪਨਿੰਗ ਕਰਦੇ ਰਹੇ ਸਨ। ਕੋਵਿਡ-19 ਦੇ ਲਾਕ ਡਾਊਨ ਦੌਰਾਨ ਸਾਬਕਾ ਕ੍ਰਿਕਟ ਸਿਤਾਰੇ ਯੁਵਰਾਜ ਸਿੰਘ ਨੇ ਅਭਿਸ਼ੇਕ ਨੂੰ ਕੋਚਿੰਗ ਦੇਣ ’ਚ ਅਹਿਮ ਭੂਮਿਕਾ ਨਿਭਾਈ।

**ਆਰੀਅਨ ਦੱਤ**

ਨੀਦਰਲੈਂਡ ਦੀ ਟੀਮ ਵੱਲੋਂ ਖੇਡਣ ਵਾਲੇ 22 ਸਾਲਾ ਗੇਂਦਬਾਜ਼ ਆਰੀਅਨ ਦੱਤ ਦਾ ਜਨਮ ਉਥੋਂ ਦੇ ਦੀ ਹੈਗਿਊ ਸ਼ਹਿਰ ’ਚ 12 ਮਈ 2003 ਨੂੰ ਹੋਇਆ। ਉਨ੍ਹਾਂ ਦੇ ਮਾਤਾ-ਪਿਤਾ 1980ਵਿਆ ’ਚ ਪੰਜਾਬ ਤੋਂ ਨੀਦਰਲੈਂਡ ਪਰਵਾਸ ਕਰ ਗਏ ਸਨ। ਦੱਤ ਨੂੰ ਕ੍ਰਿਕਟ ਖੇਡਣ ਦਾ ਸ਼ੌਕ 2011 ’ਚ ਭਾਰਤ ਦੀ ਟੀ-20 ਵਿਸ਼ਵ ਕੱਪ ਦੌਰਾਨ ਜਿੱਤ ਨੂੰ ਦੇਖ ਕੇ ਪਿਆ। ਇਸ ਉਪਰੰਤ ਉਸ ਨੇ 8 ਸਾਲ ਦੀ ਉਮਰ ਨੀਦਰਲੈਂਡ ਤੇ ਫਿਰ 13 ਸਾਲ ਦੀ ਉਮਰ ਚੰਡੀਗੜ੍ਹ ਤੋਂ ਕ੍ਰਿਕਟ ਦੇ ਗੁਰ ਸਿੱਖੇ। ਉਸ ਨੇ 2021 ’ਚ ਖੇਡੇ ਗਏ ਅੰਡਰ-19 ਵਿਸ਼ਵ ਕੱਪ ਦੌਰਾਨ ਨੀਦਰਲੈਂਡ ਟੀਮ ਵੱਲੋਂ ਪ੍ਰਤੀਨਿਧਤਾ ਕੀਤੀ।

**ਹਰਮੀਤ ਸਿੰਘ**

ਯੂਐੱਸਏ ਦੇ ਸਪਿੰਨਰ 33 ਸਾਲਾ ਹਰਮੀਤ ਸਿੰਘ ਬੱਧਣ ਦਾ ਜਨਮ 7 ਸਤੰਬਰ 1992 ਨੂੰ ਮੁੰਬਈ ’ਚ ਹੋਇਆ ਸੀ। ਹਾਲਾਂਕਿ ਉਨ੍ਹਾਂ ਦਾ ਪਿਛੋਕੜ ਪੰਜਾਬ ਨਾਲ ਸਬੰਧਤ ਹੈ। ਉਸ ਨੇ ਆਪਣੇ ਘਰੇਲੂ ਕ੍ਰਿਕਟ ਕਰੀਅਰ ਦੀ ਸ਼ੁਰੂਆਤ 2012 ’ਚ ਭਾਰਤ ਦੀ ਅੰਡਰ-19 ਟੀਮ ਵੱਲੋਂ 2012 ਦੇ ਅੰਡਰ-19 ਵਿਸ਼ਵ ਕ੍ਰਿਕਟ ਕੱਪ ਰਾਹੀਂ ਕੀਤੀ। 2013 ’ਚ ਉਸ ਨੇ ਆਈਪੀਐੱਲ ਲਈ ਰਾਜਸਥਾਨ ਰਾਇਲਜ਼ ਵੱਲੋਂ ਹਿੱਸਾ ਲਿਆ। 2018-19 ਦੀ ਵਿਜੇ ਹਜ਼ਾਰੇ ਟਰਾਫੀ ਦੌਰਾਨ ਉਸ ਨੇ ਤ੍ਰਿਪਰਾ ਵੱਲੋਂ ਖੇਡਦਿਆ ਸਭ ਤੋਂ ਵੱਧ ਵਿਕਟਾਂ ਲੈਣ ਦਾ ਮਾਣ ਹਾਸਲ ਕੀਤਾ।

**ਜਤਿੰਦਰ ਸਿੰਘ**

ਓਮਾਨ ਟੀਮ ਦੇ ਕਪਤਾਨ ਤੇ ਬੱਲੇਬਾਜ਼ 37 ਸਾਲਾ ਜਤਿੰਦਰ ਸਿੰਘ ਜਨਮ 5 ਮਾਰਚ 1989 ਨੂੰ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਗੁਰਮੇਲ ਸਿੰਘ 1975 ’ਚ ਓਮਾਨ ਚਲੇ ਗਏ ਸਨ ਅਤੇ ਰੌਇਲ ਓਮਾਨ ਪੁਲਿਸ ’ਚ ਨੌਕਰੀ ਕਰਦੇ ਸਨ। 2003 ’ਚ ਜਤਿੰਦਰ ਸਿੰਘ ਆਪਣੀ ਮਾਤਾ ਪਰਮਜੀਤ ਕੌਰ ਤੇ ਤਿੰਨ ਹੋਰ ਭੈਣ-ਭਰਾਵਾਂ ਨਾਲ ਓਮਾਨ ਚਲੇ ਗਏ। ਉਸ ਨੂੰ ਬਚਪਨ ਤੋਂ ਹੀ ਕ੍ਰਿਕਟ ਦਾ ਸ਼ੌਕ ਸੀ ਅਤੇ 2007 ’ਚ ਉਸ ਨੂੰ ਏਸੀਸੀ ਅੰਡਰ-19 ਇਲੀਟ ਕੱਪ ਲਈ ਓਮਾਨ ਦੀ ਟੀਮ ’ਚ ਚੁਣਿਆ ਗਿਆ। ਜਤਿੰਦਰ ਸਿੰਘ ਨੇ ਸੀਨੀਅਰ ਡਵੀਜ਼ਨ ਕ੍ਰਿਕਟ ਦੀ ਸ਼ੁਰੂਆਤ ਜਨਵਰੀ 2011 ’ਚ 20 ਸਾਲ ਦੀ ਉਮਰ ਵਿਚ ਕੀਤੀ ਅਤੇ ਕੌਮਾਂਤਰੀ ਕ੍ਰਿਕਟ ਕੈਰੀਅਰ ਦਾ ਆਰੰਭ ਟੀ-20 ਕ੍ਰਿਕਟ ਰਾਹੀਂ 25 ਜੁਲਾਈ 2015 ਨੂੰ ਅਫਗਾਨਿਸਤਾਨ ਮੈਚ ’ਚ ਕੀਤਾ।

**ਇੰਦਰਬੀਰ ਸਿੰਘ ਈਸ਼ ਸੋਢੀ**

ਮੌਜੂਦਾ ਟੀ-20 ਵਿਸ਼ਵ ਕੱਪ ਦੇ ਫਾਈਨਲ ’ਚ ਪੁੱਜਣ ਵਾਲੀ ਨਿਊਜ਼ੀਲੈਂਡ ਦੀ ਟੀਮ ’ਚ ਸ਼ਾਮਲ ਗੇਂਦਬਾਜ਼ 33 ਸਾਲਾ ਇੰਦਰਬੀਰ ਸਿੰਘ ਈਸ਼ ਸੋਢੀ ਦਾ ਜਨਮ 31 ਅਕਤੂਬਰ 1992 ਨੂੰ ਲੁਧਿਆਣਾ ਵਿਖੇ ਹੋਇਆ। ਜਦੋਂ ਉਹ 4 ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਨਿਊਜ਼ੀਲੈਂਡ ਪਰਵਾਸ ਕਰਕੇ ਚਲਾ ਗਿਆ। ਇਸ ਤਰ੍ਹਾਂ ਈਸ਼ ਸੋਢੀ ਦਾ ਪਾਲਣ ਤੇ ਪੜ੍ਹਾਈ ਉਥੇ ਹੀ ਹੋਈ। ਉਸ ਨੇ ਆਪਣਾ ਘਰੇਲੂ ਕ੍ਰਿਕਟ ਕਰੀਅਰ 2012-13 ’ਚ ਸ਼ੁਰੂ ਕੀਤਾ ਅਤੇ ਕੌਮਾਂਤਰੀ ਕੈਰੀਅਰ ਦੀ ਸ਼ੁਰੂਆਤ ਟੈਸਟ ਕ੍ਰਿਕਟ ਰਾਹੀਂ ਬੰਗਲਾਦੇਸ਼ ਦੇ ਖ਼ਿਲਾਫ਼ ਖੇਡੇ ਗਏ ਟੈਸਟ ਮੈਚ ਦੌਰਾਨ 9 ਅਕਤੂਬਰ 2013 ’ਚ ਕੀਤੀ।

**ਜਸਪ੍ਰੀਤ ਸਿੰਘ**

ਇਟਲੀ ਵੱਲੋਂ ਖੇਡਣ ਵਾਲੇ ਆਲ ਰਾਊਂਡਰ 32 ਸਾਲਾ ਜਸਪ੍ਰੀਤ ਸਿੰਘ ਦਾ ਜਨਮ 9 ਜੂਨ 1993 ਨੂੰ ਕਪੂਰਥਲਾ ਜ਼ਿਲ੍ਹੇ ਦੇ ਉਦਯੋਗਿਕ ਸ਼ਹਿਰ ਫਗਵਾੜਾ ਵਿਖੇ ਪਿਤਾ ਤੀਰਥ ਸਿੰਘ ਦੇ ਘਰ ਹੋਇਆ। 2006 ’ਚ ਉਹ ਆਪਣੇ ਪਰਿਵਾਰ ਨਾਲ ਇਟਲੀ ਦੇ ਸ਼ਹਿਰ ਲੋਮਬਾਰਡੀ ’ਚ ਪਰਵਾਸ ਕਰਕੇ ਚਲਾ ਗਿਆ। ਉਥੇ ਜਾ ਕੇ ਜਸਪ੍ਰੀਤ ਨੇ 13 ਸਾਲ ਦੀ ਉਮਰ ’ਚ ਕ੍ਰਿਕਟ ਖੇਡਣੀ ਸ਼ੁਰੂ ਕੀਤੀ ਅਤੇ ਸ਼ੁਰੂਆਤ ਟੇਪ ਬਾਲ ਕ੍ਰਿਕਟ ਰਾਹੀਂ ਕੀਤੀ। ਬਾਅਦ ’ਚ ਉਹ ਬੈਰਗਾਮੋ ਕ੍ਰਿਕਟ ਕਲੱਬ ਵੱਲੋਂ ਖੇਡਿਆ। ਇਸ ਉਪਰੰਤ ਉਸ ਨੇ ਲੈਦਰ ਬਾਲ ਨਾਲ ਕ੍ਰਿਕਟ ਖੇਡਣੀ ਸੁਰੂ ਕੀਤੀ। ਉਸ ਦੀ ਇਟਲੀ ਟੀਮ ਲਈ ਚੋਣ 2017 ’ਚ ਹੋਈ ਅਤੇ 2018 ’ਚ ਉਸ ਨੇ ਟੀ-20 ਵਰਲਡ ਕੱਪ ਕੁਆਲੀਫਾਇਰਜ਼ ਰਾਹੀਂ ਟੀ-20 ਕ੍ਰਿਕਟ ’ਚ ਡੈਬਿਊ ਕੀਤਾ।15 ਜੂਨ 2019 ’ਚ ਉਸ ਨੇ ਟੀ-20 ’ਚ ਇਟਲੀ ਵੱਲੋਂ ਨਾਰਵੇ ਖ਼ਿਲਾਫ਼ ਖੇਡੇ ਗਏ ਮੈਚ ਰਾਹੀਂ ਡੈਬਿਊ ਕੀਤਾ।

**ਸਿਮਰਨਜੀਤ ਸਿੰਘ**

ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵੱਲੋਂ ਖੇਡਣ ਵਾਲੇ 36 ਸਾਲਾ ਸਪਿੰਨਰ ਸਿਮਰਨਜੀਤ ਸਿੰਘ ਦਾ ਜਨਮ 13 ਨਵੰਬਰ 1989 ਨੂੰ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਨੂੰ ਪਹਿਲੇ ਅੰਮ੍ਰਿਤਧਾਰੀ ਸਿੱਖ ਕ੍ਰਿਕਟਰ ਹੋਣ ਦਾ ਮਾਣ ਹਾਸਲ ਹੈ। ਉਸ ਨੇ ਬਚਪਨ ਤੋਂ ਹੀ ਕ੍ਰਿਕਟ ਖੇਡਣੀ ਸ਼ੁਰੂ ਕਰ ਦਿੱਤੀ ਸੀ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਕੈਡਮੀ ਮੋਹਾਲੀ ਤੋਂ ਸਿਖਲਾਈ ਹਾਸਲ ਕੀਤੀ। ਸਿਮਰਨਜੀਤ ਸਿੰਘ ਨੇ ਪੰਜਾਬ ’ਚ ਜ਼ਿਲ੍ਹਾ ਪੱਧਰ ਦੀ ਕ੍ਰਿਕਟ ਖੇਡੀ ਅਤੇ 2017 ’ਚ ਉਸ ਨੇ ਪੰਜਾਬ ਵੱਲੋਂ ਰਣਜੀ ਟਰਾਫੀ ’ਚ ਹਿੱਸਾ ਲਿਆ। ਆਈਪੀਐੱਲ ਦੌਰਾਨ ਪੰਜਾਬ ਕਿੰਗਜ਼ ਵੱਲੋਂ ਖੇਡ ਰਹੇ ਹਨ।

**ਦਿਲਪ੍ਰੀਤ ਸਿੰਘ ਬਾਜਵਾ**

ਕੈਨੇਡੀਅਨ ਟੀਮ ਦੇ ਆਲ ਰਾਊਂਡਰ ਤੇ ਕਪਤਾਨ 22 ਸਾਲਾ ਦਿਲਪ੍ਰੀਤ ਸਿੰਘ ਬਾਜਵਾ ਦਾ ਜਨਮ 26 ਜਨਵਰੀ 2003 ਨੂੰ ਖੇਤੀਬਾੜੀ ਮਹਿਕਮੇ ’ਚ ਨੌਕਰੀ ਕਰਦੇ ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਧਾਰੀਵਾਲ ਵਾਸੀ ਹਰਪ੍ਰੀਤ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਸਰਕਾਰੀ ਸਕੂਲ ’ਚ ਅਧਿਆਪਕਾ ਹਰਲੀਨ ਕੌਰ ਦੀ ਕੁੱਖੋਂ ਹੋਇਆ। ਦਿਲਪ੍ਰੀਤ ਨੇ ਆਪਣੀ ਸਕੂਲ ਪੜ੍ਹਾਈ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਤੋਂ ਕੀਤੀ। ਉਸ ਨੇ ਕ੍ਰਿਕਟ ਦੀ ਮੁੱਢਲੀ ਕੋਚਿੰਗ ਗੁਰਦਾਸਪੁਰ ਗੌਰਮਿੰਟ ਕਾਲਜ ’ਚ ਚੱਲਦੀ ਕ੍ਰਿਕਟ ਅਕੈਡਮੀ ਤੋਂ ਲਈ। 2020 ’ਚ ਉਸ ਨੂੰ ਅੰਡਰ-19 ਵਿੱਚ ਪਟਿਆਲਾ ਦੀ ਟੀਮ ਖ਼ਿਲਾਫ਼ ਖੇਡਣ ਦਾ ਮੌਕਾ ਮਿਲਿਆ, ਜਿਸ ਵਿੱਚ ਉਸ ਨੇ 130 ਦੌੜਾਂ ਦੀ ਪਾਰੀ ਖੇਡੀ। ਇਸ ਸ਼ਾਨਦਾਰ ਪ੍ਰਦਰਸ਼ਨ ਦੇ ਬਾਵਜੂਦ ਚੋਣਕਾਰਾਂ ਨੇ ਸੂਬੇ ਦੀ ਅੰਡਰ-19 ਟੀਮ ’ਚ ਉਸ ਦੀ ਚੋਣ ਨਹੀਂ ਕੀਤੀ। ਦਿਲਪ੍ਰੀਤ ਬਾਜਵਾ ਨੇ ਪੰਜਾਬ ਰਾਜ ਅੰਤਰ ਜ਼ਿਲ੍ਹਾ ਕਟੋਚ ਸ਼ੀਲਡ ਟੂਰਨਾਮੈਂਟ ਦੌਰਾਨ ਵੀ ਸ਼ਾਨਦਾਰ ਕ੍ਰਿਕਟ ਦਾ ਪ੍ਰਦਰਸ਼ਨ ਕੀਤਾ। ਪੰਜਾਬ ’ਚ ਉਸ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਨਾ ਦਿੱਤੇ ਜਾਣ ਕਾਰਨ ਉਸ ਨੇ ਮਾਪਿਆਂ ਨਾਲ ਮਸ਼ਵਰਾ ਕਰਕੇ 2020 ’ਚ ਕੈਨੇਡਾ ਜਾਣ ਦਾ ਮਨ ਬਣਾ ਲਿਆ। ਉਥੇ ਵੀ ਉਸ ਨੇ ਕ੍ਰਿਕਟ ਖੇਡਣੀ ਜਾਰੀ ਰੱਖੀ ਅਤੇ 2023 ’ਚ ਉਸ ਨੂੰ ਮਾਂਟਰੀਅਲ ਟਾਈਗਰ ਦੀ ਟੀਮ ਵੱਲੋਂ ਗਲੋਬਲ ਟੀ-20 ਕੈਨੇਡਾ ’ਚ ਖੇਡਣ ਦਾ ਮੌਕਾ ਮਿਲਿਆ। ਉਸ ਦੀ ਪ੍ਰਤਿਭਾ ਨੂੰ ਦੇਖਦਿਆ ਸਤੰਬਰ 2023 ’ਚ ਉਸ ਦੀ ਚੋਣ 2023 ਆਈਸੀਸੀ ਮੈਨਜ਼ ਟੀ-20 ਵਿਸ਼ਵ ਕੱਪ ਅਮੈਰੀਕਾਜ਼ ਕੁਆਲੀਫਾਇਰ ਲਈ ਕੈਨੇਡਾ ਦੀ ਕੌਮੀ ਟੀਮ ਵਾਸਤੇ ਕੀਤੀ ਗਈ। ਇਸ ਟੂਰਨਾਮੈਂਟ ਰਾਹੀਂ 30 ਸਤੰਬਰ 2023 ਨੂੰ ਬਰਮੂਡਾ ਖ਼ਿਲਾਫ਼ ਮੈਚ ਖੇਡ ਕੇ ਦਿਲਪ੍ਰੀਤ ਨੇ ਆਪਣੇ ਟੀ-20 ਕੌਮਾਂਤਰੀ ਕੈਰੀਅਰ ਦੀ ਸ਼ੁਰੂਆਤ ਕੀਤੀ।

**ਅਜੈਵੀਰ ਸਿੰਘ ਹੁੰਦਲ**

ਕੈਨੇਡੀਅਨ ਆਲ ਰਾਊਂਡਰ 20 ਸਾਲਾ ਅਜੈਵੀਰ ਸਿੰਘ ਹੁੰਦਲ ਦਾ ਜਨਮ 9 ਸਤੰਬਰ 2005 ਨੂੰ ਕੈਨੇਡਾ ਵਿਖੇ ਪੰਜਾਬੀ ਪਰਿਵਾਰ ’ਚ ਹੋਇਆ। ਉਸ ਦੇ ਪਿਤਾ ਫੌਜ ’ਚ ਹੋਣ ਕਰਕੇ ਉਹ ਦਿੱਲੀ ਵਿਖੇ ਰਹਿੰਦੇ ਸਨ ਅਤੇ ਉਥੋਂ ਕੈਨੇਡਾ ਦੇ ਵੈਨਕੂਵਰ ’ਚ ਪਰਵਾਸ ਕਰ ਗਏ। ਉਸ ਨੇ 2019 ਦੇ ਵਿਸ਼ਵ ਕੱਪ ਨੂੰ ਦੇਖਣ ਤੋਂ ਬਾਅਦ ਕ੍ਰਿਕਟ ਖੇਡਣੀ ਸ਼ੁਰੂ ਕੀਤੀ ਹਾਲਾਂਕਿ ਉਹ ਪਹਿਲਾਂ ਹਾਕੀ ਖੇਡਦਾ ਸੀ।

**ਜਸਕਰਨ ਸਿੰਘ ਬੁੱਟਰ**

ਕੈਨੇਡਾ ਦੇ ਗੇਂਦਬਾਜ਼ 36 ਸਾਲਾ ਜਸਕਰਨ ਸਿੰਘ ਬੁੱਟਰ ਦਾ ਜਨਮ ਜ਼ਿਲ੍ਹਾ ਮੋਹਾਲੀ ’ਚ 4 ਸਤੰਬਰ 1989 ਨੂੰ ਹੋਇਆ। ਪੰਜਾਬ ਤੇ ਚੰਡੀਗੜ੍ਹ ਦੀਆ ਕ੍ਰਿਕਟ ਟੀਮਾਂ ਨਾਲ ਘਰੇਲੂ ਕ੍ਰਿਕਟ ਖੇਡਣ ਵਾਲੇ ਬੁੱਟਰ ਨੇ ਟੀ-20 ਕ੍ਰਿਕਟ ਦੀ ਸ਼ੁਰੂਆਤ 9 ਅਪ੍ਰੈਲ 2025 ਨੂੰ ਬਰਮੂਡਾ ਦੀ ਟੀਮ ਵਿਰੁੱਧ ਮੈਚ ਖੇਡ ਕੇ ਕੀਤੀ। ਉਸ ਨੇ ਕੈਰੀਅਰ ਦਾ ਪਹਿਲਾ ਕੌਮਾਂਤਰੀ ਇਕ ਦਿਨਾ ਮੈਚ 27 ਅਗਸਤ 2025 ਨੂੰ ਨਾਮੀਬੀਆ ਵਿਰੁੱਧ ਖੇਡਿਆ।

**ਨਵਨੀਤ ਸਿੰਘ ਧਾਲੀਵਾਲ**

ਕੈਨੇਡਾ ਦੇ ਸੱਜੇ ਹੱਥ ਦੇ ਬੱਲੇਬਾਜ਼ ਨਵਨੀਤ ਸਿੰਘ ਧਾਲੀਵਾਲ ਦਾ ਜਨਮ 10 ਅਕਤੂਬਰ 1988 ਨੂੰ ਚੰਡੀਗੜ੍ਹ ’ਚ ਹੋਇਆ। ਉਹ ਪੰਜਾਬ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕਰਨ ਤੋਂ ਬਾਅਦ 2010 ’ਚ 22 ਸਾਲਾਂ ਦੀ ਉਮਰ ’ਚ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਕੈਨੇਡਾ ਚਲਾ ਗਿਆ।

(ਬਾਕੀ ਸਫ਼ਾ 27 ’ਤੇ)

# ਸਮੇਂ ਅਨੁਸਾਰ ਆਈ ਪੰਜਾਬੀ ਗਾਇਕੀ 'ਚ ਤਬਦੀਲੀ

**ਡਾ. ਅੰਤਰਪ੍ਰੀਤ ਸਿੰਘ ਬੈਨੀਪਾਲ**





ਪੰਜਾਬੀ ਗਾਇਕੀ ਦਾ ਮੁੱਢਲਾ ਦੌਰ ਬਾਬਾ ਫ਼ਰੀਦ ਦੇ ਸੂਫ਼ੀਆਨਾ ਰੰਗ ਨਾਲ ਭਰਪੂਰ ਸਮਿਆਂ ਨੂੰ ਮੰਨਿਆ ਜਾ ਸਕਦਾ ਹੈ। ਭਾਵੇਂ ਉਨ੍ਹਾਂ ਤੋਂ ਪਹਿਲਾਂ ਵੀ ਪੰਜਾਬ ਦੀ ਧਰਤੀ 'ਤੇ ਅਨੇਕਾਂ ਗਾਇਕ ਰੂਪੀ ਬੁੱਧੀਜੀਵੀ ਆਏ ਹੋਣਗੇ, ਪਰ ਜੇਕਰ ਭਾਸ਼ਾ ਨੂੰ ਮੁੱਖ ਆਧਾਰ ਰੱਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਦੀ ਮੂਲ ਰੂਪ ਵਿੱਚ ਵਰਤੋਂ ਬਾਬਾ ਫ਼ਰੀਦ ਜੀ ਦੇ ਸੂਫ਼ੀ ਅੰਦਾਜ਼ ਵਿੱਚ ਹੋਈ।

ਦਰਅਸਲ, ਕਿਸੇ ਖੇਤਰ ਦੀ ਭਾਸ਼ਾ, ਉੱਥੋਂ ਦਾ ਵਿਰਸਾ, ਰੀਤੀ-ਰਿਵਾਜ, ਰਹਿਣ ਸਹਿਣ ਹੀ ਮਨੋਰੰਜਨ ਦੇ ਇੱਕ ਰੂਪ ਵਜੋਂ ਉੱਥੋਂ ਦੇ ਗੀਤਾਂ ਵਿੱਚ ਝਲਕਣ ਲੱਗਦਾ ਹੈ। ਜੇਕਰ ਪੰਜਾਬੀ ਗੀਤਾਂ ਦੀ ਗੱਲ ਕਰੀਏ ਤਾਂ ਅਜਿਹਾ ਕੁਝ ਹੀ ਸਾਹਮਣੇ ਆਉਂਦਾ ਹੈ। ਸਮੇਂ ਦੇ ਨਾਲ ਤਬਦੀਲੀਆਂ ਆਉਣੀਆਂ ਸੁਭਾਵਿਕ ਹਨ। ਸੂਫ਼ੀ ਗਾਇਕੀ ਤੋਂ ਅੰਦਾਜ਼ ਬਦਲਦੇ ਹੋਏ ਰਹਿਣ-ਸਹਿਣ ਅਤੇ ਵਿਰਸੇ ਅਤੇ ਸੱਭਿਆਚਾਰ ਨਾਲ ਮਿਲਦੇ ਹੋਏ ਲੋਕ ਗੀਤਾਂ ਵਿੱਚ ਤਬਦੀਲ ਹੋ ਗਿਆ। ਭਾਵ ਸਮੇਂ ਨਾਲ ਕਿਸੇ ਵਿਸ਼ੇਸ਼ ਖੇਤਰ ਵਿੱਚ ਆਈਆਂ ਤਬਦੀਲੀਆਂ ਜਿਵੇਂ ਕਿ ਉੱਥੋਂ ਦੇ ਲੋਕਾਂ ਦਾ ਸੁਭਾਅ, ਜ਼ਮਾਨੇ ਵਿੱਚ ਵਰਤੋਂ ਦੀਆਂ ਵਸਤੂਆਂ, ਸਰੋਤ, ਸੰਦ ਆਦਿ ਦਾ ਜ਼ਿਕਰ ਉੱਥੋਂ ਦੇ ਵਿਰਸੇ ਵਿੱਚ ਆਉਣ ਲੱਗਦਾ ਹੈ ਅਤੇ ਗਾਇਕੀ ਵੀ ਇਸੇ ਦਾ ਭਾਗ ਮੰਨਿਆ ਜਾ ਸਕਦਾ ਹੈ। ਗਾਇਕੀ ਦਾ ਪ੍ਰਮੁੱਖ ਸਬੰਧ ਗਾਉਣ ਸਮੇਂ ਵਰਤੇ ਜਾਂਦੇ ਸੰਗੀਤ ਨਾਲ ਹੁੰਦਾ ਹੈ ਅਤੇ ਸਮੇਂ ਅਨੁਸਾਰ ਆਉਂਦੀਆਂ ਤਕਨੀਕਾਂ ਰਾਹੀਂ ਵੀ। ਜਿਵੇਂ ਜਿਵੇਂ ਸੰਗੀਤਕ ਸੰਦਾਂ ਦੀ ਖੋਜ ਹੁੰਦੀ ਗਈ, ਉਸੇ ਤਰ੍ਹਾਂ ਗਾਇਕੀ ਵਿੱਚ ਵੀ ਤਬਦੀਲੀ ਆਉਂਦੀ ਗਈ। ਇਸੇ ਪਰਿਵਰਤਨ ਅਨੁਸਾਰ ਇੱਕ ਸਮੇਂ 'ਤੇ ਗਾਏ ਜਾਣ ਵਾਲੇ ਸੰਗੀਤਕ ਰੰਗ ਨੂੰ ਆਉਂਦੀਆਂ ਪੀੜ੍ਹੀਆਂ ਵਿੱਚ ਸੂਫ਼ੀਆਨਾ ਅਤੇ ਲੋਕ ਗਾਇਕੀ ਦਾ ਨਾਮ ਦਿੱਤਾ ਗਿਆ। ਅਕਸਰ ਇਤਿਹਾਸਕ ਅਧਿਆਇਆਂ ਵਿੱਚ ਗਾਇਕੀ ਦਾ ਜ਼ਿਕਰ ਇਸ ਹੱਦ ਤੱਕ ਹੁੰਦਾ ਆਇਆ ਹੈ ਕਿ ਇਨਸਾਨ ਦੇ ਜੰਮਣ ਤੋਂ ਲੈ ਕੇ ਸਮਾਜਿਕ ਵਿਹਾਰਾਂ ਨੂੰ ਪਾਰ ਕਰਦੇ ਹੋਏ ਮਰਨ ਤੀਕ ਵੀ ਗਾਇਕੀ ਦੀਆਂ ਗੀਤਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਸੂਫ਼ੀਆਨਾ ਕਲਾਮਾਂ ਤੋਂ ਕਵੀਸ਼ਰੀ ਅੰਦਾਜ਼ ਦੀ ਪੌੜੀ ਚੜ੍ਹਦੇ ਹੋਏ ਰਬਾਬੀ ਵਾਰਾਂ ਦਾ ਅਧਿਆਏ ਆਇਆ।

ਫਿਰ ਧਾਰਮਿਕ ਸੰਗੀਤਕ ਛੋਹ ਨੂੰ ਮਹਿਸੂਸ ਕਰਨ ਉਪਰੰਤ ਪੰਜਾਬੀ ਭਾਸ਼ਾ ਦੇ ਵਿਕਾਸ ਅਧੀਨ ਸੰਗੀਤਕ ਰੰਗ ਵਿੱਚ ਲਗਾਤਾਰ ਵਿਕਾਸਸ਼ੀਲ ਤਬਦੀਲੀਆਂ ਆਈਆਂ। ਇਸ ਦਾ ਪ੍ਰਮੁੱਖ ਕਾਰਨ ਸੰਗੀਤਕ ਸੰਦਾਂ ਦੀ ਹੋਂਦ ਹੈ ਅਤੇ ਤਬਦੀਲੀਆਂ ਵੀ ਇਨ੍ਹਾਂ ਦੇ ਵਿਕਾਸ ਨੂੰ ਮੁੱਖ ਰੱਖਦੇ ਹੋਏ ਹੀ ਹੋਈਆਂ। ਪੰਜਾਬੀ ਸੱਭਿਆਚਾਰ ਦਾ ਵਿਕਾਸ ਵੀ ਇੱਥੋਂ ਦੇ ਕਿੱਤਿਆਂ, ਗੀਤਾਂ ਰਿਵਾਜਾਂ ਅਨੁਸਾਰ ਹੀ ਹੋਇਆ ਅਤੇ ਇਸ ਦਾ ਰੰਗ ਪੰਜਾਬੀ ਗਾਇਕੀ ਵਿੱਚ ਵੀ ਸਮਾ ਗਿਆ। ਇਸ ਤੋਂ ਅਗਲਾ ਦੌਰ ਕੁਦਰਤੀ ਅਤੇ ਅਲੌਕਿਕ ਸਿਫਤਾਂ ਤੋਂ ਬਦਲ ਕੇ ਇਸ਼ਕ ਹਕੀਕੀ ਦੇ ਗੀਤਾਂ ਦਾ ਆਉਂਦਾਹੈ ਕਿਉਂਕਿ ਸਮਾਜ ਵਿੱਚ ਪੱਛਮੀ ਛੋਹ ਨੇ ਆਪਣਾ ਪੈਰ ਪਸਾਰਨਾ ਸ਼ੁਰੂ ਕਰ ਦਿੱਤਾ ਸੀ। ਤਰੱਕੀ ਦੇ ਦੌਰ ਵਿੱਚ ਸੱਭਿਆਚਾਰਕ ਰੰਗ ਵੀ ਨਵੀਨ ਹੋਣ ਲੱਗੇ ਅਤੇ ਪੰਜਾਬੀ ਸੰਗੀਤ ਵੀ ਪੂਰੀ ਦੁਨੀਆ ਵਿੱਚ ਆਪਣਾ ਰੰਗ ਵਿਖਾਉਣ ਲੱਗਾ।

ਇੱਕ ਆਮ ਅਵਸਥਾ ਵਿੱਚ ਸੰਗੀਤ ਨੂੰ ਇੰਨੀ ਮਸ਼ਹੂਰੀ ਨਹੀਂ ਮਿਲਦੀ ਜਿੰਨੀ ਕਿ ਗਾਇਕੀ ਨੂੰ ਮਿਲਦੀ ਹੈ, ਹਾਲਾਂਕਿ ਗਾਇਕੀ ਦਾ ਰੰਗ ਸੰਗੀਤ ਤੋਂ ਬਿਨਾਂ ਫਿੱਕਾ ਹੀ ਹੁੰਦਾ ਹੈ। ਪੰਜਾਬੀ ਸੰਗੀਤ ਨੇ ਪੰਜਾਬੀ ਗਾਇਕੀ ਨੂੰ ਪ੍ਰਸਿੱਧ ਕੀਤਾ ਜਿਸ ਨਾਲ ਪੰਜਾਬੀ ਸੰਗੀਤਕ ਉਦਯੋਗ ਹੋਰ ਵੀ ਮਜ਼ਬੂਤ ਹੋਇਆ- ਤਕਨੀਕੀ ਤੌਰ 'ਤੇ ਵੀ ਅਤੇ ਆਰਥਿਕ ਤੌਰ 'ਤੇ ਵੀ। ਸੁਭਾਵਿਕ ਹੈ ਕਿ ਤਰੱਕੀ ਆਪਣੇ ਨਾਲ ਕੁਝ ਮਾੜੇ ਪੱਖ ਵੀ ਲੈ ਕੇ ਆਉਂਦੀ ਹੈ। ਅਜਿਹੇ ਵਿੱਚ ਪੰਜਾਬੀ ਸੰਗੀਤਕ ਤਰੱਕੀ ਆਪਣੇ ਨਾਲ ਕੁਝ ਅਜਿਹੇ ਤੱਤ ਲੈ ਕੇ ਆਈ ਕਿ ਗੀਤਕਾਰਾਂ ਦੇ ਲਿਖਣ ਦਾ ਮਿਆਰ ਗਿਰ ਗਿਆ, ਪਰ ਸਰੋਤਿਆਂ ਨੇ ਕੋਈ ਸ਼ਿਕਵਾ ਨਹੀਂ ਦਿਖਾਇਆ



ਅਤੇ ਪੰਜਾਬੀ ਗਾਇਕੀ ਨੂੰ ਡਿੱਗਦੇ ਸ਼ਬਦਾਵਲੀ ਮਿਆਰ ਦੌਰਾਨ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਸਰੋਤਿਆਂ ਦੀ ਪਸੰਦ ਤੋਂ ਪਰੇ ਜਾ ਕੇ ਅਜਿਹੇ ਵਿੱਚ ਕਾਫ਼ੀ ਕਲਾਕਾਰਾਂ ਨੇ ਇਸ ਡਿੱਗਦੇ ਮਿਆਰ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਤੇ ਕਿਤੇ ਨਾ ਕਿਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਨਿਰਾਸ਼ਾ ਦਾ ਸਾਹਮਣਾ ਵੀ ਕਰਨਾ ਪਿਆ।

ਜਦੋਂ ਸਮੇਂ ਦੀ ਨਜ਼ਾਕਤ ਅਨੁਸਾਰ ਪੰਜਾਬੀ ਗਾਇਕੀ ਵਿੱਚ ਆਰਥਿਕ ਸੁਧਾਰ ਨਜ਼ਰ ਆਉਣ ਲੱਗੇ ਤਾਂ ਗਾਇਕੀ ਦਾ ਪੇਸ਼ਾ ਵੀ ਆਪਣੇ ਪੈਰ ਪਸਾਰਨ ਲੱਗਿਆ। ਹੁਣ ਗਾਇਕ ਆਪਣੇ ਅਖਾੜੇ ਸਜਾਉਣ ਲਈ ਮੇਲਿਆਂ ਦੀ ਭਾਲ ਕਰਨ ਲੱਗੇ। ਮਸ਼ਹੂਰੀ ਵਿਸ਼ਵ ਪੱਧਰ 'ਤੇ ਹੋਣ ਨਾਲ ਅਖਾੜੇ ਵੀ ਵਿਦੇਸ਼ਾਂ 'ਚ ਲੱਗਣ ਲੱਗ ਗਏ ਅਤੇ ਆਰਥਿਕ ਵਿਕਾਸ ਆਪਣੇ ਸਿਖਰ ਵੱਲ ਜਾਣ ਲੱਗਾ। ਪੰਜਾਬ ਤੋਂ ਪਰਵਾਸ ਕਰਕੇ ਗਏ ਲੋਕਾਂ ਨੇ ਪੰਜਾਬੀ ਗਾਇਕੀ ਦੀ ਲੋੜ ਵਿਸ਼ਵ ਪੱਧਰ 'ਤੇ ਹੋਰ ਵੀ ਵਧਾ ਦਿੱਤੀ। ਅੱਜ ਪੰਜਾਬੀ ਗਾਇਕੀ ਦਾ ਕੇਵਲ ਪੰਜਾਬੀ ਲੋਕ ਹੀ ਨਹੀਂ ਸਗੋਂ ਦੂਜੇ ਦੇਸ਼ਾਂ ਦੇ ਵਾਸੀ ਵੀ ਆਨੰਦ ਲੈਣ ਵਿੱਚ ਮੋਹਰੀ ਹਨ। ਅੰਤਰਰਾਸ਼ਟਰੀ ਪੱਧਰ ਦੀਆਂ ਵੱਖ-ਵੱਖ ਦਰਜਾਬੰਦੀ ਏਜੰਸੀਆਂ ਦੇ ਸਿਖਰ 'ਤੇ ਪੰਜਾਬੀ ਗਾਇਕਾਂ ਦੇ ਨਾਮ ਵੇਖੇ ਜਾ ਸਕਦੇ ਹਨ।

ਪੰਜਾਬੀ ਗਾਇਕੀ ਮੌਜੂਦਾ ਸਮਾਜਿਕ ਸਥਿਤੀ ਬਿਆਨ ਕਰ ਰਹੀ ਹੈ ਅਤੇ ਨਾਲ ਹੀ ਵੱਡੇ ਪੱਧਰ 'ਤੇ ਸਰੋਤਿਆਂ ਨੂੰ ਪ੍ਰਭਾਵਿਤ ਵੀ ਕਰਦੀ ਹੈ। ਜੇਕਰ ਅੱਜ ਪੰਜਾਬ ਵਿੱਚ ਨਸ਼ਿਆਂ ਨੇ ਪੈਰ ਪਸਾਰੇ ਹਨ ਤਾਂ ਇਸ ਦਾ ਇੱਕ ਮੁੱਢਲਾ ਕਾਰਨ ਗੀਤਾਂ ਵਿੱਚ ਅਫ਼ੀਮ ਵਰਗੇ ਨਸ਼ਿਆਂ ਦੀ ਵਰਤੋਂ ਦੇ ਪ੍ਰਚਾਰ ਨੂੰ ਮੰਨਿਆ ਜਾ ਸਕਦਾ ਹੈ ਜਿਸ ਨੇ ਬਾਅਦ ਵਿੱਚ ਘਾਤਕ ਰੂਪ ਧਾਰਦੇ ਹੋਏ ਅਨੇਕਾਂ ਨੌਜਵਾਨਾਂ ਨੂੰ ਇਸ ਤਰ੍ਹਾਂ ਪ੍ਰਭਾਵਿਤ ਕੀਤਾ ਕਿ ਕਿਤੇ ਉਹ ਇਸ ਸ਼ਾਹੀ ਨਸ਼ੇ ਦੀ ਵਰਤੋਂ ਕਰਨ ਤੋਂ ਵਾਂਝੇ ਨਾ ਰਹਿ ਜਾਣ। ਇਸੇ ਤਰ੍ਹਾਂ ਹੀ ਗੀਤਾਂ ਰਾਹੀਂ ਹਥਿਆਰਾਂ ਦੀ ਹੋਈ ਲੋੜੋਂ ਵੱਧ ਮਸ਼ਹੂਰੀ ਦਾ ਨਤੀਜਾ ਅੱਜ ਪੰਜਾਬ ਵਿੱਚ ਗੈਂਗਸਟਰਵਾਦ ਦਾ ਫੈਲਾਅ ਹੈ ਜੋ ਕਿ ਹੁਣ ਕਾਬੂ ਵਿੱਚ ਨਹੀਂ ਆ ਰਿਹਾ।

ਬਿਨਾਂ ਸਰੋਤਾਂ ਤੋਂ ਸ਼ੁਰੂ ਹੋ ਕੇ ਵੱਖ- ਵੱਖ ਸੰਦਾਂ ਦੀ ਵਰਤੋਂ ਕਰਦੇ ਹੋਏ ਅੱਜ ਪੰਜਾਬੀ ਗਾਇਕੀ ਦੀ ਕੀਮਤ ਬਹੁਤ ਜ਼ਿਆਦਾ ਹੋ ਗਈ ਹੈ ਭਾਵੇਂ ਕਿ ਵੱਡੇ ਪੱਧਰ 'ਤੇ ਗੀਤਕਾਰੀ ਦਾ ਮਿਆਰ ਓਨਾ ਉੱਚਾ ਨਹੀਂ ਰਿਹਾ, ਪਰ ਕਿਤੇ ਨਾ ਕਿਤੇ ਆਉਣ ਵਾਲੇ ਸਮੇਂ ਵਿੱਚ ਇਸ ਦੌਰ ਨੂੰ ਪੰਜਾਬੀ ਗਾਇਕੀ ਦਾ ਸਿਖਰਲਾ ਦੌਰ ਹੀ ਲਿਖਿਆ ਜਾਵੇਗਾ। ਅੱਜ ਪੰਜਾਬੀ ਗਾਇਕੀ ਨੇ ਵਿਸ਼ਵ ਭਰ ਵਿੱਚ ਵਸਦੇ ਪੰਜਾਬੀਆਂ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾਇਆ ਹੈ ਤੇ ਅਲਾਮਤ ਆਉਣ 'ਤੇ ਹਰ ਸੰਭਵ ਮਦਦ ਦਾ ਯਤਨ ਵੀ ਕੀਤਾ ਹੈ। ਅੱਜ ਜਦੋਂ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਹੋਂਦ 'ਤੇ ਬੇਸ਼ੱਕ ਅਨੇਕ ਖ਼ਤਰੇ ਮੰਡਰਾ ਰਹੇ ਹਨ, ਪਰ ਪੰਜਾਬੀ ਗਾਇਕੀ ਇੱਕ ਅਜਿਹਾ ਪਹਿਲੂ ਹੈ ਜੋ ਕਿ ਸੱਭਿਆਚਾਰ ਜਾਂ ਵਿਰਸੇ ਜਾਂ ਲੋਕ ਰੰਗ ਨੂੰ ਨਾ ਸਹੀ, ਪਰ ਪੰਜਾਬੀ ਭਾਸ਼ਾ ਅਤੇ ਪੰਜਾਬੀ ਧੁਨਾਂ ਨੂੰ ਪੂਰੇ ਵਿਸ਼ਵ ਵਿੱਚ ਬਾਖ਼ੂਬੀ ਪੇਸ਼ ਕਰ ਰਹੀ ਹੈ। ਮਾਣ ਉਦੋਂ ਮਹਿਸੂਸ ਹੁੰਦਾ ਹੈ ਜਦੋਂ ਕੋਈ ਗ਼ੈਰ ਪੰਜਾਬੀ ਬੋਲੀ ਬੋਲਣ ਵਾਲਾ ਵੀ ਪੰਜਾਬੀ ਗੀਤ ਗੁਣਗੁਣਾਉਂਦਾ ਨਜ਼ਰ ਆਉਂਦਾ ਹੈ।

# ਭਾਰਤ ਦੀ ਵੰਡ ਦੇ ਪਿਛੋਕੜ 'ਤੇ ਆਧਾਰਿਤ ਹੈ ਦਿਲਜੀਤ ਦੀ ਨਵੀਂ ਫ਼ਿਲਮ


ਉੱਘੇ ਫ਼ਿਲਮ ਨਿਰਦੇਸ਼ਕ ਇਮਤਿਆਜ਼ ਅਲੀ ਨੇ ਆਪਣੀ ਅਗਲੀ ਫ਼ਿਲਮ ਦਾ ਐਲਾਨ ਕਰ ਦਿੱਤਾ ਹੈ, ਜਿਸ ਦਾ ਨਾਂ 'ਮੈਂ ਵਾਪਸ ਆਊਂਗਾ' ਰੱਖਿਆ ਗਿਆ ਹੈ। ਇਸ ਫ਼ਿਲਮ ਵਿੱਚ ਮੁੱਖ ਭੂਮਿਕਾ ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਨਿਭਾਉਣਗੇ। ਉਨ੍ਹਾਂ ਦੇ ਨਾਲ ਇਸ ਫ਼ਿਲਮ ਵਿੱਚ ਦਿੱਗਜ਼ ਅਦਾਕਾਰ ਨਸੀਰੂਦੀਨ ਸ਼ਾਹ, ਵੇਦਾਂਗ ਰੈਨਾ ਅਤੇ ਸ਼ਰਵਰੀ ਵੀ ਨਜ਼ਰ ਆਉਣਗੇ। ਪਿਛਲੇ ਦਿਨੀਂ ਫ਼ਿਲਮ ਦਾ ਟੀਜ਼ਰ ਜਾਰੀ ਕੀਤਾ ਗਿਆ ਹੈ, ਜੋ ਪਿਆਰ ਅਤੇ ਵਿਛੋੜੇ ਦੀ ਇੱਕ ਭਾਵੁਕ ਕਹਾਣੀ ਪੇਸ਼ ਕਰਦਾ ਹੈ।

ਇਹ ਫ਼ਿਲਮ ਭਾਰਤ ਦੀ ਵੰਡ ਦੇ ਪਿਛੋਕੜ 'ਤੇ ਆਧਾਰਿਤ ਹੈ। ਕਹਾਣੀ ਦੋ ਵੱਖ-ਵੱਖ ਸਮਿਆਂ (ਟਾਈਮਲਾਈਨਜ਼) ਵਿੱਚ ਚੱਲਦੀ ਹੈ। ਵੇਦਾਂਗ ਰੈਨਾ ਵੰਡ ਤੋਂ ਪਹਿਲਾਂ ਦੇ ਸਮੇਂ ਵਿੱਚ ਇੱਕ ਨੌਜਵਾਨ ਦਾ ਕਿਰਦਾਰ ਨਿਭਾ ਰਹੇ ਹਨ ਜਿਸ ਨੂੰ ਸ਼ਰਵਰੀ ਨਾਲ ਪਿਆਰ ਹੋ ਜਾਂਦਾ ਹੈ। ਨਸੀਰੂਦੀਨ ਸ਼ਾਹ ਉਸੇ ਕਿਰਦਾਰ ਦੇ ਬਜ਼ੁਰਗ ਰੂਪ ਵਿੱਚ ਨਜ਼ਰ ਆਉਣਗੇ, ਜਦਕਿ ਦਿਲਜੀਤ ਦੋਸਾਂਝ ਉਨ੍ਹਾਂ ਦੇ ਪੋਤੇ ਦਾ ਕਿਰਦਾਰ ਨਿਭਾਉਣਗੇ। ਫ਼ਿਲਮ ਦਾ ਟੀਜ਼ਰ ਦਿਲਜੀਤ ਦੀ ਦਰਦ ਭਰੀ ਆਵਾਜ਼ ਨਾਲ ਸ਼ੁਰੂ ਹੁੰਦਾ ਹੈ, ਜੋ ਕਹਾਣੀ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।



ਇਸ ਫ਼ਿਲਮ ਰਾਹੀਂ ਇਮਤਿਆਜ਼ ਅਲੀ ਅਤੇ ਦਿਲਜੀਤ ਦੋਸਾਂਝ ਦੂਜੀ ਵਾਰ ਇਕੱਠੇ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ 'ਅਮਰ ਸਿੰਘ ਚਮਕੀਲਾ' ਵਿੱਚ ਕਮਾਲ ਕੀਤਾ ਸੀ। ਖਾਸ ਗੱਲ ਇਹ ਹੈ ਕਿ ਇਸ ਫ਼ਿਲਮ ਵਿੱਚ ਵੀ ਸੰਗੀਤ ਏ.ਆਰ. ਰਹਿਮਾਨ ਦਾ ਹੈ ਅਤੇ ਬੋਲ ਇਰਸ਼ਾਦ ਕਾਮਿਲ ਨੇ ਲਿਖੇ ਹਨ। ਇਮਤਿਆਜ਼ ਅਲੀ ਨੇ ਕਿਹਾ ਕਿ ਇਹ ਫ਼ਿਲਮ ਵੰਡ ਵੇਲੇ ਦੇ ਲੋਕਾਂ ਦੇ ਅਸਲ ਤਜਰਬਿਆਂ 'ਤੇ ਆਧਾਰਿਤ ਹੈ ਅਤੇ ਇਹ ਸਿਰਫ਼ ਇੱਕ ਮੁੰਡੇ-ਕੁੜੀ ਦੀ ਨਹੀਂ, ਸਗੋਂ ਪੂਰੇ ਦੇਸ਼ ਦੀ ਕਹਾਣੀ ਹੈ।

ਇਹ ਫ਼ਿਲਮ 12 ਜੂਨ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਸ ਨੂੰ ਐਪਲੌਜ਼ ਐਂਟਰਟੇਨਮੈਂਟ ਅਤੇ ਵਿੰਡੋ ਸੀਟ ਫ਼ਿਲਮਜ਼ ਵੱਲੋਂ ਪ੍ਰੋਡਿਊਸ ਕੀਤਾ ਗਿਆ ਹੈ। ਇਮਤਿਆਜ਼ ਅਲੀ ਅਨੁਸਾਰ ਇਹ ਫ਼ਿਲਮ ਉਨ੍ਹਾਂ ਯਾਦਾਂ ਅਤੇ ਪਿਆਰ ਬਾਰੇ ਹੈ ਜੋ ਵੰਡ ਵਰਗੇ ਵੱਡੇ ਹਾਦਸਿਆਂ ਤੋਂ ਬਾਅਦ ਵੀ ਲੋਕਾਂ ਦੇ ਦਿਲਾਂ ਵਿੱਚ ਜਿਉਂਦੇ ਰਹਿੰਦੇ ਹਨ।



## ਕਾਂਗਰਸ 'ਚ ਪ੍ਰਧਾਨਗੀ ਅਹੁੱਦੇ ਕਾਰਨ ਫ਼ੁੱਟ, ਭਾਜਪਾ

ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਚਿਹਰਾ ਬਣਾਇਆ ਗਿਆ ਹੈ ਪਰ ਪਾਰਟੀ ਵਿੱਚ ਅੰਦਰੂਨੀ ਤਣਾਅ ਹੈ। ਅਕਾਲੀ ਦਲ (ਪੁਨਰ ਸੁਰਜੀਤ) ਵਿੱਚ ਗਿਆਨੀ ਹਰਪ੍ਰੀਤ ਸਿੰਘ ਵਰਗੇ ਲੀਡਰ ਅਗਵਾਈ ਕਰ ਰਹੇ ਹਨ ਪਰ ਉਨ੍ਹਾਂ ਦਾ ਸਿੱਖ ਲੋਕਾਂ ਉਪਰ ਪ੍ਰਭਾਵ ਸੀਮਤ ਹੈ। ਵਾਰਿਸ ਪੰਜਾਬ ਦੇ ਭਾਈ ਅੰਮ੍ਰਿਤਪਾਲ ਸਿੰਘ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ ਦੀ ਪਾਰਟੀ ਵਿੱਚ ਸਰਗਰਮੀ ਜਾਰੀ ਹੈ,ਪਰ ਰਣਨੀਤੀ ਅਜੇ ਅਸਪੱਸ਼ਟ ਹੈ। ਅਕਾਲੀ ਦਲ ਲਈ ਸਭ ਤੋਂ ਵੱਡੀ ਚੁਣੌਤੀ ਪੰਥਕ ਏਕਤਾ ਹੈ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਵਿੱਚ ਖੇਤਰੀ ਪਾਰਟੀ ਅਕਾਲੀ ਦਲ ਦਾ ਬੋਲਬਾਲਾ ਕਰਨਾ ਹੈ ਤਾਂ ਸਮੂਹ ਅਕਾਲੀ ਧੜਿਆਂ ਨੂੰ ਏਕਤਾ ਕਰਨੀ ਪਵੇਗੀ। ਇਸ ਤੋਂ ਬਿਨਾਂ ਰਾਸ਼ਟਰੀ ਪਾਰਟੀਆਂ - ਕਾਂਗਰਸ, ਭਾਜਪਾ ਅਤੇ ਆਪ - ਖੇਤਰੀ ਧਿਰਾਂ ਨੂੰ ਖਤਮ ਕਰ ਦੇਣਗੀਆਂ।

ਪੰਜਾਬ ਦੀ ਸਿਆਸਤ ਇਸ ਵੇਲੇ ਅਜਿਹੇ ਦੌਰ ਵਿੱਚ ਹੈ ਜਿੱਥੇ ਜਾਤੀਵਾਦ, ਧਰਮ ਅਤੇ ਖੇਤਰੀ ਪਛਾਣ ਦਾ ਇੱਕ ਗੁੰਝਲਦਾਰ ਜਾਲ ਬਣਿਆ ਹੋਇਆ ਹੈ। ਆਉਣ ਵਾਲੇ ਮਹੀਨੇ ਇਹ ਤੈਅ ਕਰਨਗੇ ਕਿ ਪੰਜਾਬ ਪੰਜਾਬੀਅਤ ਦੇ ਨਾਂਅ 'ਤੇ ਵੋਟ ਪਾਉਂਦਾ ਹੈ ਜਾਂ ਜਾਤੀਗਤ ਵੰਡੀਆਂ ਵਿੱਚ ਫ਼ਸ ਕੇ ਨਵੇਂ ਸਿਆਸੀ ਪ੍ਰਯੋਗਾਂ ਦਾ ਹਿੱਸਾ ਬਣਦਾ ਹੈ।

*******

## ਮੈਕਸੀਕੋ ਵਿੱਚ ਇੱਕ ਟਰੱਕ 'ਚੋਂ

ਰਿਪੋਰਟਾਂ ਅਨੁਸਾਰ ਵੇਰਾਕਰੂਜ਼ ਇੱਕ ਅਜਿਹਾ ਇਲਾਕਾ ਹੈ ਜਿੱਥੋਂ ਪ੍ਰਵਾਸੀ ਅਕਸਰ ਅਮਰੀਕਾ ਪਹੁੰਚਣ ਲਈ ਲੰਘਦੇ ਹਨ ਅਤੇ ਇੱਥੇ ਉਹ ਅਪਰਾਧਿਕ ਗਿਰੋਹਾਂ ਅਤੇ ਕਾਰਟੇਲਸ ਦਾ ਸ਼ਿਕਾਰ ਹੋ ਜਾਂਦੇ ਹਨ। ਸਮਗਲਰ ਇਨ੍ਹਾਂ ਲੋਕਾਂ ਨੂੰ ਚੈੱਕ ਪੋਸਟਾਂ ਤੋਂ ਬਚਾਉਣ ਲਈ ਅਕਸਰ ਖ਼ਤਰਨਾਕ ਹਾਲਤਾਂ ਵਿੱਚ ਟਰੱਕਾਂ, ਲੁਕਵੇਂ ਖਾਨਿਆਂ ਅਤੇ ਇੱਥੋਂ ਤੱਕ ਕਿ ਨਕਲੀ ਐਂਬੂਲੈਂਸਾਂ ਵਿੱਚ ਭਰ ਕੇ ਲਿਜਾਂਦੇ ਹਨ। ਅਤੀਤ ਵਿੱਚ ਅਜਿਹੇ ਕਈ ਹਾਦਸੇ ਵਾਪਰ ਚੁੱਕੇ ਹਨ ਜਿੱਥੇ ਟਰੱਕਾਂ ਵਿੱਚ ਦਮ ਘੁੱਟਣ ਕਾਰਨ ਪ੍ਰਵਾਸੀਆਂ ਦੀ ਮੌਤ ਹੋਈ ਹੈ, ਜਿਵੇਂ ਕਿ 2022 ਵਿੱਚ ਟੈਕਸਾਸ ਵਿੱਚ 53 ਪ੍ਰਵਾਸੀਆਂ ਦੀ ਜਾਨ ਚਲੀ ਗਈ ਸੀ।

**ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕੀਤੇ ਗਏ ਲੋਕ**

ਮੈਕਸੀਕੋ ਪੁਲਿਸ ਨੇ ਸਾਰੇ ਪ੍ਰਵਾਸੀਆਂ ਨੂੰ ਬੱਸਾਂ ਰਾਹੀਂ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਹੈ ਅਤੇ ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿੱਚ ਪ੍ਰਵਾਸੀਆਂ ਨੂੰ ਮੈਕਸੀਕੋ ਦੀ ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਭਾਵੇਂ ਉੱਤਰ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਸੀ, ਪਰ ਹੁਣ ਇਹ ਸਿਲਸਿਲਾ ਹੌਲੀ-ਹੌਲੀ ਦੁਬਾਰਾ ਵਧਣਾ ਸ਼ੁਰੂ ਹੋ ਗਿਆ ਹੈ।

***

## ਇਰਾਨ-ਇਜ਼ਰਾਇਲ ਜੰਗ ਕਾਰਨ ਕੈਨੇਡਾ ਜਾਣ ਵਾਲ

ਖਾੜੀ ਹਵਾਈ ਖੇਤਰ ਤੋਂ ਬਚਣ ਕਾਰਨ ਕਈ ਉਡਾਣਾਂ ਦੀ ਮਿਆਦ 45 ਮਿੰਟ ਤੋਂ ਵਧਾ ਕੇ ਚਾਰ ਘੰਟੇ ਹੋ ਗਈ ਹੈ। ਅੰਤਰਰਾਸ਼ਟਰੀ ਜੈੱਟ ਫ਼ਿਊਲ ਦੀਆਂ ਵਧਦੀਆਂ ਕੀਮਤਾਂ ਨੇ ਏਅਰਲਾਈਨਾਂ ਨੂੰ ਈਂਧਨ ਸਰਚਾਰਜ ਵਧਾਉਣ ਲਈ ਮਜਬੂਰ ਕੀਤਾ ਹੈ, ਜਿਸ ਨਾਲ ਟਿਕਟਾਂ ਦੀਆਂ ਕੀਮਤਾਂ ਵਿੱਚ 15 ਪ੍ਰਤੀਸ਼ਤ ਵਾਧਾ ਹੋਇਆ ਹੈ। ਯਾਤਰੀਆਂ ਦਾ ਕਹਿਣਾ ਹੈ ਕਿ ਜੇਕਰ ਮਿਡਲ ਈਸਟ ਵਿੱਚ ਤਣਾਅ ਜਲਦੀ ਘੱਟ ਨਹੀਂ ਹੁੰਦਾ ਹੈ, ਤਾਂ ਕੈਨੇਡਾ ਜਾਣ ਵਾਲੇ ਯਾਤਰੀਆਂ ਨੂੰ ਟਿਕਟਾਂ ਦੀਆਂ ਉੱਚੀਆਂ ਕੀਮਤਾਂ, ਲੰਬੀਆਂ ਯਾਤਰਾਵਾਂ ਅਤੇ ਸੀਮਤ ਉਡਾਣ ਵਿਕਲਪਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇੱਕ ਟਰੈਵਲ ਏਜੰਟ ਅਨੁਸਾਰ ਪਹਿਲਾਂ ਇਕਾਨਮੀ ਕਲਾਸ ਦੀਆਂ ਟਿਕਟਾਂ ਮੁਕਾਬਲਤਨ ਘੱਟ ਕੀਮਤ 'ਤੇ ਮਿਲਦੀਆਂ ਸਨ, ਪਰ ਹੁਣ ਤਤਕਾਲ ਟਿਕਟ ਯਾਨੀ ਸਪਾਟ ਕਿਰਾਇਆ 1.5 ਲੱਖ ਰੁਪਏ ਤੋਂ 3 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਕੁਝ ਅੰਤਰਰਾਸ਼ਟਰੀ ਰੂਟਾਂ 'ਤੇ ਇੱਕ ਪਾਸੇ ਦੀਆਂ ਟਿਕਟਾਂ 3 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਵਿਕ ਰਹੀਆਂ ਹਨ। ਇਸਦਾ ਸਭ ਤੋਂ ਵੱਧ ਪ੍ਰਭਾਵ ਉਨ੍ਹਾਂ ਵਿਦਿਆਰਥੀਆਂ 'ਤੇ ਪੈ ਰਿਹਾ ਹੈ ਜਿਨ੍ਹਾਂ ਨੂੰ ਨਵੇਂ ਸਮੈਸਟਰ ਲਈ ਤੁਰੰਤ ਕੈਨੇਡਾ ਪਹੁੰਚਣ ਦੀ ਜ਼ਰੂਰਤ ਹੈ। ਯਾਤਰੀਆਂ ਦੀ ਵਧਦੀ ਮੰਗ ਦੇ ਕਾਰਨ ਏਅਰ ਇੰਡੀਆ ਨੇ ਵਿਕਲਪਿਕ ਕਨੈਕਟੀਵਿਟੀ ਪ੍ਰਦਾਨ ਕਰਨ ਲਈ ਯੂਰਪ ਅਤੇ ਸੰਯੁਕਤ ਰਾਜ ਅਮਰੀਕਾ ਲਈ 78 ਵਾਧੂ ਉਡਾਣਾਂ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ।

ਇਸ ਤੋਂ ਇਲਾਵਾ, ਏਅਰ ਕੈਨੇਡਾ ਵਰਗੀਆਂ ਕੰਪਨੀਆਂ ਨੇ ਵੀ ਭਾਰਤ ਤੋਂ ਆਪਣੀਆਂ ਉਡਾਣਾਂ ਵਧਾਉਣ ਦਾ ਐਲਾਨ ਕੀਤਾ ਹੈ। ਟੋਰਾਂਟੋ-ਦਿੱਲੀ ਰੂਟ 'ਤੇ ਡਬਲ ਫ਼ਲਾਈਟਾਂ ਚਲਾਉਣ ਅਤੇ ਵੱਡੇ ਏਅਰਕ੍ਰਾਫ਼ਟ ਵਰਤਣ ਦਾ ਫ਼ੈਸਲਾ ਲਿਆ ਗਿਆ ਹੈ ਤਾਂ ਜੋ ਯਾਤਰੀਆਂ ਨੂੰ ਯੂਰਪੀਅਨ ਰੂਟ ਰਾਹੀਂ ਵਿਕਲਪ ਮਿਲ ਸਕਣ। ਪਰ ਇਸ ਦੇ ਬਾਵਜੂਦ ਸਮੱਸਿਆਵਾਂ ਘੱਟ ਨਹੀਂ ਹੋ ਰਹੀਆਂ। ਜਲੰਧਰ ਦੇ ਇੱਕ ਵੱਡੇ ਟਰੈਵਲ ਏਜੰਟ ਰਾਜੇਵਰ ਸਿੰਘ ਅਨੁਸਾਰ, ਪਿਛਲੇ ਮਹੀਨੇ ਤੱਕ ਇੱਕ ਵਿਦਿਆਰਥੀ ਨੂੰ ਟੋਰਾਂਟੋ ਜਾਣ ਲਈ 80 ਹਜ਼ਾਰ ਰੁਪਏ ਵਿੱਚ ਟਿਕਟ ਮਿਲ ਜਾਂਦੀ ਸੀ, ਪਰ ਹੁਣ ਉਹੀ ਟਿਕਟ 2.5 ਲੱਖ ਤੋਂ ਉੱਪਰ ਵਿਕ ਰਹੀ ਹੈ। ਬਹੁਤ ਸਾਰੇ ਵਿਦਿਆਰਥੀ ਆਪਣੇ ਟਿਕਟ ਰਿਜ਼ਰਵੇਸ਼ਨ ਰੱਦ ਕਰ ਰਹੇ ਹਨ ਅਤੇ ਸੈਮੈਸਟਰ ਮਿਸ ਕਰ ਰਹੇ ਹਨ।

ਇਸ ਤੋਂ ਇਲਾਵਾ, ਵਰਕ ਪਰਮਿਟ ਧਾਰਕਾਂ ਲਈ ਵੀ ਵੱਡੀ ਸਮੱਸਿਆ ਖੜ੍ਹੀ ਹੋਈ ਹੈ। ਬਹੁਤ ਸਾਰੇ ਨੌਜਵਾਨ ਪਰਿਵਾਰ ਨਾਲ ਮਿਲਣ ਆਉਂਦੇ ਸਨ ਅਤੇ ਵਾਪਸ ਜਾਣ ਲਈ ਖਾੜੀ ਰੂਟ ਵਰਤਦੇ ਸਨ। ਹੁਣ ਉਨ੍ਹਾਂ ਨੂੰ ਯੂਰਪੀਅਨ ਰੂਟ ਰਾਹੀਂ ਜਾਣਾ ਪੈ ਰਿਹਾ ਹੈ ਜਿਸ ਨਾਲ ਲੇਅਓਵਰ ਵਧ ਗਏ ਹਨ ਅਤੇ ਵੀਜ਼ਾ ਟ੍ਰਾਂਜ਼ਿਟ ਸਮੱਸਿਆਵਾਂ ਵੀ ਉਤਪੰਨ ਹੋ ਰਹੀਆਂ ਹਨ। ਟੋਰਾਂਟੋ ਵਿੱਚ ਰਹਿਣ ਵਾਲੇ ਪੰਜਾਬੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਅਨੁਸਾਰ, ਕੈਨੇਡਾ ਸਰਕਾਰ ਨੇ ਭਾਰਤੀ ਵਿਦਿਆਰਥੀਆਂ ਲਈ ਕੁਝ ਰਾਹਤ ਪੈਕੇਜ ਐਲਾਨ ਕੀਤਾ ਹੈ ਪਰ ਉਡਾਣਾਂ ਦੀਆਂ ਸਮੱਸਿਆਵਾਂ ਲਈ ਉਨ੍ਹਾਂ ਕੋਲ ਵੀ ਸੀਮਤ ਵਿਕਲਪ ਹਨ। ਅਸੀਂ ਏਅਰਲਾਈਨਾਂ ਨਾਲ ਗੱਲਬਾਤ ਕਰ ਰਹੇ ਹਾਂ ਕਿ ਘੱਟੋ-ਘੱਟ ਕਨੈਕਟਿੰਗ ਫ਼ਲਾਈਟਾਂ ਵਧਾਈਆਂ ਜਾਣ।

ਆਰਥਿਕ ਪੱਖ ਤੋਂ ਵੀ ਇਸ ਜੰਗ ਦਾ ਪ੍ਰਭਾਵ ਡੂੰਘਾ ਹੈ। ਪੰਜਾਬ ਵਿੱਚ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦੀ ਗਿਣਤੀ ਲੱਖਾਂ ਵਿੱਚ ਹੈ ਅਤੇ ਇਸ ਤੋਂ ਪਰਿਵਾਰਾਂ ਦੀ ਆਰਥਿਕਤਾ ਚੱਲਦੀ ਹੈ। ਟਿਕਟਾਂ ਦੀਆਂ ਵਧੀਆਂ ਕੀਮਤਾਂ ਕਾਰਨ ਬਹੁਤ ਸਾਰੇ ਪਰਿਵਾਰ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਤੋਂ ਰੋਕ ਰਹੇ ਹਨ। ਇੱਕ ਅੰਦਾਜ਼ੇ ਅਨੁਸਾਰ ਇਸ ਮਹੀਨੇ ਵਿੱਚ ਹੀ ਪੰਜਾਬ ਤੋਂ ਕੈਨੇਡਾ ਜਾਣ ਵਾਲੀਆਂ ਉਡਾਣਾਂ ਵਿੱਚ 40 ਫ਼ੀਸਦੀ ਕਮੀ ਆਈ ਹੈ। ਇਸ ਨਾਲ ਟ੍ਰੈਵਲ ਏਜੰਸੀਆਂ ਵੀ ਸੰਕਟ ਵਿੱਚ ਹਨ। ਹੁਸ਼ਿਆਰਪੁਰ ਦੀ ਟਰੈਵਲ ਏਜੰਟ ਸੁਖਵਿੰਦਰ ਕੌਰ ਕਹਿੰਦੀ ਹੈ, 'ਅਸੀਂ ਰੋਜ਼ਾਨਾ 50 ਟਿਕਟਾਂ ਬੁੱਕ ਕਰਦੇ ਸੀ, ਹੁਣ ਮੁਸ਼ਕਿਲ ਨਾਲ ਹੋ ਰਹੀਆਂ ਹਨ। ਲੋਕ ਇੰਤਜ਼ਾਰ ਕਰ ਰਹੇ ਹਨ ਕਿ ਜੰਗ ਖਤਮ ਹੋਵੇ ਤਾਂ ਉਡਾਣਾਂ ਆਮ ਹੋਣ।

ਕੈਨੇਡਾ ਵੱਲੋਂ ਵੀ ਕੁਝ ਰਾਹਤ ਦੀਆਂ ਖ਼ਬਰਾਂ ਆ ਰਹੀਆਂ ਹਨ। ਟੋਰਾਂਟੋ ਏਅਰਪੋਰਟ ਅਥਾਰਟੀ ਨੇ ਭਾਰਤੀ ਯਾਤਰੀਆਂ ਲਈ ਵਿਸ਼ੇਸ਼ ਹੈਲਪ ਡੈਸਕ ਖੋਲ੍ਹਿਆ ਹੈ ਤਾਂ ਜੋ ਰੂਟ ਬਦਲਣ ਵਿਚ ਮਦਦ ਮਿਲ ਸਕੇ। ਇਸ ਤੋਂ ਇਲਾਵਾ ਭਾਰਤੀ ਅੰਬੈਸੀ ਨੇ ਵੀ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਯੂਰਪੀਅਨ ਏਅਰਲਾਈਨਾਂ ਨਾਲ ਬੁੱਕਿੰਗ ਕਰਨ ਅਤੇ ਟ੍ਰਾਂਜ਼ਿਟ ਵੀਜ਼ਾ ਲਈ ਤਿਆਰ ਰਹਿਣ। ਪਰ ਇਸ ਦੇ ਬਾਵਜੂਦ ਵਿਦਿਆਰਥੀਆਂ ਅਤੇ ਵਰਕਰਾਂ ਵਿਚ ਚਿੰਤਾ ਵਧਦੀ ਜਾ ਰਹੀ ਹੈ।

ਇਸ ਸਥਿਤੀ ਵਿੱਚ ਪੰਜਾਬ ਸਰਕਾਰ ਨੂੰ ਵੀ ਇੱਕ ਵੱਡੀ ਚੁਣੌਤੀ ਦਾ ਸਾਹਮਣਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਹੈ ਅਤੇ ਏਅਰ ਇੰਡੀਆ ਨੂੰ ਹੋਰ ਉਡਾਣਾਂ ਵਧਾਉਣ ਲਈ ਅਪੀਲ ਕੀਤੀ ਹੈ। ਪਰ ਅਜੇ ਤੱਕ ਕੋਈ ਠੋਸ ਰਾਹਤ ਨਹੀਂ ਮਿਲੀ।

***

## ਹੋਰਮੁਜ਼ ਦੀ ਘੇਰਾਬੰਦੀ ਕਰਕੇ ਇਰਾਨ ਨੇ ਅਮਰੀਕਾ ਨੂੰ

ਇਰਾਨੀ ਸੈਨਾ ਨੇ ਸਪੱਸ਼ਟ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਸ ਦੇ ਊਰਜਾ ਢਾਂਚੇ 'ਤੇ ਹਮਲਾ ਹੋਇਆ, ਤਾਂ ਉਹ ਖਾੜੀ ਦੇਸ਼ਾਂ ਵਿੱਚ ਮੌਜੂਦ ਅਮਰੀਕੀ ਅਤੇ ਇਜ਼ਰਾਇਲੀ ਟਿਕਾਣਿਆਂ ਨੂੰ ਉਡਾ ਦੇਵੇਗਾ ਅਤੇ ਹੋਰਮੁਜ਼ ਜਲਡਮਰੂਮੱਧ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਇਰਾਨ ਕੋਲ 'ਹੋਰਮੁਜ਼ ਜਲਡਮਰੂ' ਨੂੰ ਬੰਦ ਕਰਨ ਵਰਗੀ ਤਾਕਤ ਸੀ। ਸਸਤੇ ਡਰੋਨਾਂ ਅਤੇ ਸਮੁੰਦਰੀ ਸੁਰੰਗਾਂ ਰਾਹੀਂ ਉਹ ਵਿਸ਼ਵ ਵਪਾਰ ਨੂੰ ਬੰਧਕ ਬਣਾ ਕੇ ਅਮਰੀਕਾ 'ਤੇ ਦਬਾਅ ਪਾਇਆ।

ਵਿਸ਼ਵ ਦਾ 20% ਕੱਚਾ ਤੇਲ ਇਸੇ ਰਸਤੇ ਤੋਂ ਗੁਜ਼ਰਦਾ ਹੈ। ਤੇਲ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚੜ੍ਹਣ ਨਾਲ ਅਮਰੀਕੀ ਆਰਥਿਕਤਾ ਡਗਮਗਾ ਗਈ। ਗੈਸ ਦੀਆਂ ਕੀਮਤਾਂ ਵਧ ਗਈਆਂ, ਇਨਫਲੇਸ਼ਨ ਵਧ ਗਈ।

ਇਰਾਨ ਦੀਆਂ ਲੰਮੀ ਰੇਂਜ ਵਾਲੀਆਂ ਮਿਸਾਈਲਾਂ, ਡਰੋਨ ਅਤੇ ਸਾਈਬਰ ਤਾਕਤ ਅਮਰੀਕੀ ਬੇਸਾਂ ਲਈ ਖ਼ਤਰਾ ਹਨ। ਇਰਾਨ ਨੇ ਡੀਗੋ ਗਾਰਸੀਆ ਵੱਲ ਮਿਸਾਈਲਾਂ ਛੱਡੀਆਂ ਅਤੇ ਖਾੜੀ ਵਿੱਚ ਅਮਰੀਕੀ ਫਲੀਟ ਨੂੰ ਨਿਸ਼ਾਨਾ ਬਣਾਇਆ ਸੀ। ਅਮਰੀਕਾ ਇਸ ਘਾਤਕ ਪਲਟਵਾਰ ਤੋਂ ਚਿੰਤਤ ਸੀ।

ਟਰੰਪ ਦੀ ਨਰਮੀ ਪਿੱਛੇ ਕੋਈ ਇਖ਼ਲਾਕੀ ਕਾਰਨ ਨਹੀਂ, ਸਗੋਂ ਚੋਣ ਗਣਿਤ ਹੈ। 2026 ਦੀਆਂ ਮਿਡ-ਟਰਮ ਚੋਣਾਂ ਸਿਰ 'ਤੇ ਹਨ। ਅਮਰੀਕੀ ਜਨਤਾ ਇੱਕ ਹੋਰ ਮਹਿੰਗੀ ਅਤੇ ਵਡੀ ਜੰਗ ਦੇ ਵਿਰੁੱਧ ਹੈ। ਇਸ ਕਰਕੇ ਅਮਰੀਕਾ ਨੂੰ ਜੰਗ ਤੋਂ ਪਿੱਛੇ ਹਟਣਾ ਪਿਆ।

ਇਸ ਸੰਘਰਸ਼ ਵਿੱਚ ਅਮਰੀਕਾ ਇਕੱਲਾ ਪੈ ਗਿਆ ਸੀ। ਚੀਨ, ਰੂਸ ਅਤੇ ਇੱਥੋਂ ਤੱਕ ਕਿ ਭਾਰਤ ਵਰਗੇ ਦੇਸ਼ਾਂ ਨੇ ਵੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਆਪਣੀ ਊਰਜਾ ਸੁਰੱਖਿਆ ਨੂੰ ਅਮਰੀਕੀ ਜੰਗ ਦੀ ਭੇਟ ਨਹੀਂ ਚੜ੍ਹਾਉਣਗੇ। ਯੂਰਪੀਅਨ ਸਹਿਯੋਗੀ (ਬ੍ਰਿਟੇਨ, ਫਰਾਂਸ, ਜਰਮਨੀ) ਵੀ ਇਸ ਪੂਰਨ ਜੰਗ ਦਾ ਸਮਰਥਨ ਕਰਨ ਤੋਂ ਝਿਜਕ ਰਹੇ ਸਨ। ਸਪੇਨ ਦੇ ਪ੍ਰਧਾਨ ਮੰਤਰੀ ਦਾ ਚੀਨ ਦੌਰਾ ਅਤੇ ਅਮਰੀਕੀ ਫ਼ੌਜੀ ਅੱਡਿਆਂ ਦੀ ਵਰਤੋਂ ਤੋਂ ਇਨਕਾਰ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਦੁਨੀਆ ਹੁਣ ਅਮਰੀਕਾ ਦੇ ਇਕਤਰਫਾ ਜੰਗਬਾਜ਼ੀ ਦੇ ਵਿਰੁੱਧ ਖੜ੍ਹੀ ਹੋ ਰਹੀ ਹੈ।

ਇਰਾਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਮਜ਼ਬੂਤ ਹੋਵੇ ਅਤੇ ਰਣਨੀਤੀ ਸਹੀ ਹੋਵੇ, ਤਾਂ ਇੱਕ ਖੇਤਰੀ ਸ਼ਕਤੀ ਵੀ ਦੁਨੀਆ ਦੀ ਸਭ ਤੋਂ ਵੱਡੀ ਫ਼ੌਜੀ ਸ਼ਕਤੀ ਨੂੰ ਗੋਡਿਆਂ ਭਾਰ ਲਿਆ ਸਕਦੀ ਹੈ।

ਕੀ ਅਮਰੀਕਾ-ਇਰਾਨ ਜੰਗ ਰੋਕਣ ਲਈ ਪਾਕਿਸਤਾਨ ਵਿਚੋਲਗਿਰੀ ਕਰੇਗਾ?

ਇਕਨਾਮਿਕ ਟਾਈਮਜ਼ ਦੀਆਂ ਰਿਪੋਰਟਾਂ ਅਨੁਸਾਰ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੇ ਭਿਆਨਕ ਫ਼ੌਜੀ ਟਕਰਾਅ ਨੂੰ ਖ਼ਤਮ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਤਾਜ਼ਾ ਰਿਪੋਰਟਾਂ ਅਨੁਸਾਰ, ਪਾਕਿਸਤਾਨ ਇਸ ਵਿਵਾਦ ਨੂੰ ਸੁਲਝਾਉਣ ਲਈ ਇੱਕ ਵਿਚੋਲੇ ਵਜੋਂ ਉੱਭਰਿਆ ਦਸਿਆ ਜਾਂਦਾ ਹੈ ਅਤੇ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀ ਜਲਦੀ ਹੀ ਇਸਲਾਮਾਬਾਦ ਵਿੱਚ ਆਹਮੋ-ਸਾਹਮਣੇ ਬੈਠ ਸਕਦੇ ਹਨ।

ਸੂਤਰਾਂ ਦੇ ਹਵਾਲੇ ਨਾਲ ਖ਼ਬਰ ਹੈ ਕਿ ਪਾਕਿਸਤਾਨੀ ਫ਼ੌਜ ਦੇ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਨੇ ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ। ਇਸ ਦੇ ਨਾਲ ਹੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਇਰਾਨੀ ਰਾਸ਼ਟਰਪਤੀ ਪੇਜ਼ੇਸ਼ਕੀਆਨ ਨਾਲ ਰਾਬਤਾ ਕਾਇਮ ਕੀਤਾ ਸੀ। ਪਾਕਿਸਤਾਨ ਤੋਂ ਇਲਾਵਾ ਤੁਰਕੀ ਅਤੇ ਮਿਸਰ ਵੀ ਇਸ ਸ਼ਾਂਤੀ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾ ਰਹੇ ਹਨ।

ਤੁਰਕੀ ਦੀ ਅਨਾਦੋਲੂ ਏਜੰਸੀ ਮੁਤਾਬਕ, ਇੱਕ ਉੱਚ ਪੱਧਰੀ ਅਮਰੀਕੀ ਵਫ਼ਦ ਅਗਲੇ ਇੱਕ-ਦੋ ਦਿਨਾਂ ਵਿੱਚ ਪਾਕਿਸਤਾਨ ਪਹੁੰਚ ਸਕਦਾ ਹੈ। ਇਸ ਵਫ਼ਦ ਵਿੱਚ ਸ਼ਾਮਲ ਹੋਣ ਵਾਲੇ ਸੰਭਾਵੀ ਨਾਮ ਹਨ: ਸਟੀਵ ਵਿਟਕਾਫ ਜੋ ਟਰੰਪ ਦੇ ਮੱਧ ਪੂਰਬ ਲਈ ਵਿਸ਼ੇਸ਼ ਦੂਤ ਹਨ,ਦੂਸਰੇ ਜੇਰੇਡ ਕੁਸ਼ਨਰ ਡੋਨਾਲਡ ਟਰੰਪ ਦੇ ਦਾਮਾਦ ਅਤੇ ਸਾਬਕਾ ਸਲਾਹਕਾਰ ਹਨ।

ਹਾਲਾਂਕਿ ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਇਰਾਨ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਲਈ ਬੈਕ-ਚੈਨਲ ਕੋਸ਼ਿਸ਼ਾਂ ਕਰ ਰਹੇ ਹਨ, ਪਰ ਇਰਾਨ ਦੇ ਵਿਦੇਸ਼ ਮੰਤਰਾਲੇ ਨੇ ਅਜੇ ਤੱਕ ਅਮਰੀਕਾ ਨਾਲ ਕਿਸੇ ਵੀ ਸਿੱਧੀ ਗੱਲਬਾਤ ਦੀ ਪੁਸ਼ਟੀ ਨਹੀਂ ਕੀਤੀ ਹੈ। ਦੂਜੇ ਪਾਸੇ, ਰਾਸ਼ਟਰਪਤੀ ਟਰੰਪ ਨੇ ਫਲੋਰੀਡਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇੱਕ ਬਹੁਤ ਹੀ ਸਤਿਕਾਰਤ ਇਰਾਨੀ ਅਧਿਕਾਰੀ ਨਾਲ ਉਨ੍ਹਾਂ ਦੀ ਸਾਰਥਕ ਗੱਲਬਾਤ ਹੋਈ ਹੈ।

***

## 'ਹੋਰਮੁਜ਼ ਦੀ ਸੁਰੱਖਿਆ ਜੰਗੀ ਜਹਾਜ਼ਾਂ'

**ਕੀ ਅਮਰੀਕਾ ਕੋਲ ਅਜਿਹੀ ਮੰਗ ਕਰਨ ਦਾ ਨੈਤਿਕ ਹੱਕ ਹੈ?**

ਅੰਤਰਰਾਸ਼ਟਰੀ ਕਾਨੂੰਨ ਅਨੁਸਾਰ, ਜੇਕਰ ਕੋਈ ਦੇਸ਼ ਇਕਪਾਸੜ ਕਾਰਵਾਈ ਕਰਦਾ ਹੈ, ਤਾਂ ਉਹ ਦੂਜੇ ਦੇਸ਼ਾਂ ਨੂੰ ਮਦਦ ਲਈ ਮਜਬੂਰ ਨਹੀਂ ਕਰ ਸਕਦਾ। 'ਗਲੋਬਲ ਟਾਈਮਜ਼' ਮੁਤਾਬਕ ਅਮਰੀਕਾ ਆਪਣੀ 'ਹੈਜੇਮਨੀ' (ਧੌਂਸ) ਵਰਤ ਕੇ ਦੂਜਿਆਂ ਨੂੰ ਆਪਣੀ ਗਲਤੀ ਸੁਧਾਰਨ ਲਈ ਵਰਤ ਰਿਹਾ ਹੈ।

ਅਮਰੀਕਾ ਦੁਨੀਆ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਹੋਰਮੁਜ਼ ਦਾ ਸੰਕਟ ਇਰਾਨ ਦੀ ਗਲਤੀ ਹੈ, ਜਦਕਿ ਚੀਨ ਕਹਿ ਰਿਹਾ ਹੈ ਕਿ ਇਹ ਅਮਰੀਕੀ ਧੌਂਸ ਦਾ ਨਤੀਜਾ ਹੈ।

ਜੇਕਰ ਚੀਨ ਜਾਂ ਫ਼ਰਾਂਸ ਆਪਣੇ ਜਹਾਜ਼ ਭੇਜਦੇ ਹਨ, ਤਾਂ ਉਹ ਅਮਰੀਕਾ ਦੀ ਜੰਗ ਵਿੱਚ ਪਾਰਟਨਰ ਬਣ ਜਾਣਗੇ। ਫ਼ਿਰ ਜੇਕਰ ਜੰਗ ਵਧਦੀ ਹੈ, ਤਾਂ ਅਮਰੀਕਾ ਕਹਿ ਸਕੇਗਾ, ਅਸੀਂ ਇਕੱਲੇ ਨਹੀਂ ਸੀ, ਸਾਰੀ ਦੁਨੀਆ ਸਾਡੇ ਨਾਲ ਸੀ।

ਚੀਨ ਇਹ ਦੱਸਣਾ ਚਾਹੁੰਦਾ ਹੈ ਕਿ ਅਮਰੀਕਾ ਪਹਿਲਾਂ ਅੱਗ ਲਗਾਉਂਦਾ ਹੈ (ਹਮਲੇ ਕਰਦਾ ਹੈ) ਅਤੇ ਫ਼ਿਰ ਫ਼ਾਇਰ ਬ੍ਰਿਗੇਡ (ਸ਼ਾਂਤੀ ਸੈਨਾ) ਬਣਨ ਦਾ ਡਰਾਮਾ ਕਰਕੇ ਦੂਜਿਆਂ ਤੋਂ ਮਦਦ ਮੰਗਦਾ ਹੈ।

ਇਸ ਵਾਕ ਦਾ ਸਭ ਤੋਂ ਡੂੰਘਾ ਅਰਥ ਇਹ ਹੈ ਕਿ ਅਪਰਾਧੀ ਹੀ ਜੱਜ ਨਹੀਂ ਬਣ ਸਕਦਾ। ਜਿਸ ਦੇਸ਼ ਨੇ ਖੁਦ ਸ਼ਾਂਤੀ ਭੰਗ ਕੀਤੀ ਹੈ, ਉਹ ਦੂਜੇ ਦੇਸ਼ਾਂ ਨੂੰ ਸਾਂਝੀ ਸੁਰੱਖਿਆ ਦਾ ਪਾਠ ਨਹੀਂ ਪੜ੍ਹਾ ਸਕਦਾ। ਇਹ ਅਮਰੀਕਾ ਦੀ ਵਿਦੇਸ਼ ਨੀਤੀ 'ਤੇ ਇੱਕ ਬਹੁਤ ਵੱਡਾ ਨੈਤਿਕ ਸਵਾਲੀਆ ਨਿਸ਼ਾਨ ਹੈ।

ਗਲੋਬਲ ਟਾਈਮਜ਼ ਦਾ ਇਹ ਸੰਪਾਦਕੀ ਦੁਨੀਆ ਨੂੰ ਯਾਦ ਦਿਵਾਉਂਦਾ ਹੈ ਕਿ ਟੇਬਲ ਟਾਕ ਹਜ਼ਾਰਾਂ ਜੰਗੀ ਜਹਾਜ਼ਾਂ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦੀ ਹੈ। ਜੇਕਰ ਅਮਰੀਕਾ ਸੱਚਮੁੱਚ ਸੁਰੱਖਿਆ ਚਾਹੁੰਦਾ ਹੈ, ਤਾਂ ਉਸਨੂੰ ਬੰਦੂਕਾਂ ਛੱਡ ਕੇ ਗੱਲਬਾਤ ਦਾ ਰਾਹ ਫੜਨਾ ਪਵੇਗਾ।

## ਅਮਰੀਕਾ-ਇਰਾਨ ਤਣਾਅ ਘਟਾਉਣ ਲਈ

ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਖਾੜੀ ਦੇਸ਼ਾਂ ਤੋਂ ਮੰਗਵਾਉਂਦਾ ਹੈ, ਇਸ ਲਈ ਜੇਕਰ ਇਰਾਨ ਅਤੇ ਇਜ਼ਰਾਇਲ ਦੇ ਟਕਰਾਅ ਕਾਰਨ ਇਹ ਰਸਤਾ ਬੰਦ ਹੁੰਦਾ ਹੈ, ਤਾਂ ਭਾਰਤ ਵਿੱਚ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਸਕਦੀਆਂ ਹਨ। ਦੋਵਾਂ ਆਗੂਆਂ ਨੇ ਸਹਿਮਤੀ ਜਤਾਈ ਕਿ ਵਿਸ਼ਵ ਦੀ ਆਰਥਿਕ ਸਥਿਰਤਾ ਲਈ ਇਸ ਰਸਤੇ ਨੂੰ ਹਰ ਹਾਲ ਵਿੱਚ ਖੁੱਲ੍ਹਾ ਰੱਖਣਾ ਜ਼ਰੂਰੀ ਹੈ ਅਮਰੀਕੀ ਦੂਤ ਸਰਜੀਓ ਗੋਰ ਅਨੁਸਾਰ ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ ਜਦੋਂ ਤਹਿਰਾਨ ਵਿੱਚ ਅਲੀ ਲਾਰੀਜਾਨੀ ਦੀ ਮੌਤ ਤੋਂ ਬਾਅਦ ਹਾਲਾਤ ਕਾਫੀ ਨਾਜ਼ੁਕ ਬਣੇ ਹੋਏ ਹਨ। ਰਾਸ਼ਟਰਪਤੀ ਟਰੰਪ ਨੇ ਮੱਧ ਪੂਰਬ ਵਿੱਚ ਅਮਰੀਕਾ ਦੀ ਰਣਨੀਤੀ ਬਾਰੇ ਮੋਦੀ ਨਾਲ ਸਲਾਹ ਕੀਤੀ ਅਤੇ ਭਾਰਤ ਦੀ ਭੂਮਿਕਾ ਨੂੰ ਅਹਿਮ ਦੱਸਿਆ। ਭਾਰਤ ਦੇ ਇਰਾਨ ਨਾਲ ਵੀ ਚੰਗੇ ਸਬੰਧ ਹਨ ਅਤੇ ਅਮਰੀਕਾ ਨਾਲ ਵੀ ਗੂੜ੍ਹੀ ਦੋਸਤੀ ਹੈ, ਇਸ ਲਈ ਮੋਦੀ ਇਸ ਖੇਤਰ ਵਿੱਚ ਤਣਾਅ ਘਟਾਉਣ ਲਈ ਇੱਕ ਵਿਚੋਲੇ ਦੀ ਭੂਮਿਕਾ ਨਿਭਾ ਸਕਦੇ ਹਨ। ਇਸ ਤੋਂ ਇਲਾਵਾ ਲਿਬਨਾਨ ਵਿੱਚ ਚੱਲ ਰਹੀ ਜੰਗ ਅਤੇ ਸਮੁੰਦਰੀ ਜਹਾਜ਼ਾਂ 'ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਵੀ ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਵਿਚਾਲੇ ਸਹਿਯੋਗ ਵਧਾਉਣ 'ਤੇ ਚਰਚਾ ਕੀਤੀ ਗਈ।

***

## ਖ਼ੁਦਕੁਸ਼ੀ ਮਾਮਲੇ ਦੀ ਜਾਂਚ ਸਹੀ ਢੰਗ

ਕਿਸੇ ਹੋਰ ਸਾਜ਼ਿਸ਼ਕਾਰ ਦੀ ਸ਼ਮੂਲੀਅਤ ਸਾਹਮਣੇ ਆਈ ਤਾਂ ਉਸ ਖ਼ਿਲਾਫ਼ ਵੀ ਕਾਰਵਾਈ ਹੋਵੇਗੀ। ਉਨ੍ਹਾਂ ਦੁਹਰਾਇਆ ਕਿ ਕਾਨੂੰਨ ਤੋੜਨ ਵਾਲਿਆਂ ਖ਼ਿਲਾਫ਼ ਬਿਨਾਂ ਦੇਰ ਸਖ਼ਤ ਕਾਰਵਾਈ ਹੋਵੇਗੀ।

ਮੁੱਖ ਮੰਤਰੀ ਨੇ ਹਰਿਆਣਾ 'ਚ ਏ. ਡੀ. ਜੀ. ਪੀ. ਵਾਈ ਪੂਰਨ ਕੁਮਾਰ ਵੱਲੋਂ ਕੀਤੀ ਖ਼ੁਦਕੁਸ਼ੀ ਦਾ ਹਵਾਲਾ ਦਿੰਦਿਆਂ ਸਵਾਲ ਕੀਤਾ ਕਿ ਕੀ ਉਸ ਕੇਸ ਦੀ ਜਾਂਚ ਸੀ. ਬੀ. ਆਈ. ਹਵਾਲੇ ਕੀਤੀ ਗਈ ਸੀ? ਉਨ੍ਹਾਂ 2021 ਵਿੱਚ ਪਿਓ ਅਤੇ ਧੀ ਵੱਲੋਂ ਜਾਨ ਦੇਣ ਦੇ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਮਾਮਲੇ 'ਚ ਪਰਿਵਾਰ ਨੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਦੋਸ਼ੀ ਠਹਿਰਾਇਆ ਸੀ ਪਰ ਉਸ ਕੇਸ ਨੂੰ ਵੀ ਸੀ. ਬੀ. ਆਈ. ਹਵਾਲੇ ਨਹੀਂ ਕੀਤਾ ਗਿਆ ਸੀ। ਪੁਰਾਣੇ ਕੇਸਾਂ ਦੀ ਗੱਲ ਕਰਦਿਆਂ ਉਨ੍ਹਾਂ ਮਹਿਲ ਕਲਾਂ 'ਚ ਵਾਪਰੇ ਕਿਰਨਜੀਤ ਕੌਰ ਕਤਲ ਕਾਂਡ ਦਾ ਹਵਾਲਾ ਵੀ ਦਿੱਤਾ। ਪਟਿਆਲੇ ਵੀ ਇੱਕ ਵਿਅਕਤੀ ਨੇ ਮੀਡੀਆ ਸਾਹਮਣੇ ਅੱਗ ਲਾ ਲਈ ਸੀ ਅਤੇ ਉਸ ਨੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਨਜ਼ਦੀਕੀ ਭਰਤ ਇੰਦਰ ਸਿੰਘ ਚਹਿਲ ਦਾ ਨਾਮ ਲਿਆ ਸੀ। ਉਦੋਂ ਨਾ ਕਿਸੇ ਨੇ ਅਸਤੀਫ਼ਾ ਦਿੱਤਾ ਸੀ ਤੇ ਨਾ ਮਾਮਲੇ ਦੀ ਸੀ. ਬੀ. ਆਈ. ਜਾਂਚ ਹੋਈ।

***

## ਮੈਰੀਲੈਂਡ ਅਤੇ ਵਰਜੀਨੀਆ ਵਿਖੇ ਸਾਲਾਨਾ

ਇਸ ਤੋਂ ਇਲਾਵਾ ਯੂ.ਕੇ. ਤੋਂ ਭਾਈ ਕਰਨਜੀਤ ਸਿੰਘ, ਡੇਨਵਰ (ਕੋਲੋਰਾਡੋ) ਤੋਂ ਬੀਬੀ ਗੁਨੀਤ ਕੌਰ, ਲਾਸ ਏਂਜਲਸ (ਕੈਲੀਫੋਰਨੀਆ) ਤੋਂ ਪ੍ਰੋ. ਬਲਜੀਤ ਸਿੰਘ ਅਤੇ ਸੈਕਰਾਮੈਂਟੋ (ਕੈਲੀਫੋਰਨੀਆ) ਤੋਂ ਡਾ. ਗਗਨਦੀਪ ਸਿੰਘ ਨੇ ਵੀ ਹਾਜ਼ਰੀ ਭਰੀ।

ਸੰਗਤਾਂ ਦੀ ਸਹੂਲਤ ਲਈ ਇਹ ਸਮਾਗਮ ਤਿੰਨ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਵਿੱਚ ਕਰਵਾਏ ਗਏ। ਪਹਿਲੇ ਦਿਨ ਦੀ ਸ਼ੁਰੂਆਤ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ (ਰੈਂਡਲਸਟਾਊਨ, ਮੈਰੀਲੈਂਡ) ਤੋਂ ਹੋਈ। ਦੂਜੇ ਦਿਨ ਦਾ ਸਮਾਗਮ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ (ਸਿੱਖ ਲਰਨਿੰਗ ਸੈਂਟਰ), ਗਲੇਨ ਬਰਨੀ (ਮੈਰੀਲੈਂਡ) ਵਿਖੇ ਅਤੇ ਤੀਜੇ ਦਿਨ ਸਿੰਘ ਸਭਾ ਗੁਰਦੁਆਰਾ ਫੇਅਰਫੈਕਸ (ਵਰਜੀਨੀਆ) ਵਿਖੇ ਹੋਇਆ।

ਪ੍ਰਬੰਧਕਾਂ ਵੱਲੋਂ ਤਿੰਨਾਂ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸਰਕਾਰੀ ਅਧਿਕਾਰੀਆਂ ਦਾ ਉਹਨਾਂ ਦੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਹ ਸਮਾਗਮ ਧਰਮ ਦੀ ਦ੍ਰਿੜਤਾ ਅਤੇ ਰਾਜਾਂ ਦੀਆਂ ਸਰਹੱਦਾਂ ਤੋਂ ਪਰੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਾਲਾ ਇੱਕ ਯਾਦਗਾਰੀ ਉਪਰਾਲਾ ਰਿਹਾ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਵਾਢੀ ਦੀ ਰੁੱਤ

"ਕੱਚੀ ਕਿਥੇ, ਬਾਪੂ, ਰਾਮ ਦਾ ਨਾਂ ਲੈ। ਛੀ ਮਹੀਨੇ ਕਣਕ ਹਰੀ ਖੜ੍ਹੀ ਰਹਿੰਦੀ ਐ। ਬਸ ਇੱਕ ਵਾਰੀਂ ਪੀਲੀ ਪੈ ਜਾਵੇ, ਫੇਰ ਕੱਚੀ ਕਿੱਥੇ! ਸਵੇਰੇ ਹੋਰ, ਦੁਪਹਿਰੇ ਹੋਰ ਤੇ ਆਥਣੇ ਹੋਰ।" ਤੇ ਫੇਰ ਇੱਕ ਪਲ ਰੁਕ ਕੇ ਗਿੰਦਰ ਹੱਸਿਆ, "ਕੀ ਹੋਇਆ ਜੇ ਹੱਥੀਂ ਆਪ ਕਦੇ ਵਾਢੀ ਨਹੀਂ ਕੀਤੀ, ਤੂੰ ਕਿਹੜਾ, ਬਾਪੂ ਇਹ ਗੱਲਾਂ ਜਾਣਦਾ ਨਹੀਂ।"

ਗੱਲ ਤਾਂ ਗਿੰਦਰ ਦੀ ਵੀ ਠੀਕ ਸੀ। ਕੀ ਹੋਇਆ ਜੇ ਅਰਜਨ ਸਿੰਘ ਨੇ ਆਪ ਕਦੇ ਵਾਢੀ ਦੀ ਦਾਤੀ ਹੱਥ ਵਿੱਚ ਨਹੀਂ ਸੀ ਫੜੀ, ਉਹ ਕਣਕ ਵੱਲੋਂ ਰੰਗ ਬਦਲੇ ਜਾਣ ਬਾਰੇ ਤਾਂ ਜਾਣਦਾ ਸੀ।

ਪਰ ਉਹਨੂੰ ਇਹ ਗੱਲ ਅੱਜ ਬੜੀ ਅਨੋਖੀ ਲੱਗ ਰਹੀ ਸੀ। ਉਹਨੂੰ ਜਾਪਿਆ, ਜਿਵੇਂ ਉਹਨੇ ਇਹ ਰਹੱਸ ਪਹਿਲੀ ਵਾਰ ਜਾਣਿਆ ਹੋਵੇ- ਛੇ ਮਹੀਨਿਆਂ ਦੀ ਹਰਿਆਲੀ ਇੱਕ ਵਾਰ ਪੀਲੀ ਪੈ ਜਾਵੇ, ਫੇਰ ਤਾਂ ਫਸਲ ਦਿਨਾਂ ਵਿੱਚ ਹੀ ਪੱਕ ਕੇ ਸੁੱਕ ਜਾਂਦੀ ਹੈ।

ਗਿੰਦਰ ਨਾਲ ਗੱਲਾਂ ਕਰਦਿਆਂ ਖਲੋਤਾ ਰਿਹਾ ਹੋਣ ਕਰਕੇ ਅਰਜਨ ਸਿੰਘ ਦੀਆਂ ਲੱਤਾਂ ਥੱਕ ਗਈਆਂ। ਉਹਦਾ ਧਿਆਨ ਫੇਰ ਬਿਮਾਰੀ ਵੱਲ ਚਲਿਆ ਗਿਆ। ਸੋਚਾਂ ਵਿਚੋਂ ਜਾਗ ਕੇ ਉਹਨੇ ਸਿਰ ਚੁੱਕਿਆ ਤਾਂ ਗਿੰਦਰ ਨੇ ਪਰਸੋਂ ਹਰੀ ਹੋਣ ਕਰਕੇ ਛੱਡੀ ਗਈ ਕਣਕ ਨੂੰ ਦਾਤੀ ਜਾ ਪਾਈ ਸੀ।

ਅਰਜਨ ਸਿੰਘ ਨੇ ਆਪਣੇ ਸੱਜੇ ਹੱਥ ਦਾ ਪੁੱਠਾ ਪਾਸਾ ਮੱਥੇ ਨੂੰ ਲਾ ਕੇ ਦੇਖਿਆ ਅਤੇ ਫੇਰ ਉਹਦੀਆਂ ਉਂਗਲਾਂ ਦੇ ਪੋਟੇ ਆਪਣੇ ਖੱਬੇ ਹੱਥ ਦੀ ਨਬਜ਼ ਉੱਤੇ ਧਰ ਲਏ।

ਉਹਨੂੰ ਫੇਰ ਹੱਡ-ਭਖ ਹੋ ਗਈ ਲਗਦੀ ਸੀ। ਉਹਦੀਆਂ ਲੱਤਾਂ ਤੋਂ ਹੋਰ ਬਹੁਤਾ ਖਲੋਤਾ ਨਾ ਗਿਆ ਅਤੇ ਉਹ ਜੰਗਲੇ ਨਾਲ ਪਿੱਠ ਲਾ ਕੇ ਉਥੇ ਹੀ ਨਿਢਾਲ ਜਿਹਾ ਬੈਠ ਗਿਆ।

***

## ਮਧਾਣੀ ਮੇਰੀ ਰੰਗਲੀ.....

ਮੁਕਸਰ ਬਣਦੀ ਕਾਠੀ
ਰਉਂਤੇ ਦੇ ਵਿੱਚ ਬਣਦੇ ਖੂੰਡੇ
ਧੁਰ ਭਦੌੜ ਦੀ ਚਾਟੀ.......

ਮਧਾਣੀ ਨਾਲ ਰਿੜਕੇ ਦੁੱਧ ਵਿੱਚੋਂ ਮੱਖਣ ਕੱਢ ਲਿਆ ਜਾਂਦਾ ਹੈ ਤੇ ਉਸਨੂੰ ਉਬਾਲ ਕੇ ਘਿਓ ਬਣਾਇਆ ਜਾਂਦਾ ਹੈ। ਉੱਪਰੋਂ ਉੱਪਰੋਂ ਘਿਓ ਵੱਖ ਕਰ ਲਿਆ ਜਾਂਦਾ ਹੈ। ਭਾਂਡੇ ਵਿੱਚ ਲੱਸੀ ਰਲਿਆ ਤਿਰਮਿਰਾ ਜਿਹਾ ਪਦਾਰਥ ਥੱਲੇ ਲੱਗਿਆ ਰਹਿ ਜਾਂਦਾ ਹੈ। ਉਸ ਵਿੱਚ ਘਿਓ ਦੀ ਵੀ ਮਾਮੂਲੀ ਮਾਤਰਾ ਰਹਿ ਜਾਂਦੀ ਹੈ। ਉਸ ਪਦਾਰਥ ਨੂੰ ਝਰੇੜੂ ਕਹਿ ਲਿਆ ਜਾਂਦਾ ਹੈ। ਕਈ ਜੁਗਤੀ ਔਰਤਾਂ ਝਰੇੜੂ ਨੂੰ ਰੋਟੀਆਂ ਚੋਪੜਣ ਲਈ ਵਰਤ ਲੈਂਦੀਆਂ ਹਨ। ਮੱਖਣ, ਘਿਓ, ਲੱਸੀ, ਝਰੇੜੂ ਆਦਿ ਦੀਆਂ ਬਰਕਤਾਂ ਪ੍ਰਦਾਨ ਕਰਨ ਪਿੱਛੇ ਮਧਾਣੀ ਇੱਕ ਮਹੱਤਵਪੂਰਨ ਸੰਦ ਵਜੋਂ ਕੰਮ ਕਰਦੀ ਆਈ ਹੈ। ਹੁਣ ਦੁੱਧ ਦਹੀਂ, ਮੱਖਣ, ਘਿਓ, ਪਨੀਰ, ਲੱਸੀ, ਖੀਰ ਆਦਿ ਪਦਾਰਥਾਂ ਦਾ ਉਤਪਾਦਨ ਵੱਡੀਆਂ ਵੱਡੀਆਂ ਕੰਪਨੀਆਂ ਕਰਨ ਲੱਗ ਪਈਆਂ ਹਨ ਤੇ ਇਹ ਸਾਰਾ ਕੁਝ ਵੱਡੇ ਵੱਡੇ ਬਰਾਂਡਾਂ ਦੇ ਨਾਂ ਹੇਠ ਡੱਬਾ ਬੰਦ ,ਲਿਫਾਫ਼ੇ ਬੰਦ ਤੇ ਬੰਦ ਪੈਕ ਦੇ ਵੰਨ ਸੁਵੰਨੇ ਰੂਪਾਂ ਵਿੱਚ ਉਪਲੱਬਧ ਹੋ ਜਾਂਦਾ ਹੈ। ਕਈ ਵਾਰ ਬਿਨਾਂ ਕਿਸੇ ਗੱਲ ਤੋਂ ਐਵੇਂ ਹੀ ਵਧ ਗਏ ਝਗੜੇ ਜਾਂ ਫ਼ਜ਼ੂਲ ਦੀ ਬਹਿਸ ਲਈ 'ਪਾਣੀ ਵਿੱਚ ਮਧਾਣੀ ਪਾਉਣਾ' ਮੁਹਾਵਰਾ ਆਮ ਵਰਤ ਲਿਆ ਜਾਂਦਾ ਹੈ। ਮਧਾਣੀ ਪੰਜਾਬੀ ਲੋਕ ਜੀਵਨ ਤੇ ਪੰਜਾਬੀ ਲੋਕ ਸਾਹਿਤ ਦੇ ਬਹੁਤ ਕਰੀਬ ਰਹੀ ਹੈ। ਹੁਣ ਕੁਝ ਦਿਨਾਂ ਦੀ ਇਕੱਠੀ ਕੀਤੀ ਮਲਾਈ, ਦੁੱਧ ਦੀ ਕਰੀਮ ਤੇ ਦਹੀਂ ਆਦਿ ਨੂੰ ਬਿਜਲੀ ਨਾਲ ਚੱਲਣ ਵਾਲੀਆਂ ਮਧਾਣੀਆਂ, ਮਿਕਸਚਰ, ਗਰਾਈਂਡਰ, ਬਲੈਂਡਰ ਆਦਿ ਨਾਲ ਰਿੜਕ ਕੇ ਮੱਖਣ ਬਣਾ ਲਿਆ ਜਾਂਦਾ ਹੈ। ਬਹੁਤ ਵੱਡਾ ਪਰਿਵਰਤਨ ਆ ਜਾਣ ਦੇ ਬਾਵਜੂਦ ਵੀ ਦਹੀਂ ਰਿੜਕਣ ਵਾਲੀ ਪੁਰਾਣੀ ਮਧਾਣੀ ਦੇ ਮਹੱਤਵ ਨੂੰ ਛੁਟਿਆਇਆ ਨਹੀਂ ਜਾ ਸਕਦਾ। ਮਧਾਣੀ ਕਿਸੇ ਨਾ ਕਿਸੇ ਪਰਿਵਰਤਿਤ ਰੂਪ ਵਿੱਚ ਹੁਣ ਵੀ ਲੋਕ ਜੀਵਨ ਵਿੱਚ ਇੱਕ ਮਹੱਤਵਪੂਰਨ ਸੰਦ ਦਾ ਦਰਜਾ ਰੱਖਦੀ ਹੈ।

***

## ਟੀ-20 ਵਿਸ਼ਵ ਕ੍ਰਿਕਟ ਕੱਪ 'ਚ

ਕ੍ਰਿਕਟ ਉਸ ਨੇ ਬਚਪਨ ਤੋਂ ਖੇਡਣੀ ਸ਼ੁਰੂ ਕਰ ਦਿੱਤੀ ਸੀ ਅਤੇ ਉਥੇ ਜਾ ਕੇ ਵੀ ਖੇਡਦਾ ਰਿਹਾ। ਲਿਸਟ ਏ ਕ੍ਰਿਕਟ 'ਚ ਡੈਬਿਊ 17 ਜਨਵਰੀ 2015 ਨੂੰ ਆਈਸੀਸੀ ਵਰਲਡ ਕ੍ਰਿਕਟ ਲੀਗ ਡਵੀਜ਼ਨ-2 ਰਾਹੀਂ ਕੀਤਾ।

### ਰਵਿੰਦਰਪਾਲ ਸਿੰਘ

ਕੈਨੇਡਾ ਟੀਮ ਦੇ 37 ਸਾਲਾ ਬੱਲੇਬਾਜ਼ ਰਵਿੰਦਰਪਾਲ ਸਿੰਘ ਦਾ 14 ਅਕਤੂਬਰ 1988 ਨੂੰ ਕੈਨੇਡਾ ਵਿਖੇ ਪੰਜਾਬੀ ਪਰਿਵਾਰ 'ਚ ਹੋਇਆ। ਉਸ ਨੇ ਆਪਣੇ ਘਰੇਲੂ ਕ੍ਰਿਕਟ ਕਰੀਅਰ ਦਾ ਆਗਾਜ਼ 2018 'ਚ ਵੈਨਕੂਵਰ ਨਾਈਟਸ ਦੀ ਟੀਮ ਵੱਲੋਂ ਖੇਡਦਿਆ ਕੀਤਾ। ਇਸ ਤੋਂ ਬਾਅਦ ਉਸ ਨੂੰ ਕੈਨੇਡਾ ਦੀਆਂ ਹੋਰ ਘਰੇਲੂ ਟੀਮਾਂ 'ਚ ਖੇਡਣ ਦਾ ਵੀ ਮੌਕਾ ਮਿਲਿਆ। ਉਸ ਨੇ ਆਪਣੇ ਟੀ-20 ਕੌਮਾਂਤਰੀ ਕਰੀਅਰ ਦੀ ਸ਼ੁਰੂਆਤ 18 ਅਗਸਤ 2019 'ਚ ਕੇਮੈਨ ਆਈਲੈਂਡਜ਼ ਵਿਰੁੱਧ ਖੇਡਣ ਨਾਲ ਕੀਤੀ ਜਦੋਂਕਿ ਇੱਕ ਦਿਨਾ ਕੌਮਾਂਤਰੀ ਕ੍ਰਿਕਟ ਕਰੀਅਰ ਦਾ ਆਰੰਭ 27 ਮਾਰਚ 2023 ਨੂੰ ਕੀਤਾ।

### ਕੰਵਰਪਾਲ ਸਿੰਘ ਠੱਠਗੜ੍ਹ

ਕੈਨੇਡਾ ਦੇ ਸੱਜੇ ਹੱਥ ਦੇ ਬੱਲੇਬਾਜ਼ ਤੇ ਵਿਕਟ ਕੀਪਰ 32 ਸਾਲਾ ਕੰਵਰਪਾਲ ਸਿੰਘ ਠੱਠਗੜ੍ਹ ਦਾ ਜਨਮ ਵੈਨਕੂਵਰ ਵਿਖੇ 19 ਅਪ੍ਰੈਲ 1993 ਨੂੰ ਪੰਜਾਬੀ ਪਰਿਵਾਰ 'ਚ ਹੋਇਆ। ਘਰੇਲੂ ਕਰੀਅਰ ਦੌਰਾਨ ਉਸ ਨੂੰ ਵੈਨਕੂਵਰ ਨਾਈਟਸ ਤੇ ਬਰੈਂਪਟਨ ਵੁਲਵਜ਼ ਵੱਲੋਂ ਖੇਡਣ ਦਾ ਮੌਕਾ ਮਿਲਿਆ, ਜਿਸ ਦੌਰਾਨ ਉਸ ਨੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਦੀ ਬਦੌਲਤ ਹੀ ਉਸ ਨੂੰ ਕੈਨੇਡਾ ਦੀ ਕੌਮੀ ਟੀਮ ਲਈ ਚੁਣਿਆ ਗਿਆ। ਕੰਵਰਪਾਲ ਸਿੰਘ ਨੇ ਆਪਣੇ ਟੀ-20 ਕਰੀਅਰ ਦੀ ਸ਼ੁਰੂਆਤ 19 ਅਗਸਤ 2024 ਨੂੰ ਅਮਰੀਕਾ ਦੀ ਟੀਮ ਖਿਲਾਫ ਮੈਚ ਖੇਡ ਕੇ ਕੀਤੀ ਜਦੋਂਕਿ ਇੱਕ ਦਿਨਾ ਕ੍ਰਿਕਟ ਕਰੀਅਰ ਦਾ ਆਰੰਭ 23 ਜੂਨ 2025 ਨੂੰ ਬਰਮੂਡਾ ਵਿਰੁੱਧ ਮੈਚ ਦੌਰਾਨ ਕੀਤਾ।

### ਯੁਵਰਾਜ ਸਿੰਘ ਸਮਰਾ

ਕੈਨੇਡਾ ਦੇ 19 ਸਾਲਾ ਆਲ ਰਾਊਂਡਰ ਯੁਵਰਾਜ ਸਿੰਘ ਸਮਰਾ ਦਾ ਜਨਮ 29 ਸਤੰਬਰ 2006 ਨੂੰ ਬਰੈਂਪਟਨ ਵਿਖੇ ਪੰਜਾਬੀ ਮੂਲ ਦੇ ਬਲਜੀਤ ਸਿੰਘ ਸਮਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਨੇ ਆਪਣੇ ਇਸ ਹੋਣਹਾਰ ਪੁੱਤਰ ਦਾ ਨਾਂਅ ਮਹਾਨ ਸਾਬਕਾ ਭਾਰਤੀ ਕ੍ਰਿਕਟਰ ਯੁਵਰਾਜ ਸਿੰਘ ਦੇ ਨਾਮ 'ਤੇ ਰੱਖਿਆ ਸੀ ਅਤੇ ਉਸ ਨੂੰ ਕ੍ਰਿਕਟ ਖੇਡਣ ਲਈ ਪ੍ਰੇਰਿਤ ਕਰਦੇ ਰਹੇ। ਯੁਵਰਾਜ ਸਮਰਾ ਨੇ ਘਰੇਲੂ ਕ੍ਰਿਕਟ ਦੀ ਸ਼ੁਰੂਆਤ ਟੋਰਾਂਟੋ ਡਿਸਟ੍ਰਿਕਟ ਕ੍ਰਿਕਟ ਐਸੋਸੀਏਸ਼ਨ ਵੱਲੋਂ ਖੇਡਦਿਆ ਕੀਤੀ। ਉਸ ਨੇ ਲਿਸਟ ਏ ਕ੍ਰਿਕਟ 'ਚ ਡੈਬਿਊ 18 ਫਰਵਰੀ 2025 ਨੂੰ ਜ਼ਿੰਬਾਬਵੇ-ਏ ਖ਼ਿਲਾਫ਼ ਮੈਚ ਦੌਰਾਨ ਕੀਤਾ। ਇੱਕ ਦਿਨਾ ਕੌਮਾਂਤਰੀ ਕ੍ਰਿਕਟ ਦੀ ਸ਼ੁਰੂਆਤ 5 ਮਾਰਚ 2025 ਨੂੰ ਨੀਦਰਲੈਂਡ ਖ਼ਿਲਾਫ਼ ਮੈਚ ਤੋਂ ਕੀਤੀ ਜਦੋਂਕਿ ਕੌਮਾਂਤਰੀ ਟੀ-20 'ਚ ਡੈਬਿਊ 19 ਮਾਰਚ 2025 ਨੂੰ ਨਾਬੀਮੀਆ ਵਿਰੁੱਧ ਮੈਚ ਖੇਡ ਕੇ ਕੀਤਾ।

***

## ਭਾਰਤ ਦੀ ਪ੍ਰਭੂਸੱਤਾ ਨੂੰ ਪ੍ਰਭਾਵਿਤ ਕਰੇਗਾ

ਭਾਰਤ ਦੇ ਵਣਜ ਮੰਤਰੀ ਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਨੂੰ ਵੀ ਅਜਿਹੀ ਰਿਆਇਤ ਮਿਲੇਗੀ। ਦੱਸਣਯੋਗ ਹੈ ਕਿ ਬੰਗਲਾਦੇਸ਼ ਜੋ ਕੁੱਲ 85 ਲੱਖ ਕਪਾਹ ਦੀਆਂ ਗੱਠਾਂ ਆਯਾਤ ਕਰਦਾ ਹੈ, ਉਸ 'ਚੋਂ 12 ਲੱਖ ਗੱਠਾਂ ਭਾਰਤ ਤੋਂ ਖਰੀਦਦਾ ਹੈ। ਹੁਣ ਜਦੋਂ ਅਮਰੀਕਾ ਨੇ ਐਲਾਨ ਕਰ ਦਿੱਤਾ ਹੈ ਕਿ ਜੇਕਰ ਸਾਡੀ ਕਪਾਹ ਤੋਂ ਕੱਪੜਾ ਬਣਾ ਕੇ ਭੇਜੋਗੇ ਤਾਂ ਡਿਊਟੀ ਨਹੀਂ ਲੱਗੇਗੀ, ਅਜਿਹੇ 'ਚ ਬੰਗਲਾਦੇਸ਼ੀ ਕੱਪੜਾ ਉਦਯੋਗ ਭਾਰਤ ਤੋਂ ਕਪਾਹ ਕਿਉਂ ਖਰੀਦੇਗਾ।

ਪੰਜਾਬ 'ਤੇ ਅਸਰ- ਪੰਜਾਬ ਤੇ ਸਮਝੌਤੇ ਦਾ ਅਸਿੱਧਾ ਅਸਰ ਪਹਿਲਾਂ ਹੀ ਹੈ ਕਿਉਂਕਿ ਫਸਲੀ ਵਿਭਿੰਨਤਾ ਤਹਿਤ ਫ਼ਸਲੀ ਚੱਕਰ 'ਚੋਂ ਨਿਕਲਣ ਲਈ ਮੱਕੀ ਨੂੰ ਫੀਡ ਵਜੋਂ ਵਰਤਣ ਦੀ ਵਿਉਂਤ ਸੀ। ਪੰਜਾਬ 'ਚ ਸੇਬ ਲਾਉਣ ਲਈ ਨਵੇਂ ਬੀਜ ਤਿਆਰ ਕੀਤੇ ਗਏ ਸਨ, ਪਰ ਹੁਣ ਜਦੋਂ ਹਿਮਾਚਲ ਤੇ ਕਸ਼ਮੀਰ ਦੇ ਸੇਬ ਹੀ ਘੇਰੇ 'ਚ ਆ ਜਾਣਗੇ ਤਾਂ ਫਿਰ ਪੰਜਾਬ ਦੇ ਸੇਬ ਕਿਸ ਨੇ ਖਰੀਦਣੇ ਹਨ? ਜਿਸ ਤਰ੍ਹਾਂ ਪੰਜਾਬ ਦੇ ਕਣਕ ਤੇ ਚੌਲ ਨੂੰ ਨਿੰਦਿਆ ਜਾ ਰਿਹਾ ਹੈ, ਲੱਗਦਾ ਹੈ ਕਿ ਹੌਲੀ-ਹੌਲੀ ਕਣਕ ਵੀ ਬਾਹਰੋਂ ਆਉਣ ਲੱਗੇਗੀ। ਫਿਰ ਅਸੀਂ ਬਾਜਰਾ, ਜਵਾਰ ਤੇ ਕੰਗਨੀ ਸਵਾਂਕ ਵਰਗੇ ਨਦੀਨਾਂ ਜੋਗੇ ਹੀ ਰਹਿ ਜਾਵਾਂਗੇ। ਉਂਝ ਅਜੇ ਸਮਝੌਤੇ ਦਾ ਖਰੜਾ ਸਾਹਮਣੇ ਆਉਣ 'ਤੇ ਹੀ ਪੂਰੀ ਅਸਲੀਅਤ ਦਾ ਪਤਾ ਲੱਗ ਸਕੇਗਾ।

***

## ਸਰਕਾਰ ਵੱਲੋਂ ਠੋਸ ਏ. ਆਈ. ਨੀਤੀ

ਡਾਊਨਲੋਡ ਕਰ ਕੇ ਆਪਣੇ ਮੰਚਾਂ ਉੱਤੇ ਅਪਲੋਡ ਨਾ ਕਰਨ।

ਜਥੇਦਾਰ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਵੀ ਹਦਾਇਤ ਕੀਤੀ ਕਿ ਅਜਿਹੇ ਮਾਮਲਿਆਂ ਵਿੱਚ ਸਖਤੀ ਵਰਤੀ ਜਾਵੇ ਅਤੇ ਆਪਣੇ ਆਪ ਨੋਟਿਸ ਲੈ ਕਿ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਏ ਆਈ ਤਕਨੀਕ ਦੀ ਦੁਰਵਰਤੋਂ ਕਰ ਕੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਵਰਤਾਰੇ ਨੂੰ ਠੱਲ੍ਹਣ। ਇਸ ਨੂੰ ਰੋਕਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਠੋਸ ਏ ਆਈ ਨੀਤੀ ਬਣਾਈ ਜਾਵੇ ਜਿਸ ਅਨੁਸਾਰ ਕਿਸੇ ਵੀ ਏ ਆਈ ਟੂਲ/ਸਾਫ਼ਟਵੇਅਰ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਸਮੱਗਰੀ ਨਾ ਬਣਾਈ ਜਾ ਸਕੇ ਅਤੇ ਨਾ ਹੀ ਅਪਲੋਡ ਕੀਤੀ ਜਾ ਸਕੇ।

***

## ਪੰਜਾਬ 'ਚ ਕੈਂਸਰ ਕਾਰਨ ਰੋਜ਼ਾਨਾ ਹੋ

ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿੱਚ ਕੇਸਾਂ ਦੀ ਗਿਣਤੀ 2021 ਵਿੱਚ 8,978 ਤੋਂ ਲਗਾਤਾਰ ਵਧ ਕੇ 2025 ਵਿੱਚ 9,761 ਹੋ ਗਈ।

ਆਪਣੀ ਮੁਕਾਬਲਤਨ ਘੱਟ ਆਬਾਦੀ ਦੇ ਬਾਵਜੂਦ ਚੰਡੀਗੜ੍ਹ ਵਿੱਚ ਕੈਂਸਰ ਦੇ ਕੇਸਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਗਿਆ, ਜਿੱਥੇ ਅਨੁਮਾਨਿਤ ਕੇਸ 2021 ਵਿੱਚ 1,053 ਤੋਂ ਵਧ ਕੇ 2025 ਵਿੱਚ 1,183 ਹੋ ਗਏ ਅਤੇ ਮੌਤਾਂ 582 ਤੋਂ ਵਧ ਕੇ 644 ਹੋ ਗਈਆਂ।

### ਕੌਮੀ ਪੱਧਰ 'ਤੇ ਵਧ ਰਿਹਾ ਅੰਕੜਾ

ਕੌਮੀ ਪੱਧਰ ਦੀ ਗੱਲ ਕਰੀਏ ਤਾਂ ਪੂਰੇ ਭਾਰਤ ਵਿੱਚ ਕੁੱਲ ਅਨੁਮਾਨਿਤ ਕੈਂਸਰ ਕੇਸ 2021 ਵਿੱਚ 14,26,447 ਤੋਂ ਵਧ ਕੇ 2025 ਵਿੱਚ 15,69,793 ਹੋ ਗਏ। ਦੇਸ਼ ਵਿੱਚ ਸਭ ਤੋਂ ਵੱਧ ਬੋਝ ਵਾਲੇ ਰਾਜਾਂ ਵਿੱਚ ਉੱਤਰ ਪ੍ਰਦੇਸ਼ 2025 ਵਿੱਚ 2,26,125 ਨਵੇਂ ਕੇਸਾਂ ਨਾਲ ਸੂਚੀ ਵਿੱਚ ਸਿਖਰ 'ਤੇ ਹੈ, ਜਿਸ ਤੋਂ ਬਾਅਦ ਮਹਾਰਾਸ਼ਟਰ, ਪੱਛਮੀ ਬੰਗਾਲ, ਬਿਹਾਰ ਅਤੇ ਤਾਮਿਲਨਾਡੂ ਆਉਂਦੇ ਹਨ।ਕੇਂਦਰੀ ਮੰਤਰੀ ਪ੍ਰਤਾਪ ਰਾਓ ਜਾਧਵ ਨੇ ਸੰਸਦ ਨੂੰ ਦੱਸਿਆ ਕਿ ਉਦਯੋਗਿਕ ਰਹਿੰਦ-ਖੂੰਹਦ, ਕੀਟਨਾਸ਼ਕਾਂ ਅਤੇ ਭਾਰੀ ਧਾਤਾਂ ਦੁਆਰਾ ਪਾਣੀ ਦੇ ਸਰੋਤਾਂ ਦਾ ਪ੍ਰਦੂਸ਼ਿਤ ਹੋਣਾ ਕੈਂਸਰ ਦਾ ਇੱਕ ਮਹੱਤਵਪੂਰਨ ਕਾਰਨ ਹੈ।

***

## ਅਮਰੀਕਾ ਵੱਲੋਂ 12 ਹੋਰ ਦੇਸ਼ਾਂ 'ਤੇ ਵੀਜ਼ਾਂ

ਵਾਪਸ ਮਿਲਣਗੇ ਜੇਕਰ ਵਿਅਕਤੀ ਵੀਜ਼ਾ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਦਾ ਹੈ ਅਤੇ ਸਮੇਂ ਸਿਰ ਵਾਪਸ ਆਉਂਦਾ ਹੈ।

### ਪ੍ਰੋਗਰਾਮ ਦੀ ਸਫਲਤਾ

ਸਟੇਟ ਡਿਪਾਰਟਮੈਂਟ ਦਾ ਦਾਅਵਾ ਹੈ ਕਿ ਇਹ ਬਾਂਡ ਪ੍ਰੋਗਰਾਮ ਕਾਫੀ ਪ੍ਰਭਾਵਸ਼ਾਲੀ ਸਿੱਧ ਹੋ ਰਿਹਾ ਹੈ। ਅੰਕੜਿਆਂ ਅਨੁਸਾਰ, ਲਗਭਗ 1,000 ਲੋਕਾਂ ਜਿਨ੍ਹਾਂ ਨੇ ਇਹ ਬਾਂਡ ਭਰਿਆ ਸੀ, ਉਨ੍ਹਾਂ ਵਿੱਚੋਂ 97 ਫ਼ੀਸਦੀ ਲੋਕਾਂ ਨੇ ਵੀਜ਼ਾ ਨਿਯਮਾਂ ਦੀ ਉਲੰਘਣਾ ਨਹੀਂ ਕੀਤੀ ਅਤੇ ਉਹ ਨਿਰਧਾਰਤ ਸਮੇਂ ਅੰਦਰ ਵਾਪਸ ਪਰਤ ਗਏ।

***

## ਚੋਣਾਂ 'ਚ ਨਿਭਾਉਂਦੇ ਨੇ 'ਗੇਮ ਚੇਂਜਰ' ਦੀ ਭੂਮਿਕਾ

-ਕਾਸ਼ ਪਟੇਲ ਨੂੰ ਐਫ.ਬੀ.ਆਈ. ਦਾ ਡਾਇਰੈਕਟਰ ਬਣਾਇਆ ਗਿਆ ਹੈ।

-ਡਾ. ਜੈ ਭੱਟਾਚਾਰੀਆ ਨੂੰ ਨੈਸ਼ਨਲ ਇੰਸਟੀਚਿਊਟਸ ਆਫ ਹੈਲਥ ਦੇ ਨਿਰਦੇਸ਼ਕ ਵਜੋਂ ਨਿਯੁਕਤ ਕੀਤਾ ਗਿਆ ਹੈ।

-ਸ਼੍ਰੀਰਾਮ ਕ੍ਰਿਸ਼ਨਨ ਨੂੰ ਸਰਕਾਰ ਲਈ ਏ.ਆਈ. ਨੀਤੀ ਮਾਰਗਦਰਸ਼ਨ ਲਈ ਅਹਿਮ ਭੂਮਿਕਾ ਸੌਂਪੀ ਗਈ ਹੈ। ਹਾਲਾਂਕਿ ਰਿਪੋਰਟ ਮੁਤਾਬਕ ਅਮਰੀਕਾ ਦੀਆਂ ਪ੍ਰਮੁੱਖ ਸਰਕਾਰੀ ਏਜੰਸੀਆਂ ਦੇ ਉੱਚ ਅਹੁਦਿਆਂ 'ਤੇ ਭਾਰਤੀਆਂ ਦੀ ਹਿੱਸੇਦਾਰੀ ਸਿਰਫ਼ 3 ਫ਼ੀਸਦੀ ਹੈ।

ਵਿਸ਼ਵ ਪੱਧਰੀ ਸੰਸਥਾਵਾਂ ਵਿੱਚ ਛਾਪ

ਅਮਰੀਕਾ ਤੋਂ ਇਲਾਵਾ ਭਾਰਤੀ ਮੂਲ ਦੇ ਪੇਸ਼ੇਵਰ ਵਿਸ਼ਵ ਸੰਸਥਾਵਾਂ ਵਿੱਚ ਮਹੱਤਵਪੂਰਨ ਲੀਡਰਸ਼ਿਪ ਨਿਭਾ ਰਹੇ ਹਨ:

-ਅਜੇ ਬੰਗਾ ਸਾਲ 2023 ਤੋਂ ਵਿਸ਼ਵ ਬੈਂਕ ਦੇ ਪ੍ਰਧਾਨ ਹਨ।

-ਗੀਤਾ ਗੋਪੀਨਾਥ ਆਈ.ਐਮ.ਐਫ. ਵਿੱਚ ਆਰਥਿਕ ਰਣਨੀਤੀਆਂ ਨੂੰ ਦਿਸ਼ਾ ਦੇ ਰਹੇ ਹਨ।

-ਸੌਮਿਆ ਸਵਾਮੀਨਾਥਨ ਨੇ ਵਿਸ਼ਵ ਸਿਹਤ ਸੰਗਠਨ ਵਿੱਚ ਸਿਹਤ ਖੇਤਰ ਵਿੱਚ ਅਹਿਮ ਸਹਿਯੋਗ ਦਿੱਤਾ ਹੈ।

ਚੋਣਾਂ ਵਿੱਚ 'ਗੇਮ ਚੇਂਜਰ'

ਰਿਪੋਰਟ ਕਹਿੰਦੀ ਹੈ ਕਿ ਅਮਰੀਕਾ ਦੇ ਕੁੱਲ ਵੋਟਰਾਂ ਵਿੱਚ ਭਾਰਤੀਆਂ ਦੀ ਹਿੱਸੇਦਾਰੀ ਭਾਵੇਂ 1 ਫੀਸਦੀ ਹੈ, ਪਰ ਉਹ 'ਸਵਿੰਗ ਸਟੇਟਸ' (ਜਿੱਥੇ ਨਤੀਜੇ ਬਦਲ ਸਕਦੇ ਹਨ) ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ। 2024 ਦੀਆਂ ਪ੍ਰਾਇਮਰੀ ਚੋਣਾਂ ਵਿੱਚ ਨਿੱਕੀ ਹੇਲੀ ਅਤੇ ਵਿਵੇਕ ਰਾਮਾਸਵਾਮੀ ਦੀ ਉਮੀਦਵਾਰੀ ਨੇ ਇਸ ਭਾਈਚਾਰੇ ਦੀ ਸਿਆਸੀ ਤਾਕਤ ਦਾ ਅਹਿਸਾਸ ਕਰਵਾਇਆ ਹੈ।

***

## ਸਿੱਖ ਪਛਾਣ ਦੀ ਜੰਗ: ਬ੍ਰਿਟਿਸ਼ ਪਾਰਲੀਮੈਂਟ

ਜਦ ਤੱਕ ਸਿੱਖਾਂ ਦਾ ਵੱਖਰਾ ਡੇਟਾ ਨਹੀਂ ਹੋਵੇਗਾ, ਤਦ ਤੱਕ ਉਹਨਾਂ ਲਈ ਬਣੀਆਂ ਨੀਤੀਆਂ ਵੀ ਅਧੂਰੀਆਂ ਰਹਿਣਗੀਆਂ। ਇਹ ਸਿਰਫ਼ ਗਿਣਤੀ ਦਾ ਮਸਲਾ ਨਹੀਂ—ਇਹ ਹੱਕਾਂ ਅਤੇ ਬਰਾਬਰੀ ਦਾ ਮਸਲਾ ਹੈ।

2021 ਦੀ ਜਨਗਣਨਾ ਦੌਰਾਨ ਕਈ ਸਿੱਖਾਂ ਵੱਲੋਂ ਆਪਣੀ ਨਸਲ ਸਿੱਖ ਲਿਖਣਾ ਇਹ ਸਾਬਤ ਕਰਦਾ ਹੈ ਕਿ ਕੌਮ ਆਪਣੀ ਪਛਾਣ ਬਾਰੇ ਪੂਰੀ ਤਰ੍ਹਾਂ ਜਾਗਰੂਕ ਹੈ। ਹੁਣ ਗੇਂਦ ਸਰਕਾਰ ਦੇ ਪਾਸੇ ਹੈ—ਕੀ ਉਹ ਇਸ ਸੱਚਾਈ ਨੂੰ ਮੰਨੇਗੀ ਜਾਂ ਫਿਰ ਇਸਨੂੰ ਨਜ਼ਰਅੰਦਾਜ਼ ਕਰੇਗੀ?

ਪੰਥਕ ਆਗੂਆਂ ਰਘਬੀਰ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ ਡਰਬੀ,ਰਜਿੰਦਰ ਸਿੰਘ ਪੁਰੇਵਾਲ ਦਾ ਕਹਿਣਾ ਹੈ ਕਿ ਸਿੱਖ ਪਛਾਣ ਕਿਸੇ ਹੋਰ ਦੀ ਪਰਿਭਾਸ਼ਾ ਦੀ ਮੁਹਤਾਜ ਨਹੀਂ। ਹੁਣ ਸਮਾਂ ਆ ਗਿਆ ਹੈ ਕਿ ਬ੍ਰਿਟੇਨ ਇਸ ਹਕੀਕਤ ਨੂੰ ਕਾਗਜ਼ਾਂ 'ਤੇ ਵੀ ਮੰਨੇ। ਜੇਕਰ ਉਹ ਆਪਣੇ ਆਪ ਨੂੰ ਇੱਕ ਸੱਚਾ ਬਹੁ-ਸੱਭਿਆਚਾਰਕ ਸਮਾਜ ਕਹਿਣਾ ਚਾਹੁੰਦਾ ਹੈ, ਤਾਂ ਸਿੱਖਾਂ ਨੂੰ ਉਹਨਾਂ ਦੀ ਪੂਰੀ ਪਛਾਣ ਨਾਲ ਮਾਨਤਾ ਦੇਣੀ ਹੀ ਪਵੇਗੀ।

ਸਿੱਖਾਂ ਲਈ ਇਹ ਸੰਘਰਸ਼ ਸਿਰਫ਼ ਇੱਕ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਉਣ ਤੱਕ ਸੀਮਤ ਨਹੀਂ ਹੈ; ਇਹ ਬ੍ਰਿਟੇਨ ਵਿੱਚ ਉਹਨਾਂ ਦੇ ਚਾਰ ਸਦੀਆਂ ਦੇ ਯੋਗਦਾਨ ਅਤੇ ਉਹਨਾਂ ਦੀ ਸੁਤੰਤਰ ਹੋਂਦ ਨੂੰ ਮਾਨਤਾ ਦਿਵਾਉਣ ਦਾ ਮਸਲਾ ਹੈ। 2021 ਦੀ ਜਨਗਣਨਾ ਵਿੱਚ ਇੱਕ ਲੱਖ ਸਿੱਖਾਂ ਵੱਲੋਂ ਆਪਣੀ ਨਸਲ 'ਸਿੱਖ' ਲਿਖਣਾ ਇਸ ਗੱਲ ਦਾ ਸਬੂਤ ਹੈ ਕਿ ਭਾਈਚਾਰਾ ਆਪਣੀ ਵੱਖਰੀ ਪਛਾਣ ਪ੍ਰਤੀ ਜਾਗਰੂਕ ਹੈ।

ਹੁਣ ਜਦੋਂ ਓ.ਐਨ.ਐਸ. ਆਪਣੀ ਸਮੀਖਿਆ ਪੂਰੀ ਕਰ ਰਿਹਾ ਹੈ ਅਤੇ ਨਵੀਆਂ ਸਿਫ਼ਾਰਿਸ਼ਾਂ ਆਉਣੀਆਂ ਹਨ, ਤਾਂ ਸਿੱਖ ਭਾਈਚਾਰੇ ਨੂੰ ਹੋਰ ਵੀ ਸੰਗਠਿਤ ਹੋਣ ਦੀ ਲੋੜ ਹੈ। ਇਹ ਮਾਨਤਾ ਨਾ ਸਿਰਫ਼ ਅੱਜ ਦੇ ਸਿੱਖਾਂ ਨੂੰ ਸੁਰੱਖਿਆ ਅਤੇ ਬਰਾਬਰੀ ਦੇਵੇਗੀ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਅਜਿਹਾ ਬ੍ਰਿਟੇਨ ਸਿਰਜੇਗੀ ਜਿੱਥੇ ਉਹਨਾਂ ਦੀ ਪਛਾਣ ਨੂੰ ਕਿਸੇ ਹੋਰ ਦੇ ਪਰਛਾਵੇਂ ਹੇਠ ਨਹੀਂ, ਸਗੋਂ ਆਪਣੀ ਵੱਖਰੀ ਹੋਂਦ ਵਿੱਚ ਦੇਖਿਆ ਜਾਵੇਗਾ।

***

## ਕੈਨੇਡਾ-ਭਾਰਤ ਸਬੰਧ ਸੁਧਰੇ, ਕੀ ਵਪਾਰਕ ਹਿਤਾਂ

ਭਾਰਤ ਨਾਲ ਯੂਰੇਨੀਅਮ ਅਤੇ ਖਣਿਜਾਂ ਦੇ ਸਮਝੌਤੇ ਦਰਸਾਉਂਦੇ ਹਨ ਕਿ ਕੈਨੇਡਾ ਹੁਣ ਭਾਰਤ ਵਰਗੀ ਵੱਡੀ ਆਰਥਿਕ ਸ਼ਕਤੀ ਨਾਲ ਮੱਥਾ ਲਾਉਣ ਦੇ ਹੱਕ ਵਿੱਚ ਨਹੀਂ ਹੈ। ਇਹ ਰਿਪੋਰਟ ਸਪੱਸ਼ਟ ਕਰਦੀ ਹੈ ਕਿ ਕੈਨੇਡਾ ਹੁਣ ਟਰੂਡੋ ਦੇ 'ਸਿਧਾਂਤਕ ਸਟੈਂਡ' ਤੋਂ ਪਿੱਛੇ ਹਟ ਕੇ ਵਿਵਹਾਰਕ ਰਾਜਨੀਤੀ ਵੱਲ ਵਧ ਰਿਹਾ ਹੈ। ਨਿੱਝਰ ਕਤਲ ਕਾਂਡ ਦੇ ਦੋਸ਼ਾਂ ਕਾਰਨ ਦੋਵਾਂ ਦੇਸ਼ਾਂ ਦਾ ਵਪਾਰ ਰੁਕ ਗਿਆ ਸੀ, ਜਿਸ ਦਾ ਨੁਕਸਾਨ ਕੈਨੇਡੀਅਨ ਕਾਰੋਬਾਰੀਆਂ ਨੂੰ ਹੋ ਰਿਹਾ ਸੀ। ਮਾਰਕ ਕਾਰਨੀ ਦਾ ਭਾਰਤ ਦੌਰਾ ਅਤੇ ਯੂਰੇਨੀਅਮ ਸਮਝੌਤੇ ਦਰਸਾਉਂਦੇ ਹਨ ਕਿ ਹੁਣ 'ਕੌਮੀ ਹਿੱਤ' ਨੂੰ 'ਸਿਆਸੀ ਦੋਸ਼ਾਂ' ਤੋਂ ਉੱਪਰ ਰੱਖਿਆ ਜਾ ਰਿਹਾ ਹੈ।

ਪੰਥਕ ਹਲਕਿਆਂ ਅਨੁਸਾਰ ਮਾਰਕ ਕਾਰਨੀ ਪ੍ਰਸ਼ਾਸਨ ਨੇ ਪਹਿਲਾਂ ਵਪਾਰ, ਬਾਅਦ ਵਿੱਚ ਮਨੁੱਖੀ ਅਧਿਕਾਰ ਤੇ ਇਨਸਾਫ਼ ਦੀ ਨੀਤੀ ਅਪਣਾ ਲਈ ਹੈ। ਜੇਕਰ ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕਦਾ, ਤਾਂ ਕੌਮਾਂਤਰੀ ਪੱਧਰ 'ਤੇ ਉਸ ਦੀ 'ਨਿਆਂਪਸੰਦ ਦੇਸ਼' ਵਜੋਂ ਪਛਾਣ ਖ਼ਤਰੇ ਵਿੱਚ ਪੈ ਸਕਦੀ ਹੈ। ਇਹ ਵਿਵਾਦ 2023 ਵਿੱਚ ਉਦੋਂ ਸ਼ੁਰੂ ਹੋਇਆ ਸੀ ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਭਰੋਸੇਯੋਗ ਦੋਸ਼ ਲਾਏ ਸਨ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਕੱਢ ਦਿੱਤਾ ਸੀ।

ਆਰ.ਸੀ.ਐਮ.ਪੀ. ਦਾ ਬਦਲਿਆ ਹੋਇਆ ਸੁਰ: ਨਿਆਂ ਉੱਪਰ ਇੱਕ ਸਵਾਲੀਆ ਨਿਸ਼ਾਨ ਸਾਲ 2024 ਵਿੱਚ, ਆਰ.ਸੀ.ਐਮ.ਪੀ. ਨੇ ਭਾਰਤੀ ਡਿਪਲੋਮੈਟਾਂ 'ਤੇ ਕਤਲ ਅਤੇ ਜਬਰੀ ਉਗਰਾਹੀ ਵਰਗੇ ਗੰਭੀਰ ਦੋਸ਼ ਲਾਏ ਸਨ। ਇੱਕ ਪਾਸੇ ਆਰ.ਸੀ.ਐਮ.ਪੀ. (ਪੁਲਿਸ) ਕਹਿ ਰਹੀ ਹੈ ਕਿ ਕੋਈ ਸਬੂਤ ਨਹੀਂ ਹਨ, ਪਰ ਦੂਜੇ ਪਾਸੇ ਸੀ.ਐਸ.ਆਈ.ਐਸ. (ਕੈਨੇਡੀਅਨ ਖ਼ੁਫ਼ੀਆ ਏਜੰਸੀ) ਅਜੇ ਵੀ ਭਾਰਤ ਨੂੰ ਦਖ਼ਲਅੰਦਾਜ਼ੀ ਕਰਨ ਵਾਲੇ ਦੇਸ਼ਾਂ ਵਿੱਚ ਗਿਣ ਰਹੀ ਹੈ। ਇਹ ਵਿਰੋਧਾਭਾਸ ਦਰਸਾਉਂਦਾ ਹੈ ਕਿ ਕੈਨੇਡਾ ਦੇ ਅੰਦਰੂਨੀ ਸੁਰੱਖਿਆ ਤੰਤਰ ਵਿੱਚ ਇਸ ਮੁੱਦੇ 'ਤੇ ਇੱਕ ਰਾਇ ਨਹੀਂ ਹੈ। ਅੱਜ ਕਮਿਸ਼ਨਰ ਦਾ ਇਹ ਕਹਿਣਾ ਕਿ 'ਕੜੀਆਂ ਨਹੀਂ ਜੁੜ ਰਹੀਆਂ,' ਕਈ ਸਵਾਲ ਖੜ੍ਹੇ ਕਰਦਾ ਹੈ:

ਕੀ ਪਹਿਲਾਂ ਲਾਏ ਗਏ ਦੋਸ਼ ਸਿਰਫ਼ ਕੱਚੀ ਜਾਣਕਾਰੀ 'ਤੇ ਆਧਾਰਿਤ ਸਨ?

ਕੀ ਕੈਨੇਡਾ ਦੀਆਂ ਜਾਂਚ ਏਜੰਸੀਆਂ 'ਤੇ ਨਵੀਂ ਸਰਕਾਰ ਦਾ ਸਿਆਸੀ ਦਬਾਅ ਹੈ ਤਾਂ ਜੋ ਭਾਰਤ ਨਾਲ ਵਿਗੜੇ ਸਬੰਧਾਂ ਨੂੰ ਸੁਧਾਰਿਆ ਜਾ ਸਕੇ?

***

## ਪੰਜਾਬੀਆਂ ਦੀ ਇਰਾਨ ਨਾਲ

ਤਹਿਰਾਨ ਵਿੱਚ ਸਿੱਖਾਂ ਦੀ ਗਿਣਤੀ ਹੁਣ 100 ਤੋਂ ਵੀ ਘੱਟ ਰਹਿ ਗਈ ਹੈ। ਸਿੱਖ ਕਾਰੋਬਾਰੀ ਅਮਰਦੀਪ ਸਿੰਘ ਆਨੰਦ, ਜੋ ਇਸ ਵੇਲੇ ਭਾਰਤ ਵਿੱਚ ਹਨ, ਨੇ ਦੱਸਿਆ ਕਿ ਜੰਗ ਸ਼ੁਰੂ ਹੋਣ ਵਾਲੇ ਦਿਨ ਉਨ੍ਹਾਂ ਦਾ ਸੰਪਰਕ ਉੱਥੇ ਰਹਿ ਰਹੇ ਜਾਣਕਾਰਾਂ ਨਾਲ ਹੋਇਆ ਸੀ, ਪਰ ਉਸ ਤੋਂ ਬਾਅਦ ਕੋਈ ਖ਼ਬਰ ਨਹੀਂ ਮਿਲ ਰਹੀ।

ਗੁਰਦੁਆਰਾ ਸਾਹਿਬ ਬਣਿਆ ਸਹਾਰਾ: ਸਾਲ 1941 ਵਿੱਚ ਸਥਾਪਿਤ 'ਭਾਈ ਗੰਗਾ ਸਿੰਘ ਸਭਾ ਗੁਰਦੁਆਰਾ' ਦਹਾਕਿਆਂ ਤੋਂ ਉੱਥੇ ਆਸਰੇ ਦਾ ਕੇਂਦਰ ਰਿਹਾ ਹੈ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਸੰਚਾਰ ਸਾਧਨ ਠੱਪ ਹੋਣ ਕਾਰਨ ਸਿੱਖ ਪਰਿਵਾਰਾਂ ਨੇ ਜਾਂ ਤਾਂ ਗੁਰਦੁਆਰਾ ਸਾਹਿਬ ਵਿੱਚ ਸ਼ਰਨ ਲਈ ਹੈ ਜਾਂ ਉਹ ਸ਼ਹਿਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਤਹਿਰਾਨ ਸਥਿਤ ਕੇਂਦਰੀ ਵਿਦਿਆਲਿਆ, ਜਿੱਥੇ ਭਾਰਤੀ ਬੱਚੇ ਪੜ੍ਹਦੇ ਹਨ, ਦੀ ਸਥਿਤੀ ਵੀ ਸਪਸ਼ਟ ਨਹੀਂ ਹੈ। ਸਕੂਲ ਦੀਆਂ ਸਾਰੀਆਂ ਪ੍ਰੀਖਿਆਵਾਂ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਹਨ।

### ਅੰਮ੍ਰਿਤਸਰ ਹਵਾਈ ਅੱਡੇ 'ਤੇ ਜੰਗ ਦੀ ਮਾਰ

ਇਸ ਖੇਤਰੀ ਅਸਥਿਰਤਾ ਦਾ ਸਿੱਧਾ ਅਸਰ ਪੰਜਾਬ ਦੇ ਹਵਾਈ ਸੰਪਰਕ 'ਤੇ ਪਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਦੇ ਡਾਇਰੈਕਟਰ ਭੁਪਿੰਦਰ ਸਿੰਘ ਅਨੁਸਾਰ:

ਉਡਾਣਾਂ ਰੱਦ: ਖਾੜੀ ਦੇਸ਼ਾਂ (ਦੁਬਈ, ਸ਼ਾਰਜਾਹ, ਦੋਹਾ) ਨੂੰ ਜਾਣ ਵਾਲੀਆਂ ਲਗਭਗ 11 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਰਸਤੇ ਬਦਲੇ: ਕਈ ਉਡਾਣਾਂ ਨੂੰ ਵਿਚਕਾਰੋਂ ਹੀ ਮੋੜ ਕੇ ਸੂਰਤ ਅਤੇ ਅਹਿਮਦਾਬਾਦ ਵੱਲ ਭੇਜ ਦਿੱਤਾ ਗਿਆ ਹੈ।

ਯਾਤਰੀਆਂ ਦੀ ਖ਼ੁਆਰੀ: ਹਵਾਈ ਰਸਤੇ ਬੰਦ ਹੋਣ ਕਾਰਨ ਹਜ਼ਾਰਾਂ ਯਾਤਰੀ ਹਵਾਈ ਅੱਡੇ 'ਤੇ ਫਸੇ ਹੋਏ ਹਨ, ਜਿਸ ਨਾਲ ਵਪਾਰ ਅਤੇ ਸੈਰ-ਸਪਾਟੇ ਨੂੰ ਵੱਡਾ ਝਟਕਾ ਲੱਗਿਆ ਹੈ।

RAISING VOICE FOR TRUTH
ਹੋਕਾ TV

# HOKA TV
# (ਹੋਕਾ ਟੀ.ਵੀ.)

## ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
## ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home